ਮਾਸਿਕ

# ਸੀਸ ਗੰਜ

# SIS GANJ

Volume 59 February 2022 Issue 2 Rs. 5



# ਇਸ ਮਹੀਨੇ ਦਾ ਵਿਚਾਰ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥

(ਅੰਗ ੧੩੬)

**: ਅਰਥ :**

ਫਲਗੁਣਿ ਮਹੀਨੇ ਦਾ ਉਪਦੇਸ਼ ਦਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿੱਚ ਵਾਹਿਗੁਰੂ ਸੱਜਣ ਜੀ ਆ ਪ੍ਰਗਟੇ ਹਨ, (ਉਨ੍ਹਾਂ ਨੂੰ ਹੁਣ) ਆਨੰਦ ਪਿਆ ਉਪਜਦਾ ਹੈ। ਸੰਤ ਵਾਹਿਗੁਰੂ ਮਿਲਾਪ ਦੇ ਸਹਾਈ ਹਨ, (ਉਨ੍ਹਾਂ ਨੇ) ਕਿਰਪਾ ਕਰਕੇ (ਉਹ ਵਾਹਿਗੁਰੂ) ਮਿਲਾ ਦਿੱਤਾ ਹੈ। (ਹੁਣ) ਸੁਹਾਵੀ ਸੇਜ ਮਿਲ ਗਈ ਹੈ ਤੇ ਸਾਰੇ ਸੁਖ ਪ੍ਰਾਪਤ ਹੋ ਰਹੇ ਹਨ, ਹੁਣ ਦੁੱਖਾਂ ਨੂੰ ਕਿਤੇ ਥਾਂ ਹੀ ਨਹੀਂ ਰਹੀ। (ਹੁਣ) ਪ੍ਰਕਾਸ਼ ਰੂਪ ਵਾਹਿਗੁਰੂ ਜੀ ਵਰ (=ਪਤੀ) ਮਿਲ ਗਏ ਹਨ ਤੇ (ਮੇਰੀ) ਇੱਛਾ ਪੂਰਨ ਹੋ ਗਈ ਹੈ, (ਇਸ ਕਰਕੇ) ਵੱਡੇ ਭਾਗਾਂ ਵਾਲੀ ਹੋ ਗਈ ਹਾਂ। (ਹੁਣ) ਸਖੀਆਂ (ਮਿਲ ਕੇ) ਮੰਗਲ ਗਾਉਂਦੀਆਂ ਤੇ ਗੋਵਿੰਦ ਦੇ ਗੀਤ ਅਲਾਪ ਰਹੀਆਂ ਹਨ। ਹਰੀ ਜੇਹਾ ਹੋਰ (ਕੋਈ) ਨਹੀਂ ਦਿੱਸਦਾ। (ਹੋਰ) ਕੋਈ ਦੂਜਾ (ਤਾਂ ਉਸ ਦੇ) ਲਵੇ ਹੀ ਨਹੀਂ ਲਾਇਆ ਜਾ ਸਕਦਾ (ਭਾਵ ਉਸ ਦੇ ਨਾਲ ਕਿਸੇ ਹੋਰ ਦਾ ਮੁਕਾਬਲਾ ਹੀ ਨਹੀਂ ਕੀਤਾ ਜਾ ਸਕਦਾ)। (ਵਾਹਿਗੁਰੂ ਜੀ ਨੇ) ਲੋਕ ਪ੍ਰਲੋਕ ਸਵਾਰ ਦਿੱਤਾ ਹੈ ਤੇ ਅਟੱਲ ਥਾਂ ਬਖਸ਼ ਦਿੱਤੀ ਹੈ। ਸੰਸਾਰ ਸਮੁੰਦਰ ਤੋਂ ਰੱਖ ਲਿਆ ਹੈ, (ਹੁਣ) ਜਨਮਾਂ ਵਿੱਚ ਫੇਰ ਆਉਣਾ ਜਾਣਾ ਨਹੀਂ ਹੋਏਗਾ। ਜਿਹਵਾ ਏਕ ਹੈ, ਗੁਣ ਮਾਲਕ ਦੇ ਅਨੇਕ ਹਨ, (ਅਸੀਂ ਤਾਂ) ਚਰਨੀਂ ਪੈ ਕੇ ਤਰ ਗਏ ਹਾਂ। ਹੇ ਨਾਨਕ! ਫਗਣ ਦੁਆਰਾ (ਉਪਦੇਸ਼ ਕਰਦੇ ਹਨ ਕਿ) ਜਿਸ ਨੂੰ ਤਿਲ ਜਿੰਨਾਂ ਤਮਾਂ ਨਹੀਂ, (ਉਸ ਨੂੰ) ਸਦਾ ਸਲਾਹੁਣਾ ਚਾਹੀਦਾ ਹੈ॥੧੩॥

**: ਭਾਵਾਰਥ :**

ਇਹ ਮਹੀਨਾ ਮਿਲਾਪ ਦਾ ਵਰਣਨ ਕੀਤਾ ਹੈ। ਤੁਖਾਰੀ ਦੇ ਬਾਰਹ ਮਾਹਾ ਵਿੱਚ ਗੁਰੂ ਨਾਨਕ ਦੇਵ ਜੀ ਨੇ ਵੀ ਮਿਲਾਪ ਹੀ ਦਰਸਾਇਆ ਹੈ। ਇਸ ਵਿੱਚ ਸਗਜਾਤ ਤੇ ਤਰਲੇ ਲੈਣ ਵਾਲੀ ਦਸ਼ਾ ਨੂੰ ਫੁੱਲ ਲੱਗੇ ਹਨ। ਇਸ ਵਿੱਚ ਮਿਲਾਪ ਦੇ ਵਰਣਨ ਵਿੱਚ ਉਹੋ ਉਪਦੇਸ਼ ਦਰਸਾਇਆ ਹੈ:- 1) ਸੰਤ ਸਹਾਈ ਰਾਮ ਕੇ। 2) ਕਰਿ ਕਿਰਪਾ ਦੀਆ ਮਿਲਾਇ। ਹੁਣ ਕੀ ਕਰਨਾ ਹੈ? ਉੱਤਰ: 3) ਸਤਿਸੰਗ-ਮਿਲਿ ਸਹੀਆ ਮੰਗਲੁ ਗਾਵਹੀ। 4) ਅਤੇ ਹਰੀ ਕੀਰਤਨ-ਗੀਤ ਗੋਵਿੰਦ ਅਲਾਇ।

ਟੀਕਾਕਾਰ : ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

# ਸੀਸ ਗੰਜ

ਜਿਲਦ - 59, ਨੰਬਰ - 2

ਫਰਵਰੀ - 2022, ਮਾਘ/ਫੱਗਣ 2078






ਐਡੀਟੋਰੀਅਲ ਬੋਰਡ:

ਸ. ਹਰਮੀਤ ਸਿੰਘ ਕਾਲਕਾ

ਸ. ਜਗਦੀਪ ਸਿੰਘ ਕਾਹਲੋਂ

ਸ. ਜਸਮੇਨ ਸਿੰਘ ਨੋਨੀ

ਸ. ਹਰਵਿੰਦਰ ਸਿੰਘ ਕੇ.ਪੀ.

ਸ. ਆਤਮਾ ਸਿੰਘ ਲੁਬਾਣਾ



ਮੁੱਖ ਸੰਪਾਦਕ : ਸ. ਹਰਮੀਤ ਸਿੰਘ ਕਾਲਕਾ

ਸੰਪਾਦਕ : ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ : ਸ. ਜਤਿੰਦਰਪਾਲ ਸਿੰਘ ਨਰੂਲਾ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲਿਸ਼ਰ : ਧਰਮਿੰਦਰ ਸਿੰਘ, ਜਨਰਲ ਮੈਨੇਜਰ



'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।



Printer and Publisher Dharminder Singh – General Managar for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : dsgmcdelhi@gmail.com
Website : www.dsgmc.in
For Enquiry : 23712580-81-82
23737328-29
104 (Extn.)
Total Pages : 1 to 64 (With Cover)


## ਸੀਸ ਗੰਜ ਦੇ ਇਸ ਅੰਕ ਵਿੱਚ...


ਸੰਪਾਦਕੀ

4 "ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥"



ਡਾ. ਮਨਪ੍ਰੀਤ ਸਿੰਘ

6 ਛੋਟੀ ਉਮਰ ਦੀ ਵੱਡੀ ਦਾਸਤਾਨ...



ਡਾ. ਜਸਬੀਰ ਸਿੰਘ ਸਰਨਾ

13 ਗੁਰੂ ਨਾਨਕ ਦੇਵ ਜੀ ਦੀ ਆਸਾਮ ਯਾਤਰਾ



ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

17 ਸ਼ਹਾਦਤ ਬੀਬੀ ਸ਼ਰਨ ਕੌਰ ਖਾਲਸਾ



ਸ. ਰਜਿੰਦਰ ਸਿੰਘ ਜੌਲੀ

25 ਗੁਰੂ ਗੋਬਿੰਦ ਸਿੰਘ ਗੁਰੂ ਪਿਤਾ ਦੀ ਸ਼ਹੀਦੀ ਤੋਂ ਆਪਣੀ ਸ਼ਹੀਦੀ ਤੱਕ



ਸ. ਜੋਗਿੰਦਰ ਸਿੰਘ ਸੇਠੀ

32 ਕਵਿਤਾ : ਕੁਦਰਤ ਨਾਲ ਖਿਲਵਾੜ
ਡਾ. ਅਮਨਪ੍ਰੀਤ ਸਿੰਘ

33 ਸੋਲ੍ਹਵੀਂ ਪਉੜੀ
ਸ. ਪਰਮਜੀਤ ਸਿੰਘ ਠਕਰਾਲ

ਸਰਗਰਮੀਆਂ 55
ਧਰਮ ਪ੍ਰਚਾਰ ਕਮੇਟੀ ਤੇ ਦਿ.ਸਿ.ਗੁ.ਪ੍ਰ. ਕਮੇਟੀ

ਚਿੱਠਾ ਆਮਦਨ ਖਰਚ 58
ਅਕਾਊਂਟਸ ਵਿਭਾਗ

ਸਿੱਖ ਇਤਿਹਾਸਕ ਘਟਨਾਵਾਂ 60



ਚੰਦੇ ਦਾ ਵੇਰਵਾ

| | | | |
|---|---|---|---|
| ਭੇਟਾ ਇੱਕ ਕਾਪੀ | 5/-ਰੁਪਏ | ਸਾਲਾਨਾ ਚੰਦਾ ਦੇਸ਼ | 50/-ਰੁਪਏ |
| ਲਾਈਫ਼ ਮੈਂਬਰ ਦੇਸ਼ | 500/-ਰੁਪਏ | ਸਾਲਾਨਾ ਚੰਦਾ ਵਿਦੇਸ਼ | 500/-ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/-ਰੁਪਏ | | |

ਚੰਦਾ ਭੇਜਣ ਦਾ ਪਤਾ

ਜਨਰਲ ਮੈਨੇਜਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1

ਨੋਟ : ਚੈਕ 'ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ' ਦੇ ਨਾਂਅ 'ਤੇ ਬਣਾਏ ਜਾਣ।

ਸੰਪਾਦਕੀ....

# "ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥"



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਸਿਰਫ ਸਿੱਖਾਂ ਦੇ ਧਰਮ ਗ੍ਰੰਥ ਕਰਕੇ ਨਹੀਂ ਹੈ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਵਿਚ ਦਰਜ ਬਾਣੀ ਸਾਰੀ ਮਨੁੱਖਤਾ ਲਈ ਸਰਬਸਾਂਝੀ ਅਤੇ ਸਰਬਸੁਖਦਾਈ ਹੈ। ਬਾਣੀ ਵਿਚ ਦਰਜ ਹਰ ਉਪਦੇਸ਼ ਸਰਬ ਜਾਤਿ ਅਤੇ ਹਰ ਵਰਗ ਦੇ ਲੋਕਾਂ ਲਈ ਇਕੋ ਜਿਹਾ ਹੈ। ਗੁਰੂ ਸਾਹਿਬ ਦਾ ਉਪਦੇਸ਼

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ**
**ਚਹੁ ਵਰਨਾ ਕਉ ਸਾਝਾ ॥**

ਵਾਲਾ ਕੁਲ ਲੋਕਾਈ ਨੂੰ ਸਾਂਝਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਵੇਲੇ ਧਰਤੀ ਦੀਆਂ ਵੱਖ-ਵੱਖ ਥਾਵਾਂ ਤੋਂ ਭਗਤਾਂ, ਫਕੀਰਾਂ, ਸੂਫੀ ਸੰਤਾਂ ਦੀਆਂ ਲਿਖਤਾਂ, ਪਦੇ ਅਤੇ ਸਲੋਕ ਬੜੇ ਚਾਉ ਨਾਲ ਇਕੱਤਰ ਕੀਤੇ ਅਤੇ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਅਤੇ ਸੰਕਲਨ ਦੇ ਕਾਰਜ ਨੂੰ ਸੰਪੂਰਨ ਕਰਨ ਲਗਿਆਂ ਇਨ੍ਹਾਂ ਭਗਤਾਂ, ਸੰਤਾਂ ਦੀ ਬਾਣੀ ਨੂੰ ਮਾਨਵਤਾ ਦੀ ਭਲਾਈ ਅਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦ੍ਰਿੜ੍ਹ ਕਰਦੇ ਹੋਏ ਦਰਜ਼ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ 'ਚ ਬੰਗਾਲ ਦੇ ਵੈਸ਼ਨਵ ਭਗਤ ਜੈਦੇਵ ਜੀ, ਉਤਰ ਪ੍ਰਦੇਸ਼ ਦੇ ਭਗਤ ਕਬੀਰ ਭਗਤ ਰਵਿਦਾਸ ਜੀ, ਮਹਾਰਾਸ਼ਟਰ ਦੇ ਭਗਤ ਨਾਮਦੇਵ ਜੀ, ਪੰਜਾਬ ਦੇ ਸੂਫੀ ਸੰਤ ਸ਼ੇਖ ਫਰੀਦ ਜੀ ਦੀ ਬਾਣੀ ਦਰਜ਼ ਹੈ।

ਗੁਰੂ ਅਮਰਦਾਸ ਜੀ ਸਿਰੀਰਾਗੁ ਵਿਚ ਫੁਰਮਾਉਂਦੇ ਹਨ।

**ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥**
**ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥**
**ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥**

ਗੁਰੂ ਰਾਮਦਾਸ ਸਾਹਿਬ ਜੀ ਸੂਹੀ ਰਾਗ ਵਿਚ ਭਗਤਾਂ ਦੀ ਸ਼ੋਭਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਭਗਤੀ ਦੀ ਵਡਿਆਈ ਇਨ੍ਹੀ ਕਰਾਮਾਤੀ ਹੈ ਕਿ ਇਹ ਨੀਚ ਨੂੰ ਉਚ ਖਿਨ ਵਿਚ ਬਣਾ ਦਿੰਦੀ ਹੈ।

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥**

ਭਗਤ ਰਵਿਦਾਸ ਜੀ ਦਾ ਜਨਮ ਬਨਾਰਸ ਵਿਖੇ ਮੰਡੂਰ ਪਿੰਡ ਵਿਚ ਹੋਇਆ ਦੱਸਿਆ ਜਾਂਦਾ ਹੈ। ਆਪ ਜੀ ਸੰਤ ਰਾਮਾਨੰਦ ਦੇ ਚੇਲੇ ਅਤੇ ਭਗਤ ਕਬੀਰ ਜੀ ਦੇ ਸਮਕਾਲੀ ਸਨ। ਆਪ ਜੀ ਦੁਆਰਾ ਰਚਿਤ ਸ਼ਬਦਾਂ ਤੋਂ ਗਿਆਤ ਹੁੰਦਾ ਹੈ ਕਿ ਆਪ ਦੇ ਕੁਟੰਬ ਅਤੇ ਆਪ ਬਨਾਰਸ ਦੇ ਆਸ-ਪਾਸ ਮ੍ਰਿਤਕ ਪਸ਼ੂਆਂ ਦੇ ਮਾਸ ਨੂੰ ਢੋਅ-ਢੋਅ ਕੇ ਲਿਆਇਆ ਕਰਦੇ ਸਨ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ ।।**

ਭਗਤ ਰਵਿਦਾਸ ਜੀ ਬੜੇ ਸਬਰ-ਸ਼ੁਕਰ ਅਤੇ ਸੰਤੋਖੀ ਸੁਭਾਅ ਵਾਲੇ ਮਹਾਂਪੁਰਸ਼ ਸਨ । ਆਪ ਜੀ ਦਾ ਧਿਆਨ ਜੁੱਤੀਆਂ ਗੰਢਦੇ ਵੀ ਪ੍ਰਭੂ ਚਰਨਾਂ ਵਿਚ ਜੁੜਿਆ ਰਹਿੰਦਾ ਸੀ । ਇਸ ਪ੍ਰੇਮਾ ਭਗਤੀ ਦੀ ਸ਼ੋਭਾ ਹੌਲੀ-ਹੌਲੀ ਦੂਰ-ਦੂਰ ਤਕ ਫੈਲਣੀ ਸ਼ੁਰੂ ਹੋ ਗਈ । ਆਪ ਜੀ ਦੀ ਸਮਾਜ ਵਿਚ ਨੀਵੀ ਜ਼ਾਤ ਹੋਣ ਕਰਕੇ ਬ੍ਰਾਹਮਣ ਅਤੇ ਉਚੀ ਜ਼ਾਤ ਦੇ ਲੋਕ ਆਪ ਜੀ ਤੋਂ ਬੜੀ ਈਰਖਾ ਕਰਨ ਲਗ ਗਏ ਸਨ । ਪਰ ਪ੍ਰਭੂ ਪ੍ਰੇਮ ਦੀ ਸੱਚੀ ਪ੍ਰੀਤ ਅਤੇ ਪ੍ਰਭੂ ਧਿਆਨ ਨੇ ਉਨ੍ਹਾਂ ਹੀ ਲੋਕਾਂ ਨੂੰ ਆਪ ਜੀ ਦਾ ਉਪਾਸਕ ਬਣਾ ਦਿੱਤਾ । ਵੱਡੇ-ਵੱਡੇ ਬ੍ਰਾਹਮਣ ਅਤੇ ਪੰਡਿਤ ਵੀ ਆਪ ਜੀ ਦੇ ਅੱਗੇ ਡੰਡਉਤ ਕਰਦੇ ਸਨ ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ।।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 40 ਸ਼ਬਦ ਹਨ । ਆਪ ਜੀ ਦੀ ਸਾਰੀ ਬਾਣੀ 16 ਰਾਗਾਂ ਵਿਚ ਦਰਜ਼ ਹੈ । ਇਨ੍ਹਾਂ ਸ਼ਬਦਾਂ ਵਿੱਚ ਆਪ ਜੀ ਨੇ ਬ੍ਰਹਮ, ਜੀਵਆਤਮਾ, ਹਰੀ ਨਾਮ ਦੀ ਮਹਿਮਾ, ਸਤਿ ਸੰਗਤ ਦੀ ਲੋੜ ਅਤੇ ਕਿਰਤ ਦੀ ਉਚੱਤਾ ਅਤੇ ਸੁੱਚਤਾ ਬਾਰੇ ਜ਼ੋਰ ਦਿੱਤਾ ਹੈ । ਆਪ ਜੀ ਦੀ ਬਾਣੀ ਪ੍ਰਭੂ ਦੀ ਸਚੀ ਪ੍ਰੀਤ ਨੂੰ ਹੀ ਜੀਵਨ ਦਾ ਆਧਾਰ ਮੰਨਦੀ ਹੈ । ਆਪ ਜੀ ਦੁਨਿਆਵੀ ਪ੍ਰੀਤ ਨੂੰ ਝੂਠਾ ਅਤੇ ਨਿਰੰਕਾਰੀ ਪ੍ਰੀਤ ਨੂੰ ਸੱਚਾ ਆਖਦੇ ਹੋਏ ਦੁਨਿਆਵੀ ਪ੍ਰੀਤ ਤੋਂ ਵਾਸਤਾ ਤੋੜਦੇ ਹਨ ।

**ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ ।।**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ।।**

ਆਪ ਜੀ ਅਨੁਸਾਰ ਜਿਸ ਮਨੁੱਖ ਨੇ ਵੀ ਪ੍ਰਭੂ ਨਾਲ ਸਾਚੀ ਪ੍ਰੀਤ ਕੀਤੀ ਹੈ ਉਸ ਦਾ ਸੰਸਾਰਿਕ ਦੁਖਾਂ ਦੇ ਭਵਸਾਗਰ ਤੋਂ ਪਾਰ ਉਤਾਰਾ ਹੋਇਆ ਹੈ ।

**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ।।**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ।।**

ਜਿੱਥੇ ਆਪ ਜੀ ਭਗਤੀ ਲਹਿਰ ਵਿਚ ਸਿਰਮੌਰ ਭਗਤਾਂ ਦੀ ਕਤਾਰ ਵਿਚ ਹੋ ਉਥੇ ਆਪ ਜੀ ਨੇ ਆਪਣੀ ਜਾਤ ਅਤੇ ਕਿਰਤ ਬਾਰੇ ਨਿਰਸੰਕੋਚ ਹੋ ਕੇ ਲਿਖਿਆ ਹੈ ।

**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ।।**

ਭਗਤ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਪ੍ਰਮੁੱਖਤਾ ਦਿੱਤੀ ਹੈ । ਇਸ ਭਗਤੀ ਵਿਚ ਰਸਮੀ ਪੂਜਾ ਦਾ ਕੋਈ ਸਥਾਨ ਨਹੀਂ । ਇਹ ਪੂਜਾ ਤਾਂ ਕੇਵਲ **'ਤਨੁ ਮਨੁ ਅਰਪਉ ਪੂਜ ਚਰਾਵਉ** ।। ਦੁਆਰਾ ਹੀ ਹੋ ਸਕਦੀ ਹੈ ਆਪ ਜੀ ਦੀ ਬਾਣੀ ਵਿਚ ਮਿਠਾਸ, ਸਰਲਤਾ ਅਤੇ ਉਪਭਾਵੁਕਤਾ ਹੈ । ਬੋਲੀ ਸਰਲ ਅਤੇ ਸਪੱਸ਼ਟ ਹੈ ਜਿਸ ਦਾ ਮਨ ਉਪਰ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ । ਆਪ ਜੀ ਦਾ ਸਮੁੱਚਾ ਜੀਵਨ ਸੰਘਰਸ਼ਮਈ ਰਿਹਾ । ਜੋ ਇਕ ਪਾਸੇ ਆਪ ਜੀ ਨੇ ਹੱਥੀਂ ਕੰਮ ਕਰਨ ਵਿਚ ਮਾਣ ਅਤੇ ਗੌਰਵ ਸਮਝਿਆ ਤਾਂ ਦੂਜੇ ਪਾਸੇ ਪ੍ਰਭੂ ਭਗਤੀ ਅਤੇ ਚਿੰਤਨ ਵਿਚ ਆਪਣੇ ਮਨ ਨੂੰ ਹਰ ਕਠਿਨਾਈਆਂ ਤੋਂ ਉਪਰ ਉਠ ਕੇ ਜੋੜੀ ਰਖਿਆ । ਕਰਮ ਨੂੰ ਹੀ ਧਰਮ ਸਮਝਿਆ ਅਤੇ ਸਾਰੀ ਉਮਰ ਇਸੇ ਦਾ ਅਨੁਸਰਣ ਕਰਦੇ ਰਹੇ ।

ਆਪ ਜੀ ਦੀ ਬਾਣੀ ਜਗਿਆਸੂਆਂ ਲਈ ਰਤਨਾਂ ਦੀ ਖ਼ਾਨ ਹੈ । ਆਪ ਜੀ ਦੀ ਬਾਣੀ ਵਿਚ ਮਨੁੱਖਤਾ ਕਲਿਆਣ ਅਤੇ ਮਾਨਵ ਉਧਾਰ ਦੀ ਡੂੰਘੀ ਭਾਵਨਾ ਹੈ ਜਿਸ ਵਿਚ ਨਿਮਰਤਾ, ਉਦਾਰਤਾ, ਖਿਮਾ, ਸਹਿਨਸ਼ੀਲਤਾ ਅਤੇ ਮਾਨਵ ਸੇਵਾ ਦੀ ਸੁਗੰਧਿਤ ਫੁਲਵਾੜੀ ਹੈ । ਜੋ ਕਿਸੇ ਨੂੰ ਵੀ ਲੋਕ ਅਤੇ ਪਰਲੋਕ ਦੀ ਸ਼ੋਭਾ ਦੀ ਪ੍ਰਾਪਤੀ ਲਈ ਸਾਧਨ ਬਣਦੀ ਹੈ ।

**ਨੀਚਹ ਊਚ ਕਰੈ ਮੇਰਾ ਗੋਬਿੰਦ**
**ਕਾਹੂ ਤੇ ਨ ਡਰੈ ।।**

-ਡਾ. ਮਨਪ੍ਰੀਤ ਸਿੰਘ (ਸਹਿ-ਸੰਪਾਦਕ)

ਔਰੰਗਜ਼ੇਬ ਬਾਦਸ਼ਾਹ ਵੱਲੋਂ ਆਈ ਚਿੱਠੀ ਦਾ ਜ਼ਿਕਰ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿੱਚ ਕੀਤਾ ਹੈ।

**ਨਵਿਸ਼ਤਾ ਰਸੀਦ ਬ ਗੁਫ਼ਤਾ ਜ਼ਬਾਂ**
**ਬ ਬਾਯਦ ਕਿ ਈਂ ਕਾਰ ਰਾਹਤ ਰਸਾਂ।**

ਇਸ ਚਿੱਠੀ ਦਾ ਜ਼ਿਕਰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਕਰਤਾ ਵੀ ਕਰਦਾ ਹੈ, **ਜੋ ਕਾਗਤ ਕਰ ਮੈ ਲੈ ਪਿਖਯੋ । ਪੁਨ ਔਰਗ ਕੋ ਲਿਖਯੋ ਮੰਗਾਯੋ। ਲਿਯੋ ਸੰਭਾਰ ਜੇਬ ਮਹਿ ਪਾਯੋ । ਸਭ ਕੋ ਕਹਿਯੋ ਤਿਆਰ ਹੋ ਜਾਵੋ। ਨਿਕਸਹੂ ਵਹਿਰ ਭਲੋ ਮੰਗ ਪਾਵੇ"।** (ਰਿਤੂ ਛੇਵੀਂ ਅੰਸੂ੧੦)

ਇਕ ਪਾਸੇ ਦੁਸ਼ਮਣ ਫ਼ੌਜਾਂ ਦੀ ਘੇਰਾਬੰਦੀ, ਬਿਖੜੇ ਤੇ ਭਿਆਨਕ ਰਸਤੇ, ਜੰਗਲ ਤੇ ਮੋਸਲੇਧਾਰ ਬਾਰਸ, ਕਕਰਾਲੀ ਕਾਲੀ ਘੁੱਪ ਹਨੇਰੀ ਰਾਤ ਅਤੇ ਸੂਕਦੀ-ਸਰਸਾ ਨਦੀ- ਅਤੇ ਦੂਜੇ ਪਾਸੇ ਕਲਗੀਆਂ ਵਾਲੇ ਦੀ ਦ੍ਰਿੜਤਾ, ਸਵੈ-ਵਿਸ਼ਵਾਸ, ਲੋਹ-ਸੰਕਲਪ ਤੇ ਕੁਰਬਾਨੀ ਨਾਲ ਲਟ ਲਟ ਬਦਲੇ ਹੌਸਲਿਆਂ ਨਾਲ ਲਬਰੇਜ਼ ਮੁੱਠੀ ਭਰ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ। ਇਸ ਕਾਫ਼ਲੇ ਵਿੱਚ ਤਕਰੀਬਨ 460 ਸਿੰਘ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ, ਬਾਕੀ ਸਿੱਖ ਸ਼ਾਮਲ ਸਨ। ਇਨ੍ਹਾਂ ਵਿੱਚੋਂ 40 ਸਿੰਘ ਅਜਿਹੇ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਹਲਫਨਾਮਾ ਲਿਆ ਸੀ।

**ਤਾਰੋਂ ਕੀ ਛਾਉ ਕਿਲ੍ਹੇ ਸੇ ਸਤਿਗੁਰੂਰਵਾਂ ਹੂਏ। ਕਸ ਕੇ ਕਮਰ ਸਵਾਰ ਥੇ ਸਾਰ ਜਵਾ ਹੋਏ। ਚਾਰ ਪਿਸਰ ਹਜੂਰ ਕੇ, ਹਮਰਾਹ ਸਵਾਰ ਥੇ। ਜੋਰਾਵਰ ਔਰ ਫ਼ਤਿਹ, ਅਜੀਤ ਔਰ ਜੁਝਾਰ ਥੇ।**

ਇਹ ਸਾਰਾ ਕਾਫ਼ਲਾ ਕੀਰਤਪੁਰ ਸਾਹਿਬ ਤੱਕ ਚੁਪਚਾਪ ਤੁਰਦਾ ਰਿਹਾ ਕੀਰਤਪੁਰ ਤੋਂ ਬਿਲਾਸਪੁਰ ਜਾਣ ਵਾਲਾ ਮੋੜ ਲੰਘ ਕੇ ਸਰਸਾ ਨਦੀ ਵੱਲ ਜਾ ਰਿਹਾ ਸੀ ਕਿ ਕਿਸ ਪਹਾੜੀਏ ਨੇ ਇਸ ਕਾਫ਼ਲੇ ਨੂੰ ਦੇਖ ਲਿਆ ਅਤੇ ਜਾ ਕੇ ਫ਼ੌਜਾਂ ਨੂੰ ਸੂਹ ਦਿੱਤੀ। ਸਿਘਾਂ ਨੂੰ ਪਹਾੜੀ ਫੌਜਾਂ ਦੇ ਮਗਰ ਆਉਣ ਦੀ ਇਤਲਾਹ ਝਖੀਆਂ ਪਿੰਡ ਕੋਲ ਆ ਕੇ ਮਿਲੀ ਇਹ ਖ਼ਬਰ ਮਿਲਦਿਆਂ ਹੀ ਗੁਰੂ ਸਾਹਿਬ ਨੇ ਜਾਨਬਾਜ਼ ਸਿੰਘਾਂ ਨੂੰ ਖ਼ਾਸ ਪੁਜੀਸ਼ਨ ਲੈਣ ਲਈ ਹਦਾਇਤਾਂ ਕੀਤੀਆਂ। ਭਾਈ ਉਦੈ ਸਿੰਘ ਨੂੰ 50 ਸਿੰਘਾਂ ਦਾ ਜਥਾ ਦੇ ਕੇ ਸ਼ਾਹੀ ਟਿਬੇ ਤੇ ਮੋਰਚਾ ਲਾਉਣ ਲਈ ਹੁਕਮ ਕੀਤਾ। ਭਾਈ ਜੀਵਨ ਸਿੰਘ (ਜੇਤਾ) ਨੂੰ 100 ਸਿੰਘ ਦੇ ਕੇ ਝੱਖੀਆਂ ਪਿੰਡ ਦੇ ਲਾਗੇ ਸਰਸਾ ਨਦੀ ਦੇ ਕਿਨਾਰੇ ਮੋਰਚਾ ਲਾਉਣ ਦੀ ਹਦਾਇਤ ਕੀਤੀ। ਇਕ ਸੌ (100) ਸਿੰਘਾਂ ਦਾ ਤੀਜਾ ਜਥਾ ਭਾਈ ਬਚਿੱਤਰ ਸਿੰਘ ਦੀ ਕਮਾਣ ਹਠ ਰੋਪੜ ਤੋਂ ਆ ਰਹੀ ਨਵਾਬ ਸਰਹਿੰਦ ਦੀ ਫੌਜ ਨੂੰ ਰੋਕਣ ਲਈ ਹੁਕਮ ਕੀਤਾ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਹਦਾਇਤ ਦਿੱਤੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁਢਾ ਸਿੰਘ ਦੇ ਜਥੇ ਨੂੰ ਇਤਲਾਹ ਦੇਣੀ ਕਿ ਉਹ ਸਰਸਾ ਨਦੀ ਪਾਰ ਕਰ ਕੇ ਕੋਟਲਾ ਪਿੰਡ ਵਿੱਚ ਭਾਈ ਨਿਹੰਗ ਖਾਂ ਦੇ ਕਿਲ੍ਹੇ ਵਿੱਚ ਪੁੱਜ ਜਾਣ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ, ਉਨ੍ਹਾਂ ਦੇ ਦੋ ਸੇਵਕ ਭਾਈ ਸੁੰਨਾ ਸਿੰਘ ਤੇ ਬੀਬੀ ਸੁਭਿੱਖੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਵੱਲ ਚਲੇ ਗਏ। ਮਾਤਾ ਗੁਜਰੀ ਜੀ ਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ (ਰਸੋਈਆ) ਆਪਣੇ ਪਿੰਡ ਖੇੜੀ ਲੈ ਗਿਆ। ਇਸ ਨਿਮਕ ਹਰਾਮ ਨੇ ਮਾਤਾ ਗੁਜਰੀ ਜੀ ਤੇ ਮਾਸੂਮ ਬੱਚਿਆਂ ਨੂੰ ਸਰਹਿੰਦ ਦੇ ਨਵਾਬ ਕੋਲ ਗ੍ਰਿਫ਼ਤਾਰ ਕਰਾ ਕੇ ਵੱਡੇ ਇਨਾਮ ਪ੍ਰਾਪਤ ਕੀਤੇ (ਇਸੇ ਗੰਗੂ ਦੀ ਵੰਸ਼ ਨੇ ਬਾਅਦ ਵਿੱਚ ਸਿੱਖਾਂ 'ਤੇ ਅਨੇਕਾਂ ਜ਼ੁਲਮ ਢਾਏ, ਜੋ ਇਕ ਵੱਖਰੀ ਪੁਸਤਕ ਦੀ ਮੰਗ ਕਰਦੀ ਹੈ)।

ਗੁਰੂ ਸਾਹਿਬ ਅਤੇ ਸਿੰਘਾਂ ਨੇ ਸਰਸਾ ਨਦੀ ਦੇ ਹੜਿਆਲੇ ਪਾਣੀਆਂ ਨੂੰ ਪਾਰ ਕੀਤਾ, ਕੁਝ ਸਿੰਘ ਰੁੜ੍ਹ ਵੀ ਗਏ। ਗੁਰੂ ਸਾਹਿਬ ਤੇ ਕੁਝ ਸਿੰਘ ਦਰਿਆ ਸਤਲੁਜ ਦੇ ਕਿਨਾਰੇ ਕਿਨਾਰੇ ਠੰਡੇ ਤੇ ਲੰਧੀ ਮਾਜਰਾ ਪਿੰਡਾਂ ਦੀ ਸਰਜ਼ਮੀਨ 'ਚੋਂ ਹੁੰਦੇ ਹੋਏ ਨਿਹੰਗ ਖਾਂ ਦੀ ਗੜ੍ਹੀ ਪੁੱਜੇ ਸਨ। ਦੂਜੇ ਪਾਸੇ ਬਚਿਤ੍ਰ ਸਿੰਘ ਤੇ ਉਸ ਦੇ ਜਥੇ ਦੀ ਰੋਪੜ ਨੂੰ ਜਾਂਦਿਆਂ ਮਲਕਪੁਰ ਦੇ ਰੰਗੜਾਂ ਤੇ ਰੋਪੜ ਦੇ ਪਠਾਣਾਂ ਨਾਲ ਗਹਿਗੱਚ ਲੜਾਈ ਹੋਈ। ਇਸ ਵਿੱਚ ਬਚਿਤ੍ਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਸਾਹਿਬਜ਼ਾਦਾ ਅਜੀਤ ਸਿੰਘ ਤੇ ਹੋਰ ਸਿੰਘਾਂ ਨੇ ਰਸਤੇ ਵਿੱਚ ਪਏ ਜ਼ਖ਼ਮੀ ਬਚਿਤ੍ਰ ਸਿੰਘ ਨੂੰ ਚੁੱਕ ਕੇ ਨਿਹੰਗ ਦੀ ਗੜ੍ਹੀ ਵਿੱਚ ਲੈ ਆਏ ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਸਿੰਘ ਉਡੀਕ ਕਰ ਰਹੇ ਸਨ।

ਗੁਰ ਸਾਹਿਬ ਤੇ ਸਿੰਘ ਸਾਰਾ ਦਿਨ 6 ਦਸੰਬਰ 1705 ਨੂੰ ਨਿਹੰਗ ਖਾਂ ਦੀ ਗੜ੍ਹੀ ਵਿੱਚ ਠਹਿਰੇ। ਜ਼ਖ਼ਮੀ ਭਾਈ ਬਚਿਤ੍ਰ ਸਿੰਘ ਨੂੰ ਇਲਾਜ ਲਈ ਉਥੇ ਛੱਡ, ਸਾਰੇ ਸਿੰਘ ਤੇ ਗੁਰੂ ਸਾਹਿਬ ਰਾਤ ਸਮੇਂ ਲਖਮੀਪੁਰ ਵੱਲ ਨਿਕਲ ਤੁਰੇ। ਨਿਹੰਗ ਖਾਂ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਇਕ ਕਟਾਰ ਤੇ ਢਾਲ ਬਖ਼ਸ਼ੀ। ਗੁਰੂ ਸਾਹਿਬ ਨੇ ਕੋਟਲਾ ਨਿਹੰਗ ਖਾਂ ਤੋਂ ਬੁਰ ਮਾਜਰਾ, ਮਾਛੀਵਾੜੇ

### ਮਰਦ ਵੋਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ...

# ਛੋਟੀ ਉਮਰ ਦੀ ਵੱਡੀ ਦਾਸਤਾਨ : ਦਾਸਤਾਨ-ਏ-ਸ਼ਹਾਦਤ

ਗੁਰੂ ਗੋਬਿੰਦ ਸਿੰਘ ਸਾਹਿਬ, ਇਨਕਲਾਬ ਦੀ ਸਾਕਾਰ ਮੂਰਤ, ਸਮੁੱਚੇ ਸੰਸਾਰ ਦਾ ਨੂਰ, ਤੇਜਸਵੀ ਹੁਸੀਨ ਆਤਮਾ, ਬੇਮਿਸਾਲ ਕਾਰਨਾਮਿਆਂ ਦਾ ਲਿਸ਼ਕਾਰਾ, ਨਿਡਰਤਾ ਚੜ੍ਹਦੀ ਕਲਾ , ਸੰਸਾਰ ਦੇ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ ਜਿਨ੍ਹਾਂ ਸਾਰਾ ਸਰਬੰਸ ਹੀ ਮਨੁੱਖੀ ਆਜ਼ਾਦੀ ਲਈ, ਲੋਕਾਂ ਦੀ ਮਾਨਸਿਕ ਗੁਲਾਮੀ ਨੂੰ ਪਾਸ਼ ਪਾਸ਼ ਕਰਨ ਲਈ, ਦਲੇਰੀ ਭਰੇ ਸੰਗਰਾਮ ਹੀ ਨਹੀਂ ਲੜੇ ਸਗੋਂ ਮੁਸਮਿਮ-ਦ੍ਰਿੜ ਸੰਕਲਪ ਦਾ ਨਵਾਂ ਬਾਬ ਇਤਿਹਾਸ ਵਿੱਚ ਆਣ ਜੋੜਿਆ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਹੌਸਲੇ ਤੇ ਕੁਰਬਾਨੀ ਦੀ ਸਪਿਰਿਟ ਨੇ ਸਰਬ ਸਮਿਆਂ ਲਈ ਨਿਰਭਉ ਅਤੇ ਨਿਰਵੈਰ ਹੋ ਕੇ ਜੀਵਨ ਸੰਗ੍ਰਾਮ ਵਿਚ ਜੂਝਣ ਦੀਆਂ ਪੈੜਾਂ ਉਲੀਕ ਦਿੱਤੀਆਂ। ਗੁਰੂ ਸਾਹਿਬ ਨੇ ਆਪਣੀ ਛੋਟੀ ਜਿਹੀ ਉਮਰ ਵਿੱਚ ਜੋ ਕੌਤਕ, ਕਰਤੱਬ ਤੇ ਬਖ਼ਸ਼ਿਸ਼ਾਂ ਕਰ ਕੇ ਮੁਰਦਾ ਕੌਮ ਵਿੱਚ ਅਜਿਹੀ ਰੂਹ ਫੂਕੀ, ਜੋ ਸੰਸਾਰ ਦੀ ਤਵਾਰੀਖ਼ ਦਾ ਇਕ ਅਦਭੁਤ ਕ੍ਰਿਸ਼ਮਾ ਸੀ। ਕਲਗੀਧਰ ਪਾਤਸ਼ਾਹ ਦੀ ਜ਼ਿੰਦਗੀ ਵਿੱਚ ਅਜਿਹੇ ਸਮੇਂ ਵੀ ਆਏ ਜਦੋਂ ਉਨ੍ਹਾਂ ਨੂੰ ਭੁੱਖਾਂ ਕੱਟਣੀਆਂ ਪਈਆਂ, ਪੈਰਾਂ ਵਿੱਚ ਕੰਡੇ ਵੀ ਚੁਭਵਾਏ, ਧੁਪਾਂ ਵਿੱਚ ਵੀ ਸੜੇ ਅਤੇ ਅਨੇਕਾਂ ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਪਰ ਆਪਣੇ ਮਿਸ਼ਨ ਵਿੱਚ ਕਦਮ-ਬ-ਕਦਮ ਅੱਗੇ ਹੀ ਤੁਰਦੇ ਗਏ। ਅਜਿਹੇ ਮਰਦ ਅਗੰਮੜੇ ਲਈ ਹੀ ਕਿਸੇ ਲਿਖਿਆ ਹੈ।

**ਏਕ ਵੋਹ ਹੈਂ ਜੋ ਚਲਤੇ ਹੈਂ ਜ਼ਮਾਨੇ ਕੇ ਸਾਥ ਸਾਥ**
**ਮਰਦ ਵੋਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।**

5 ਤੇ 6 ਦਸੰਬਰ 1705 ਦੀ ਤਾਰੀਕ ਹੈ। ਆਨੰਦਪੁਰ ਸਾਹਿਬ ਨੂੰ ਅੱਠ ਮਹੀਨਿਆਂ ਮੁਗ਼ਲਾਂ, ਪਹਾੜੀ ਰੰਘੜਾਂ ਤੇ ਗੁਜਰਾਂ ਨੇ ਘੇਰਿਆ ਹੋਇਆ ਹੈ। ਆਨੰਦਪੁਰ ਸਾਹਿਬ ਦੇ ਹਾਲਾਤ ਬੜੀ ਸ਼ਿੱਦਤ ਨਾਲ ਦਰਦਨਾਕ ਸਥਿਤੀ ਅਖਤਿਆਰ ਕਰ ਚੁੱਕੇ ਹਨ।ਕਿਲੇ ਅੰਦਰ ਰਾਸ਼ਨ ਪਾਣੀ ਆਉਣ ਦੇ ਸਾਰੇ ਸਾਧਨ ਦੁਸ਼ਮਣ ਫੌਜਾਂ ਨੇ ਬੰਦ ਕਰ ਦਿੱਤੇ ਹਨ। ਕਿਲ੍ਹੇ ਅੰਦਰ 460 ਦੇ ਕਰੀਬ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ ਹਨ। ਸਿੰਘ ਰੁੱਖਾਂ ਦੇ ਪੱਤਿਆਂ ਛਿੱਲੜਾਂ ਤੇ ਗੁਜ਼ਾਰਾ ਕਰ ਕੇ ਵੀ ਆਪਣਾ ਸਿਦਕ ਬਲਵਾਨ ਰੱਖ ਰਹੇ ਹਨ। ਸਿੰਘਾਂ ਨੇ ਕਿਹਾ ਅੰਦਰ ਕੁੱਝ ਘੋੜੇ ਵੀ ਮਾਰ ਕੇ ਖਾ ਲਏ ਹਨ। ਪੁਰਾਂ ਤੋਂ ਤੋਹਫ਼ੇ ਵਜੋਂ ਮਿਲਿਆ ਪਰਸਾਦੀ ਹਾਥੀ ਵੀ ਭੁੱਖਮਰੀ ਨਾਲ ਮਰ ਚੁੱਕਾ ਸੀ। ਸਿੰਘਾਂ ਕੋਲੋਂ ਹੁਣ ਹੋਰ ਭੁੱਖ ਬਰਦਾਸ਼ਤ ਨਹੀਂ ਸੀ ਹੋ ਰਹੀ। ਸਿੰਘ ਆਨੰਦਪੁਰ ਕਿਲ੍ਹੇ ਨੂੰ ਛੱਡ ਕੇ ਨਿਕਲ ਜਾਣਾ ਚਾਹੁੰਦੇ ਸਨ। ਕੁਝ ਸਿੰਘਾਂ ਨੇ ਮਾਤਾ ਗੁਜਰੀ ਜੀ ਅੱਗੇ ਫ਼ਰਿਆਦ ਕੀਤੀ। ਕਲਗੀਧਰ ਪਿਤਾ ਨੇ ਪ੍ਰਮੁੱਖ ਸਿੰਘਾਂ ਨਾਲ ਵਿਚਾਰ ਕਰ ਕੇ ਆਨੰਦਪੁਰ ਸਾਹਿਬ ਨੂੰ ਆਖਰੀ ਅਲਵਿਦਾ ਕਰਨ ਦਾ ਫੈਸਲਾ ਸੁਣਾ ਦਿੱਤਾ। ਗੁਰੂ ਸਾਹਿਬ ਨੇ ਆਪਣੀ ਮਾਤਾ ਗੁਜਰੀ ਨੂੰ ਐਸਾ ਕਹਿਆ। "ਮਾਤਾ ਜੀ ਤੁਸੀਂ ਨਿੱਕ ਨੀਂਗਰ ਨਾਲ ਲੈ ਚਾਹੀਐ ਗਇਆ। ਵੱਡੇ ਦੋਨੋਂ ਭਾਈ ਰਹਿਨ ਅਸਾਡੇ ਨਾਲ। ਤੁਸੀਂ ਪਹਿਲਾਂ ਟਰੋਂ ਪਾਉਚਾਲ॥੪੩੦॥ (ਬੰਸਾਵਲੀ ਨਾਮਾ)

ਆਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਔਰੰਗਜ਼ੇਬ ਵਲੋਂ ਆਈ ' ਚਿੱਠੀ ਪੜ੍ਹੀ . ਗੁਰੂ ਸਾਹਿਬ ਨੇ ਸਾਰਿਆਂ ਨੂੰ ਸਮਝਾ ਦਿੱਤਾ ਸੀ ਕਿ ਸਾਰੇ ਪੈਦਲ, ਇਕੱਠੇ ਜਾਣਗੇ ਅਤੇ ਰਸਤੇ ਵਿਚ ਕੋਈ ਨਹੀਂ ਰੁਕੇਗਾ। ਹਥਿਆਰਾਂ ਤੋਂ ਬਗੈਰ ਹੋਰ ਸਾਜੋ-ਸਾਮਾਨ ਨਾਲ ਲੈ ਜਾਣ ਦੀ ਸਖਤ ਮਨਾਈ ਸੀ। "ਗੁਰੂ ਜੀ ਬਾਦਸ਼ਾਹ ਔਰੰਗਜ਼ੇਬ ਕੋ ਦਖਣ ਦੇਸ਼ ਮੇਂ ਭੇਜੀ ਪਤ੍ਰਕਾ ਕੀ ਉਡੀਕ ਮੇਂ ਸਨ। ਸਾਲ ਸਤਰਾਂ ਸੈ ਬਾਸਠ ਪੋਖ ਮਾਸੇ ਦਿਹ ਪੱਚ ਗਏ ਦੱਖਣ ਦੇਸ਼ ਸੇ ਬਾਦਸ਼ਾਹ ਕਾ ਜਾ ਸ਼ਾਹੀ ਪ੍ਰਵਾਨਾ ਕੁਰਾਨ ਕੀ ਜਿਲਦ ਤੇ ਲਿਖਾ ਹੂਆ ਕਾਜ਼ੀ ਲੈ ਕੇ ਅਨੰਦਪੁਰ ਮੇਂ ਆਏ ਗਇਆ। ਗੁਰੂ ਜੀ ਨੇ ਉਦੈ ਸਿੰਘ ਆਦਿ ਮੁੱਖੀ ਸਿੰਘਾਂ ਸਾਥ ਵਿਚਾਰ ਕਰਕੇ ਫ਼ੈਸਲਾ ਕੀਆ ਕਿ ਅੱਜ ਰਾਤ ਕੇ ਸਮੇਂ ਕਿਲ੍ਹਾ ਅਨੰਦਪੁਰ ਤਿਆਗ ਦੇਣਾ ਚਾਹੀਏ"। (ਗੁਰੂ ਦੀਆਂ ਸਾਖੀਆ ਸਰੂਪ ਸਿੰਘ ਕੋਸ਼ਿਸ਼)

ਪਹਾੜੀਆਂ ਤੇ ਮੁਗ਼ਲਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਚੁੱਕੀਆਂ ਸਨ ਕਿ ਬਾਹਰ ਜਾਣ ਸਮੇਂ ਕੋਈ ਰੁਕਾਵਟ ਨਹੀਂ ਪਾਉਣਗੇ. ਕਕਰਾਲੀ ਰਾਤ ਦਾ ਹਨੇਰਾ, ਸਿਆਲ ਦੀ ਰੁੱਤ, ਮੋਸਲੇਧਾਰ ਬਾਰਸ਼, ਇਹੋ ਜਿਹੇ ਵਾਤਾਵਰਨ ਵਿੱਚ ਦੁਸ਼ਮਣ ਫ਼ੌਜਾਂ ਦੇ ਘੇਰੇ ਵਿੱਚੋਂ ਬਾਹਰ ਨਿਕਲਣਾ, ਬੜਾ ਢੁਕਵਾਂ ਸਮਾਂ ਸੀ।

ਆਦਿ ਦਿਸ਼ਾ ਵੱਲ ਜਾਣਾ ਸੀ। ਬੂਰ ਮਾਜਰਾ ਪਿੰਡ ਕੋਲ ਗੁਰੂ ਸਾਹਿਬ ਨੂੰ ਸੂਚਨਾ ਮਿਲੀ ਕਿ ਦੁਸ਼ਮਣ ਫੌਜਾਂ ਪਿੱਛਾ ਕਰ ਰਹੀਆਂ ਹਨ। ਗੁਰੂ ਸਾਹਿਬ ਨੇ ਉਸ ਸਮੇਂ ਚਮਕੌਰ ਵੱਲ ਜਾਣ ਦਾ ਫੈਸਲਾ ਕੀਤਾ। ਇਕ ਸੋਮੇਂ ਅਨੁਸਾਰ ਗੁਰੂ ਸਾਹਿਬ ਦੂਘਰੀ ਤੇ ਸ਼ਹਿਨਸ਼ਾਹ ਦੇ ਥੇਹ ਹੁੰਦੇ ਹੋਏ ਚਮਕੌਰ ਪਹੁੰਚੇ ਸਨ। ਦੁਸ਼ਮਣਾਂ ਦੀ ਫ਼ੌਜ ਬੜੀ ਰਫ਼ਤਾਰ ਨਾਲ ਪਿੱਛੇ ਆ ਰਹੀ ਸੀ ਅਤੇ ਚਮਕੌਰ ਨੂੰ ਸਾਰੀਆਂ ਦਿਸ਼ਾਵਾਂ ਵੱਲੋਂ ਘੇਰ ਲਿਆ। ਗੁਰੂ ਸਾਹਿਬ ਨੇ 'ਬੁਧੀ ਚੰਦ ਦੀ ਹਵੇਲੀ (ਚਮਕੌਰ ਦੀ ਗੜੀ) ਵਿੱਚ ਰਹਿ ਕੇ ਬੇਮਿਸਾਲ ਦਲੇਰੀ ਨਾਲ ਜਿਵੇਂ ਦੁਸ਼ਮਣ ਫ਼ੌਜਾਂ ਦਾ ਮੁਕਾਬਲਾ ਕੀਤਾ, ਉਹ ਸੰਸਾਰ ਦੀ ਜੰਗੀ-ਤਵਾਰੀਖ਼ ਦਾ ਇਕ ਅਹਿਮ ਸੁਨਹਿਰੀ ਵਰਕਾ ਹੈ।

**ਕਿਹਾ ਬੀਰ ਚਾਲੀ ਛੁਧਾਵੰਤ ਭਾਰੇ।**
**ਕਹਾ ਏਕ ਨੇ ਲਾਖ ਆਏ ਹਕਾਰੇ**
(ਗੁਰਪ੍ਰਤਾਪ ਸੂਰਜ ਗ੍ਰੰਥ, ਰਿਤ: 6)

ਇਥੇ ਇਹ ਬਾਤ ਗ਼ੌਰਤਲਬ ਹੈ ਕਿ ਆਨੰਦਪੁਰ ਸਾਹਿਬ ਦੇ ਚਾਲੀ ਮੁਕਤਿਆਂ ਵਿਚੋਂ ਚਮਕੌਰ ਪੁੱਜਣ ਤੱਕ 37 ਸਿੰਘ ਰਹਿ ਗਏ ਸਨ। ਭਾਈ ਜੀਵਨ ਸਿੰਘ, ਉਦੈ ਸਿੰਘ ਤੇ ਬਚਿੱਤਰ ਸਿੰਘ ਸ਼ਹੀਦੀ ਪ੍ਰਾਪਤ ਕਰ ਚੁੱਕੇ ਸਨ। ਜਦੋਂ ਗੁਰੂ ਸਾਹਿਬ ਚਮਕੌਰ ਪੁੱਜੇ ਸਨ ਉਸ ਸਮੇਂ ਹੋਰ ਸਿੰਘ ਵੀ ਨਾਲ ਸ਼ਾਮਲ ਹੋ ਚੁੱਕੇ ਸਨ, ਜਿਨ੍ਹਾਂ ਦੀ ਗਿਣਤੀ 47 ਹੋ ਚੁੱਕੀ ਸੀ ( 37 ਅਨੰਦਪੁਰੀ ਮੁਕਤੇ, 8 ਨਵੇਂ ਸਿੰਘ ਅਤੇ 2 ਵੱਡੇ ਸਾਹਿਬਜ਼ਾਦੇ)। ਇਸ ਲੜਾਈ ਬਾਰੇ 'ਬਚਿੱਤਰ ਨਾਟਕ ਵਿੱਚ ਜ਼ਿਕਰ ਆਉਂਦਾ ਹੈ:

**ਮਾਨੋ ਘਟਾ ਉਮਡੀ ਚਹੁੰ ਉਰ ਤੇ**
**ਉਮਡ ਦਲ ਦੂਤ ਕੇ ਆਈ।**
**ਘੇਰਿ ਲਈ ਚਮਕਉਰਾ ਸਬੇ ਸੇ**
**ਰਹਿਉ ਕਹੀਂ ਰਾਹ ਕਹੋ ਕਿਤੁ ਲਾਹੀ।**
**ਚਾਰੇ ਦਿਸ਼ਾ ਦਲ ਆਨ ਪਰੇ ਤਾ**
**ਦੇਖਤ ਸਿੰਘ ਉਠੇ ਭਭਕਾਹੀ।**
**ਸਾਹਿਬ ਸਿਉਂ ਤਬ ਲੇਤ ਖੁਸ਼ੀ ਮਨ ਮੇ**
**ਕਰ ਅਨੰਦ ਜੂਝਨ ਜਾਹੀ।**

ਚਮਕੌਰ ਦੀ ਗੜ੍ਹੀ ਵਿੱਚ ਮੁੱਠੀ ਭਰ ਸਿੰਘਾਂ ਨੇ ਬੜੀ ਬਹਾਦਰੀ ਨਾਲ ਜੰਗ ਲੜੀ ਜਿਸ ਵਿਚ 37 ਸਿੰਘਾਂ ਸਮੇਤ ਦੋ ਵੱਡੇ ਸਾਹਿਬਜ਼ਾਦਿਆਂ ਸ਼ਹੀਦੀ ਪ੍ਰਾਪਤ ਕੀਤੀ। ਰਾਤ ਸਮੇਂ (7 ਦਸੰਬਰ 1705) ਤੱਕ ਗੁਰੂਸਾਹਿਬ ਤੇ ਪੰਜ ਸਿੰਘ ਗੜ੍ਹੀ ਵਿਚ ਰਹਿ ਗਏ ਸਨ। ਰਾਤ ਸਮੇਂ ਪੰਜਾਂ ਸਿੰਘ ਨੇ ਗੁਰਮਤਾ ਕੀਤਾ ਜਿਸ ਨੂੰ ਗੁਰੂ ਸਾਹਿਬ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਪਿਆ। 7 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਤੇ ਤਿੰਨ ਸਿੰਘ, ਨਬੀ ਖਾ ਅਤੇ ਗਨੀ ਖਾਂ ਦੀ ਸਹਾਇਤਾ ਨਾਲ ਗੜੀ ਤੋਂ ਬਾਹਰ ਨਿਕਲ ਕੇਵਲ ਦੋ ਸਿੰਘ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਹੀ ਗੜੀ ਵਿੱਚ ਰਹੇ, ਜਿਨ੍ਹਾਂ ਵਿੱਚ ਭਾਈ ਸੰਗਤ ਸਿੰਘ ਕਰਤਾ ਨੂੰ ਗੁਰੂ ਸਾਹਿਬ ਨੇ ਆਪਣੀ ਕਲਗੀ, ਲਿਬਾਸ ਆਦਿ ਪਹਿਨਾਏ. ਜਦੋਂ 8 ਦਸੰਬਰ ਦੀ ਸਵੇਰ ਨੂੰ ਗੜ੍ਹੀ 'ਤੇ ਦੁਸ਼ਮਣਾ ਵੱਲੋਂ ਇਕ ਜ਼ਬਰਦਸਤ ਹਮਲਾ ਹੋਇਆ ਜਿਸ ਵਿੱਚ ਇਹ ਦੋਵੇਂ ਸਿੰਘ ਲੜਦੇ ਲੜਦੇ ਸ਼ਹੀਦੀ ਪ੍ਰਾਪਤ ਕਰ ਗਏ।

## ਸਾਹਿਬਜ਼ਾਦਾ ਅਜੀਤ ਸਿੰਘ

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਤਿੰਨ ਧਰਮ ਪਤਨੀਆਂ ਸਨ, ਮਾਤਾ ਜੀਤ ਕੌਰ, ਮਾਤਾ ਸੁੰਦਰੀ ਜਾਂ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ (ਮਾਤਾ ਜੀਤ ਕੌਰ ਦੀ ਕੁੱਖੋਂ ਸਾਹਿਬਜਾਦਾ ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਪੈਦਾ ਹੋਏ। ਮਾਤਾ ਸੁੰਦਰ ਕੌਰ ਦੀ ਕੁੱਖੋਂ ਸਾਹਿਬਜ਼ਾਦੇ ਅਜੀਤ ਸਿੰਘ 26 ਜਨਵਰੀ 1687 ਨੂੰ ਪਾਉਂਟਾ ਸਾਹਿਬ ਵਿਖੇ ਹੋਇਆ ਸੀ। । ਮਾਤਾ ਸਾਹਿਬ ਕੌਰ ਦੇ ਘਰ ਕੋਈ ਔਲਾਦ ਨਹੀਂ ਸੀ। ਸਾਹਿਬਜ਼ਾਦੇ ਅਜੀਤ ਸਿੰਘ ਤੇ ਸਾਹਿਬਜ਼ਾਦੇ ਜੁਝਾਰ ਸਿੰਘ ਨੂੰ ਸਿੱਖ ਇਤਿਹਾਸ ਵਿੱਚ ਵੱਡੇ ਸਾਹਿਬਜ਼ਾਦੇ ਕਰ ਕੇ ਯਾਦ ਕੀਤਾ ਜਾਂਦਾ ਹੈ। ਸਾਹਿਬਜ਼ਾਦੇ ਅਜੀਤ ਸਿੰਘ ਬਚਪਨ ਤੋਂ ਹੀ ਬੜੇ ਜ਼ਹੀਨ, ਗੁਰਬਾਣੀ ਨਾਲ ਸਰਸ਼ਾਰ ਅਤੇ ਫੁਰਤੀਲੇ ਸਨ। ਛੋਟੀ ਉਮਰ ਵਿੱਚ ਹੀ ਘੋੜ ਸਵਾਰੀ, ਗਤਕੇਬਾਜ਼ੀ ਅਤੇ ਬੰਦੂਕ ਚਲਾਉਣ ਵਿੱਚ ਮੁਹਾਰਤ ਹਾਸਲ ਕਰ ਲਈ ਸੀ। 23 ਮਈ 1699 ਨੂੰ ਇਕ ਸੌ ਸਿੰਘਾਂ ਦੇ ਜਥੇ ਦੀ ਕਮਾਨ ਕਰਦੇ ਹੋਏ ਨੇੜਲੇ ਪਿੰਡ ਰੰਘੜਾਂ ਦੀ ਚੰਗੀ ਭੁਗਤ ਸਵਾਰੀ ਜਿਨ੍ਹਾਂ ਇਕ ਵੇਰ ਆਨੰਦਪੁਰ ਸਾਹਿਬ ਵੱਲ ਆ ਰਹੀ ਪੋਠੋਹਾਰ ਦੀ ਸੰਗਤ ਨੂੰ ਲੁੱਟ ਲਿਆ ਸੀ।15 ਮਾਰਚ 1700 ਨੂੰ ਬਜਰੂਤ ਪਿੰਡ ਦੇ ਗੁਜਰਾਂ 'ਤੇ ਹਮਲਾ ਕੀਤਾ, ਜਿਨ੍ਹਾਂ ਇਕ ਵੇਰ ਦਰਪ ਦੀ ਸੰਗਤ ਨੂੰ ਲੁੱਟ ਲਿਆ ਸੀ। 29 ਅਗਸਤ 1700 ਨੂੰ ਤਾਰਾਗੜ੍ਹ ਕਿਲ੍ਹੇ 'ਤੇ ਪਹਾੜੀ ਰਾਜਿਆਂ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘਾਂ ਸਮੇਤ ਬਹਾਦਰੀ ਨਾਲ ਹਮਲਾ ਪਛਾੜ ਦਿੱਤਾ। ਇਸੇ ਤਰ੍ਹਾਂ ਅਕਤੂਬਰ 1700 ਨੂੰ ਦੁਬਾਰਾ ਪਹਾੜੀ ਫੌਜਾਂ ਨੇ



ਨਿਰਮੋਹਗੜ੍ਹ 'ਤੇ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਮੋਹਰੀ ਹੋ ਕੇ ਤਨਦੇਹੀ ਨਾਲ ਲੜਿਆ ਅਤੇ ਅਨੇਕਾਂ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਕ ਵੇਰ ਬ੍ਰਾਹਮਣ ਦਵਾਰਕਾ ਦਾਸ ਦੀ ਪਤਨੀ ਬਸੀ ਕਲਾਂ ਦਾ ਹਾਕਮ ਚੁੱਕ ਕੇ ਲੈ ਗਿਆ। 7 ਮਾਰਚ 1703 ਨੂੰ ਭਾਈ ਓਦੈ ਸਿੰਘ ਦੇ ਨਾਲ ਇਕ ਸੌ (100) ਸਿੰਘਾਂ ਦੇ ਜਥੇ ਨਾਲ ਸਾਹਿਬਜ਼ਾਦੇ ਨੇ ਬਸੀ ਕਲਾਂ ਤੋਂ ਬ੍ਰਾਹਮਣ ਦੀ ਪਤਨੀ ਛੁਡਾ ਕੇ ਬ੍ਰਾਹਮਣ ਦੇ ਹਵਾਲੇ ਕੀਤੀ। ਸਾਹਿਬਜ਼ਾਦੇ ਅਜੀਤ ਸਿੰਘ ਨੇ ਆਪਣੀ ਉਮਰ ਦਾ ਬਹੁਤਾ ਸਮਾਂ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਹੀ ਗੁਜ਼ਾਰਿਆ। ਮਈ 1705 ਵਿੱਚ ਜਦੋਂ ਆਨੰਦਪੁਰ ਸਾਹਿਬ ਨੂੰ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਘੇਰਾ ਪਾਇਆ ਸੀ ਤਾਂ ਆਪ ਵੀ ਉਥੇ ਸਨ। ਦੋਵੇਂ ਵੱਡੇ ਸਾਹਿਬਜ਼ਾਦੇ ਆਨੰਦਪੁਰ ਸਾਹਿਬ ਛੱਡਣ ਸਮੇਂ ਕਲਗੀਧਰ ਪਿਤਾ ਦੇ ਨਾਲ ਸਨ। ਜਦੋਂ ਚਮਕੌਰ ਦੀ ਗੜੀ ਵਿੱਚ ਚਾਲੀ ਸਿੰਘਾਂ ਨੇ ਇਕ ਜ਼ਬਰਦਸਤ ਲੜਾਈ ਲੜੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘ ਗਰਜ ਨਾਲ ਮੈਦਾਨ-ਏ-ਜੰਗ ਵਿਚ ਜਾ ਕੇ ਜੰਗੀ ਕਰਤਬ ਦਿਖਾਏ ਅਤੇ ਵੈਰੀਆਂ ਨੂੰ ਮਾਰ ਮੁਕਾਇਆ ਤਾਂ ਸਾਰੇ ਦੁਸ਼ਮਣ ਖੁਦਾ-ਖੁਦਾ ਅਲਾਪਣ ਲੱਗੇ। ਗੁਰ ਸੋਭਾ ਦਾ ਕਰਤਾ ਇਸ ਦਾ ਜ਼ਿਕਰ ਕਰਦਾ ਹੈ -

**ਲੇਤ ਪਰੋਇ ਪਠਾਨ ਕੋ ਸਭਹਨ ਸਾਂਗ ਖਿਲਾਇ।**
**ਦੇਖਤ ਹੀ ਸਭ ਕਰਤ ਹੈ ਅਰੇ ਖੁਦਾਇ ਖੁਦਾਇ ॥੨੭॥**
**ਟੂਟ ਕੈ ਸਾਗ ਦੁਇ ਟੂਕ ਹੁਇ ਭੁਇਪਰੀ,**
**ਗਹੀਂ ਤਰਵਾਰ ਦਲ ਬਹੁ ਮਾਰੇ।**
**ਦੁਇ ਕੇ ਸੀਸ ਧੁਰਿ ਕਰ ਚਾਰੇ।**
**ਭਾਂਤਿ ਇਹ ਪੂਰ ਪਰਵਾਹ ਦੀਨੇ ਕਈ,**
**ਏਕ ਕੇ ਸੀਸ ਧਰਿ ਦੁਇ ਟੁਕਰੇ ਕਰੈ,**
**ਕਰਤ ਚਰੀਆਉ ਮੈਂ ਪਰੇ ਸਾਰ ॥੩੦॥੪੦੭॥**

ਸ਼ਹੀਦੀ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਉਮਰ 18 ਸਾਲ,11 ਮਹੀਨੇ 19 ਦਿਨ ਸੀ।

## ਸਾਹਿਬਜ਼ਾਦਾ ਜੁਝਾਰ ਸਿੰਘ

ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 14 ਮਾਰਚ 1691 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁੱਖੋਂ ਆਨੰਦਪੁਰ ਸਾਹਿਬ ਵਿੱਚ ਹੋਇਆ। । ਬਚਪਨ ਤੋਂ ਹੀ ਆਪ ਜੀ ਬੜੇ ਬੁਧੀਮਾਨ, ਗੁਰਬਾਣੀ ਦੇ ਗਿਆਤਾ, ਘੋੜਸਵਾਰ : ਤੇਗਬਾਜ਼ੀ ਵਿੱਚ ਨਿਪੁੰਨ ਹੋ ਚੁੱਕੇ ਸਨ। ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਿਆ ਤਾਂ ਆਪ ਵੀ ਨਾਲ ਹਮਸਫ਼ਰ ਸਨ। ਚਮਕੌਰ ਦੀ ਜੰਗ ਸਮੇਂ ਗੜ੍ਹੀ 'ਚੋਂ ਨਿਕਲ ਕੇ ਜੰਗ ਛੱਡਦੇ



ਆਹਮੋ-ਸਾਹਮਣੀ ਲੜਾਈ ਲੜੀ। ਬਹੁਤ ਸਾਰੇ ਦੁਸ਼ਮਣ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦੀ ਪ੍ਰਾਪਤ ਕੀਤੀ।

**ਚਾਹੂੰ ਉਰ ਦਲ ਦੇਖ ਕੈ, ਨਿਕਟਿ ਪਹੂਚੇ ਆਇ**
**ਤੇਗ ਨੇਜ਼ਾ ਕਰ ਮੈਂ ਲਿਯੋ ਨਿਮਖ**
**ਬਿਲਮ ਨਹੀਂ ਲਾਇ॥੪੭।।**
**ਬਰਛਾ ਲਗਾਵੈ ਜਾਇ,**
**ਲੇਤ ਹੈ ਪਰੋਇ ਤਾਹਿ॥ (ਗੁਰ ਸੋਭਾ)**

ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੋਵੇਂ ਸਾਹਿਬਜ਼ਾਦਿਆ ਨੂੰ ਸ਼ਹੀਦੀ ਪ੍ਰੰਪਰਾ ਤੋਂ ਜਾਣੂ ਕਰਾਇਆ।

**ਹੇ ਸੁਤ ਤੁਮ ਹਮ ਕੇ ਹੋ ਪਿਆਰੇ।**
**ਤੁਰਕ ਨਾਸ ਹਿਤ ਤੁਮ ਤਨ ਧਾਰੇ**
**ਜੇ ਆਪਨੇ ਸਿਰ ਰਣ ਮੈਂ ਲਾਗੇ।**
**ਤਾਂ ਕਰ ਲਾਸ ਮਲੇਛ ਸੁਭਾਗੇ।**
**ਤੇ ਤੇ ਯਾ ਸਮ ਸਮਾ ਨ ਕੋਈ**
**ਤੁਮ ਦੋਹਹੁ ਸੰਘਰ ਭਲ ਕੋਈ।**
(ਗੁਰਬਿਲਾਸ ਪਾਤਸ਼ਾਹੀ ਦਸਵੀਂ)

ਸਿਖਰ ਦੁਪਹਿਰ ਸ਼ੁਰੂ ਹੋਈ ਇਹ ਲੜਾਈ ਸੂਰਜ ਅਲੋਪ ਹੋਣ ਤੱਕ ਹੁੰਦੀ ਰਹੀ। ਇਸ ਜੰਗ ਦਾ ਜ਼ਿਕਰ ਗੁਰੂ ਸਾਹਿਬ ਨੇ 'ਜਫਰਨਾਮੇਂ ਵਿੱਚ ਵੀ ਕੀਤਾ ਹੈ।

**'ਚਰਾਗ ਜਹਾਂ ਨੂੰ ਖ਼ੁਦ ਬੁਰਕਾ ਪੇਸ਼ ਸਾਹਿ**
**ਸਬ ਬਰਾਮ ਦਰਮਾ ਜਲਵਾ ਜਸੁ ॥੩੧॥**

"ਭਟਵਹੀ ਮੁਲਤਾਨੀ ਸਿੰਧੀ' ਵਿਚ ਇਸ ਲੜਾਈ ਦੀ ਤਫਸੀਲ ਵੀ ਮਿਲਦੀ ਹੈ। "ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇਂ ਕਾ --- ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਕ ਵੀਰਵਾਰ ਦਿਹ--- ਮੁਕਾਮ ਚਮਕੌਰ ਪਰਗਣਾ ਰੋਪੜ, ਤੁਰਕ ਫ਼ੌਜ ਗੈਲ ਸਾਮੇ, ਮਾਤੇ ਜੂਝ ਕੇ ਸ਼ਹਾਦਤਾਂ ਪਾਇ ਗਏ।ਆਗੂ ਗੁਰੂ ਕੀ ਗਤਿ ਗੁਰੂ ਜਾਣੇ। 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀ ਕਾ' ਦਾ ਕਰਤਾ ਲਿਖਦਾ ਹੈ ਕਿ ਜੁਝਾਰ ਸਿੰਘ ਨਾਲ ਪੰਝੀ ਸਿੰਘ ਮੈਦਾਨੇ-ਜੰਗ ਵਿੱਚ ਨਾਲ ਆਏ ਸਨ।

**"ਜੁਝਾਰ ਸਿੰਘ ਜੀ ਪੰਝੀ ਸਿੰਘ ਨਾਲਿ ਲੈ ਆਏ।**
**ਹਛੇ ਲੜੇ, ਤੁਰਕ ਰਾਜੇ ਮਾਰਿ ਹਟਾਏ ॥੪੫੨॥**

ਸ਼ਾਮ ਤੱਕ ਇਸ ਲੜਾਈ ਵਿਚੋਂ ਕੇਵਲ ਪੰਜ ਸਿੰਘ ਹੀ ਬਚੇ ਸਨ। ਰਾਤ ਸਮੇਂ ਗੁਰੂ ਸਾਹਿਬ ਗੜ੍ਹੀ 'ਚੋਂ ਤਿੰਨ ਸਿੰਘਾਂ ਨਾਲ ਨਿਕਲ ਗਏ।ਦੋ ਸਿੰਘ 8 ਦਸੰਬਰ, 1705 ਦੀ ਸਵੇਰ ਨੂੰ ਲੜਦੇ ਲੜਦੇ ਸ਼ਹੀਦੀ ਪਾ ਗਏ। ਇਸ ਦਾ ਜ਼ਿਕਰ ਆਹਿਕਾਮਿ-ਆਲਮਗੀਰੀ' ਦੇ ਸਫ਼ਾ 11 ਤੇ ਮਿਰਜ਼ਾ ਇਨਾਇਤੁਲਾ ਖਾਂ ਇਸਮੀ ਨੇ ਵੀ ਕੀਤਾ ਹੈ। ਸਾਹਿਬਜ਼ਾਦਾ

ਜੁਝਾਰ ਸਿੰਘ ਦੀ ਸ਼ਹੀਦੀ ਸਮੇਂ ਕੁੱਲ ਉਮਰ 14 ਸਾਲ, 9 ਮਹੀਨੇ ਅਤੇ 7 ਦਿਨ ਸੀ।

## ਸਾਹਿਬਜ਼ਾਦਾ ਜ਼ੋਰਾਵਰ ਸਿੰਘ

ਜ਼ੋਰਾਵਰ ਸਿੰਘ ਦਾ ਜਨਮ 17 ਨਵੰਬਰ, 1696 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁੱਖੋਂ ਆਨੰਦਪੁਰ ਸਾਹਿਬ ਵਿਖੇ ਹੋਇਆ। ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਹਿਰਦਾ ਸਿੱਖੀ ਸਿਪਰਿਟ ਨਾਲ ਲਟ ਲਟ ਬਲਦਾ ਸੀ। ਜਦੋਂ ਗੁਰੂ ਸਾਹਿਬ ਨੇ 5 6 ਦਸੰਬਰ, 1705 ਨੂੰ ਆਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਇਹ ਵੀ ਉਨ੍ਹਾਂ ਦੇ ਨਾਲ ਸੀ। ਦੋਵੇਂ ਛੋਟੇ ਸਾਬਿਜ਼ਾਦੇ ਮਾਤਾ ਗੁਜਰੀ ਜੀ ਨਾਲ ਹਮਸਫ਼ਰ ਹੋਏ ਸਨ। ਬੰਸਾਵਲੀ ਨਾਮੇ ਦਾ ਕਰਤਾ ਲਿਖਦਾ ਹੈ।

**"ਦੁਇ ਸਾਹਿਬਜ਼ਾਦੇ ਨਿਕਲ ਨਾਲਿ ਗਏ।**
**ਰਥ ਵਿਚਿ ਨਾਲਿ ਦਾਦੀ ਦੇ ਸੁੱਤੇ ਪਏ।(੪੪੭)**

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੇ ਸੂਕਦੀ ਸਰਸਾ ਨਦੀ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਪਾਰ ਕੀਤੀ ਤਾਂ ਇਹ ਬਾਕੀ ਕਾਫ਼ਲੇ ਨਾਲੋਂ ਵਿਛੜ ਗਏ। ਅੱਲਾ ਯਾਰ ਖਾਂ ਜੋਗੀ ਲਿਖਦਾ ਹੈ:

**ਲਖ਼ਤਿ ਜਿਗਰ ਹਜ਼ੂਰ ਕੇ ਜਿਸ ਦਮ ਵਿਛੜ ਗਏ।**
**ਪਾਉ ਵਹੀ ਵਫ਼ੂਹਿ ਮੁਹੱਬਤ ਸੇ ਗੜਵ ਗਏ।**
**ਜ਼ੋਰਾਵਰ ਔਰ ਫ਼ਤਿਹ ਕਾ, ਇਸ ਦਮ ਬਿਆਂ ਸੁਣੋ।**
**ਪਹੁੰਚੇ ਬਿਛੜ ਕੇ ਹਾਇ. ਕਹਾਂ ਸੇ ਕਹਾਂ ਸੁਨੋ।**

ਸਰਸਾ ਨਦੀ ਦੇ ਕੰਢੇ ਜੋ ਉਦੈ ਸਿੰਘ ਦੇ ਜੱਥੇ ਨੇ ਵੈਰੀਆਂ ਨਾਲ ਲੜਾਈ ਲੜੀ ਉਸ ਦਾ ਜਿਕਰ ਗੁਰੂ ਸਾਹਿਬ ਨੇ ਆਪ ਕੀਤਾ ਹੈ।

**ਸ਼ਾਹੀ ਟਿੱਬੀ ਆਨਿ ਕੈ ਖੜੇ ਤਏ ਤਿਹ ਥਾਨੁ ॥**
**ਰਾਜਾ ਅਰੁ ਤੁਰਕਾਨ ਸਬ ਨਿਕਿਟ ਪਹੁੰਚੇਆਨ॥**
**ਉਦੈ ਸਿੰਘ ਲਲਕਾਰ ਕੇ ਖੁਸ਼ੀ ਕਰੀ ਕਰਤਾਰ॥**
**ਸਫਲ ਜਨਮ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ ॥**

ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਆ ਗੰਗੂ ਬ੍ਰਾਹਮਣ ਆਪਣੇ ਨਾਲ ਪਿੰਡ ਸਹੇੜੀ (ਨੇੜੇ ਮਰਿੰਡਾ) ਲੈ ਗਿਆ। ਉਸ ਨੇ ਇਨ੍ਹਾਂ ਨੂੰ ਆਪਣੇ ਘਰ ਵਿੱਚ ਸ਼ਰਨ ਦਿੱਤੀ। ਸਵੇਰ ਹੁੰਦਿਆਂ ਹੀ ਗੰਗੂ ਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਕੇ ਸੂਬੇਦਾਰ ਵਜ਼ੀਰ ਖਾਂ ਸਰਹਿੰਦ ਦੇ ਹਵਾਲੇ ਕਰ ਦਿੱਤਾ ਅਤੇ ਸਾਰਿਆਂ ਸ਼ਾਹੀ ਕੈਦੀਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ।



ਨਵਾਬ ਵਜ਼ੀਰ ਖਾਂ ਪਾਸ ਪਕੜੇ ਗਏ,
**ਸੀਰੰਦੀ ਜਾਇ ਦਾਦੀ ਪੋਤੇ ਤਿੰਨ ਭੈਦਿ ਪਏ।(੪੪੭)**

ਦੂਜੇ ਦਿਨ ਸੂਬੇਦਾਰ ਦੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈ ਗਏ। ਜਦੋਂ ਸਾਹਿਬਜ਼ਾਦੇ ਕਚਹਿਰੀ ਵਿੱਚ ਪੇਸ਼ ਹੋਏ ਤਾਂ ਇਨ੍ਹਾਂ ਨੇ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ ਬੁਲਾਈ। ਪਹਿਲਾਂ ਇਨ੍ਹਾਂ ਦੋਵੇਂ ਮਾਸੂਮ ਬੱਚਿਆਂ ਨੂੰ ਵਾਅਦੇ ਅਤੇ ਵਰਗਲਾ ਕੇ ਮੁਸਲਮਾਨ ਧਰਮ ਕਬੂਲ ਕਰਨ ਦੀ ਪੇਸ਼ਕਤ ਕੀਤੀ ਗਈ। ਜਦੋਂ ਉਨ੍ਹਾਂ ਸਾਫ ਇਨਕਾਰ ਕਰ ਦਿੱਤਾ ਤਾਂ ਤੁਸੀਹੇ ਅਤੇ ਧਮਕੀਆਂ ਦੇਣ ਦੇ ਹਥਕੰਡੇ ਵਰਤੇ ਗਏ। ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਮਾਸੂਮ ਬੱਚਿਆਂ ਨੂੰ ਮਾਰਨ ਤੋਂ ਸੂਬੇਦਾਰ ਵਜ਼ੀਰ ਖਾਂ ਨੂੰ ਵਰਜਿਆ।ਕਚਹਿਰੀ ਵਿੱਚ ਹੀ ਮੌਜੂਦ ਸੂਬੇਦਾਰ ਦੇ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਮਾਰਨ ਲਈ ਵਜ਼ੀਰ ਖਾਂ ਨੂੰ ਉਕਸਾਇਆ।

**ਨਵਾਬ ਵਜ਼ੀਰ ਖਾਂ ਸੋ ਛਡਵੇ ਲਾਏਂ**
**ਸੁੱਚੇ ਪੁਰੀ ਨੇ ਚੁਗਲੀ ਕਰਿ ਦੋਨੇ ਮਰਿਵਾਏ---੪੭੦**
(ਬੰਸਾਵਲੀ ਨਾਮਾ)

ਸੂਬੇਦਾਰ ਵਜ਼ੀਰ ਖਾਂ ਨੇ ਮਾਸੂਮ ਬੱਚਿਆਂ ਨੂੰ ਦੀਵਾਰ ਵਿੱਚ ਜ਼ਿੰਦਾ ਚਿਣਾਉਣ ਦਾ ਆਦੇਸ਼ ਦਿੱਤਾ। ਇਹ ਘਟਨਾ 12 ਦਸੰਬਰ, 1705 ਦੀ ਹੈ। ਕੁਝ ਘੰਟਿਆਂ ਬਾਅਦ ਜਦੋਂ ਦੀਵਾਰ ਮੋਢਿਆਂ ਉਪਰ ਆ ਗਈ ਤਾਂ ਦੋਵੇਂ ਸਾਹਿਬਜ਼ਾਦਿਆਂ ਨੂੰ ਕੋਹ ਕੋਹ ਕੇ ਮਾਰਿਆ ਗਿਆ।ਸ਼ਹੀਦੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਕੁੱਲ ਉਮਰ 9 ਸਾਲ, ਇਕ ਮਹੀਨਾ ਤੇ ਪੰਜ ਦਿਨ ਸੀ।

ਸਾਹਿਬਜ਼ਾਦਾ ਫ਼ਤਹਿ ਸਿੰਘ: ਇਨ੍ਹਾਂ ਦਾ ਜਨਮ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਮਾਤਾ ਜੀਤ ਕੌਰ ਦੀ ਕੁਖੋਂ 26 ਫਰਵਰੀ, 1699 ਨੂੰ ਆਨੰਦਪੁਰ ਸਾਹਿਬ ਵਿੱਚ ਹੋਇਆ। ਮਾਤਾ ਜੀਤ ਕੌਰ ਦਾ ਦੇਹਾਂਤੋਂ . 6 ਦਸੰਬਰ 1700 ਨੂੰ ਹੋਇਆ। ਉਸ ਸਮੇਂ ਫ਼ਤਹਿ ਸਿੰਘ ਦੀ ਉਮਰ ਇਕ ਸਾਲ ਦਸ ਮਹੀਨੇ ਦੀ ਸੀ। ਇਸ ਲਈ ਇਨ੍ਹਾਂ ਦੋਵੇਂ ਛੋਟੇ ਵੀਰਾ ਦੀ ਪਰਵਰਸ਼ ਦਾਦੀ ਮਾਤਾ ਗੁਜਰੀ ਜੀ ਦੀ ਦੇਖ ਰਖ ਹੇਠ ਪ੍ਰਵਾਨ ਚੜੀ । 5-6 ਦਸੰਬਰ 1705 ਨੂੰ ਮਾਤਾ ਗੁਜਰੀ ਜੀ ਤੇ ਵੱਡੇ ਵੀਰ ਸਿੰਘ ਵੀ ਕਿਲ੍ਹੇ 'ਚ ਬਾਹਰ ਇਕੱਠੇ ਨਿਕਲੇ ਸਨ। ਬਾਅਦ ਵਿੱਚ ਸਰਸਾ ਨਦੀ ਪਾਰ ਕਰ ਕੇ ਗੰਗੂ ਬ੍ਰਾਹਮਣ ਨੇ ਸਰਹਿੰਦ ਦੇ ਸੂਬੇਦਾਰ ਕੋਲੋਂ ਸ਼ਹੀਦ ਕਰਵਾ ਛੱਡੇ ਸਨ। ਮਾਤਾ ਗੁਜਰੀ ਤੋਂ ਵਿਦਾਇਗੀ ਲੈ ਕੇ ਜਦੋਂ ਦੋਵੇਂ ਸਾਹਿਬਜ਼ਾਦੇ ਕਚਹਿਰੀ ਵੱਲ ਜਾ ਰਹੇ ਸਨ, ਕਵੀ ਅੱਲਾ ਯਾਰ ਖਾਂ ਜੋਗੀ ਨੇ ਇਹ ਦ੍ਰਿਸ਼ ਖਿਚਿਆ ਹੈ:

**ਜਾਨ ਸੇ ਪਹਿਲੇ ਆਉ ਗਲੇ ਸੇ ਲਗਾ ਤੋ ਲੂੰ।**
**ਕੇਸੋ ਕੇ ਕੰਘੀ ਕਰੋ ਜਰਾ ਮੂੰਹ ਧੁਲਾ ਤੋਂ ਲੂੰ।**
**ਪਿਆਰੇ ਸਰੌ ਪੈ ਨੰਨ੍ਹੀ ਸੀ ਕਲਗੀ ਸਹਜਾ ਤੋ ਲੂੰ।**
**ਮਰਣੇ ਸੇ ਪਹਿਲੇ ਤੁਮ ਕੋ ਮੈਂ ਦੁਲਹਾ ਬਨਾ ਤੋ ਲੂੰ।"**

ਮਾਸੂਮ ਬੱਚਿਆਂ ਨੂੰ ਬੜੇ ਲੋਭ, ਲਾਲਚ ਦਿੱਤੇ ਗਏ ਪਰ ਇਨ੍ਹਾਂ ਹਰ ਤਰ੍ਹਾਂ ਦੇ ਤਸੀਹੇ ਝੱਲ ਕੇ ਸ਼ਹਾਦਤ ਦਾ ਜਾਮ ਪੀਤਾ ਜੋ ਸੰਸਾਰ ਦੀ ਤਵਾਰੀਖ਼ ਵਿੱਚ ਅਨੋਖੀ ਅਤੇ ਬੇਮਿਸਾਲ ਹੈ। ਆਪਣੇ ਦਾਦਾ ਗੁਰੂ ਤੇਗ ਬਹਾਦਰ ਸਾਹਿਬ ਅਤੇ ਪੜਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੇ ਮਨੋਭਾਵਾਂ, ਧਰਮ ਦੀ ਵਿਚਾਰਧਾਰਾ ਤੇ ਚੱਟਾਨ ਵਾਂਗ ਖੜ੍ਹੇ ਰਹੇ ਅਤੇ ਜ਼ਾਲਮੀ ਹਾਕਮਾਂ ਦੇ ਮਨਸੂਬੇ ਚਕਨਾਚੂਰ ਕੀਤੇ। ਸੰਸਾਰ ਦੇ ਇਤਿਹਾਸ ਵਿੱਚ ਇੰਝ ਪਹਿਲੀ ਵੇਰ ਹੋਇਆ ਕਿ ਮਾਸੂਮ ਬੱਚਿਆਂ ਨੂੰ ਭਵਿੱਖ ਦੇ ਸੁਖ, ਤਸੀਹੇ ਦੀਆਂ ਧਮਕੀਆਂ ਅਤੇ ਮੌਤ ਦੇ ਡਰ ਉਨ੍ਹਾਂ ਨੂੰ ਆਪਣਾ ਗੌਰਵਮਈ ਧਰਮ ਛੱਡਣ ਲਈ ਫੁਸਲਾ ਨਾ ਸਕੇ। ਇੰਝ ਮਾਸੂਮ ਬੱਚਿਆਂ ਨੇ ਆਪਣੇ ਧਰਮ ਤੇ ਸੁਤੰਤਰਤਾ ਲਈ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ। ਇਹ ਘਟਨਾ 12 ਦਸੰਬਰ 1705 ਦੀ ਹੈ।

**ਜ਼ੋਰਾਵਰ ਸਿੰਘ ਦੇ ਪ੍ਰਾਨ ਖੰਡ ਨਾਲਿ ਬੇਗ ਛੁਟ ਗਏ।**
**ਅਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ॥੪੭॥**
(ਬੰਸਾਵਲੀ ਨਾਮਾ)

ਇਨ੍ਹਾਂ ਦੋਵੇਂ ਸਾਹਿਬਜ਼ਾਦਿਆਂ ਦੇ ਸੀਸ ਖੰਡੇ ਨਾਲ ਕੱਟ ਕੇ



ਤਸੀਹੇ ਦਿੱਤੇ ਗਏ। ਸਾਹਿਬਜ਼ਾਦਾ ਜੋਰਾਵਰ ਸਿੰਘ ਤਾਂ ਜਲਦੀ ਖੰਡੇ ਨਾਲ ਪ੍ਰਾਨ ਤਿਆਗ ਗਏ ਪਰ ਛੋਟਾ ਸਾਹਿਬਜ਼ਾਦਾ ਫ਼ਤਿਹ ਸਿੰਘ ਅੱਧੀ ਘੜੀ (ਤਕਰੀਬਨ 12 ਮਿੰਟ) ਤੱਕ ਜੀਵੰਦੇ ਅਤੇ ਚਰਨ ਮਾਰਦੇ ਰਹੇ। ਸਾਹਿਬਜ਼ਾਦਾ ਫ਼ਤਹਿ ਸਿੰਘ ਦੀ ਕੁੱਲ ਉਮਰ ਸ਼ਹੀਦੀ ਸਮੇਂ 6 ਸਾਲ, 10 ਮਹੀਨੇ 'ਤੇ 14 ਦਿਨ ਸੀ। ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮੇਂ ਵਿੱਚ ਲਿਖਿਆ ਕਿ ਕੀ ਹੋਇਆ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ ਪਰ ਅਜੇ ਕੁੰਡਲੀਦਾਰ ਨਾਗ ਰੂਪੀ ਖ਼ਾਲਸਾ ਉਜ ਦਾ ਉਜ ਹੈ।

**ਚਿਹਾ ਸੁਦ ਕਿ ਚੂੰ ਬਚੱਗਾਂ ਕੁਸ਼ਤ ਚਾਰ।**
**ਕਿ ਬਾਕੀ ਬਮਾਦਸਤ ਪੇਚੀਦ ਮਾਰ**

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਅਦ ਮਾਤਾ ਗੁਜਰੀ ਜੀ ਨੂੰ ਵੀ ਸੂਬੇਦਾਰ ਦੇ ਸਿਪਾਹੀਆਂ ਨੇ ਤਸੀਹੇ ਦੇ ਕੇ ਠੰਢੇ ਬੁਰਜ ਵਿੱਚ ਸ਼ਹੀਦ ਕਰ ਦਿੱਤਾ। ਬਾਅਦ ਵਿੱਚ ਸਰਹਿੰਦ ਦੇ ਹੀ ਇਕ ਵਪਾਰੀ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੁਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ ਅਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਇਥੇ ਹੀ ਹੁਣ ਗੁਰਦੁਆਰਾ ਫਤਿਹਗੜ ਸਾਹਿਬ ਹੈ। ਸੰਸਾਰ ਦੇ ਇਤਿਹਾਸ ਵਿੱਚ ਇਹ ਸੱਭ ਤੋਂ ਕੀਮਤੀ ਜਮੀਨ ਮੰਨੀ ਜਾਂਦੀ ਹੈ . ਸੰਸਾਰ ਵਿੱਚ ਇਸ ਅਨੋਖੀ ਘਟਨਾ ਨੂੰ ਅੱਲਾ ਯਾਰ ਖਾਂ ਜੋਗੀ ਇਸ ਸ਼ਹਾਦਤ ਨੂੰ ਸਿੱਖ ਸਲਤਨਤ ਦਾ ਨੀਂਹ ਪੱਥਰ ਕਰਾਰ ਦਿੰਦਾ ਹੈ।

**"ਹਮ ਜਾਨ ਦੇ ਕੇ ਔਰੈ ਕੀ ਜਾਨ ਬਚਾ ਚਲੇ।**

# ਗੁਰੂ ਨਾਨਕ ਦੇਵ ਜੀ ਦੀ ਆਸਾਮ ਯਾਤਰਾ



ਗੁਰਦੁਆਰਾ ਦਮਦਮਾ ਸਾਹਿਬ, ਈਸਟ ਗੈਰੋ ਹਿਲਸ

ਤੇਰਵੀ ਸ਼ਤਾਬਦੀ ਤੋਂ ਪਹਿਲਾਂ ਪੱਛਮ ਅਸਾਮ ਕਾਮਰੂਪ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਪੂਰਬ ਅਸਾਮ ਨੂੰ ਹੀ ਅਸਾਮ ਕਿਹਾ ਜਾਂਦਾ ਸੀ। ਜਨਮ ਸਾਖੀਆਂ ਵਿਚ ਕਾਮਰੂਪ ਅਤੇ ਅਸਾਮ ਬਾਰੇ ਕਾਫੀ ਚਰਚਾ ਹੈ ।ਭਾਈ ਵੀਰ ਸਿੰਘ ਦੁਆਰਾ ਸੰਪਾਦਤ ਜਨਮਸਾਖੀ ਵਿਚ 'ਤਬ ਕਾਉਰੂ ਦੇਸ ਆਇ ਨਿਕਲੇ, ਪੰਨਾ ੭੪-੭੯) ਅਤੇ ਭਾਈ ਬਾਲਾ ਵਾਲੇ ਜਨਮਸਾਖੀ ' ਅਗੇ ਕਰੂ ਦੇਸ ਜਾਇ ਪਏ' ਕਾਮਰੂਪ ਨਾਲ ਸਬੰਧਿਤ ਹਨ।ਕਾਮਰੂਪ ਬਾਰੇ 'ਏਥੋਂ ਦੀਆਂ ਜਾਦੂਗਰ ਇਸਤਰੀਆਂ', 'ਕੀੜ ਨਗਰ' 'ਵਸਦੇ ਰਹੋ' ਅਤੇ 'ਉਜੜ ਜਾਉ' ਦੀਆਂ ਸਾਖੀਆਂ ਹਨ। ਆਸਾ ਦੇਸ਼ ਬਾਰੇ 'ਸੇਖ ਫਰੀਦ ਸਾਨੀ ਨੂੰ ਮਿਲਣਾ' 'ਆਸਾਮ ਦਾ ਨਵਾਂ ਰਾਜਾ ਬਿਠਾਉਣਾ', 'ਮਰਦਾਨੇ ਨੂੰ ਅੰਮ੍ਰਿਤ ਦੀ ਦਾਤ' ਅਤੇ ਝੰਡਾ ਬਾਢੀ ਨੂੰ ਮਿਲਣਾ' ਆਦਿ ਸਾਖੀਆਂ ਹਨ।ਉਸ ਸਮੇ ਕਾਮਰੂਪ ਰਾਜ ਤੇ ਕੋਚ ਰਾਜੇ ਰਾਜ ਕਰਦੇ ਸਨ ਤੇ ਉਨ੍ਹਾਂ ਦੇ ਅਧੀਨ ਢੁਬਰੀ, ਗੁਆਲਲਪਾੜਾ, ਕੋਕਰਝਾਰ, ਬਾਰਪੇਟਾ, ਨਲਬਾਰੀ ਅਤੇ ਆਧੁਨਿਕ ਅਸਾਮ ਦਾ ਕਾਮਰੂਪ ਜਿਲ੍ਹਾ, ਉਤਰ ਬੰਗਾਲ ਦਾ ਕੁਝ ਹਿੱਸਾ ਅਤੇ ਬੰਗਲਾ ਦੇਸ਼ ਦਾ ਮੈਮਨਸਿੰਘ ਤੇ ਸਿਲਹਟ ਦਾ ਇਲਾਕਾ ਆਉਂਦਾ ਸੀ।

ਢਾਕਾ ਤੋਂ ਗੁਰੂ ਨਾਨਕ ਦੇਵ ਜੀ ਬ੍ਰਹਮਪੁਤਰ ਦੇ ਰਸਤੇ ਸਮੁੰਦਰੀ ਜਹਾਜ਼ ਰਾਹੀਂ ਮੈਮਨਸਿੰਘ ਪਹੁੰਚੇ ਤੇ ਫਿਰ ਕਿਸ਼ਤੀ ਲੈ ਕੇ ਢੁਬਰੀ ਪਹੁੰਚੇ ਜੋ ਕਿ ਗੋਪਾਲਪੁਰ ਜ਼ਿਲ੍ਹੇ ਵਿਚ ਪੈਂਦਾ ਹੈ । ਢੁਬਰੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਕਈ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਿਨ੍ਹਾਂ ਵਿਚ ਸ੍ਰੀ ਸੰਕਰਦੇਬ ਵੀ ਸਨ।ਏਥੇ ਹੀ ਨੂਰ ਸ਼ਾਹ ਜਾਦੂਗਰਨੀ ਦਾ ਨਿਸਤਾਰਾ ਕੀਤਾ।

ਭਾਈ ਵੀਰ ਸਿੰਘ ਸੰਪਾਦਿਤ ਪੁਰਾਤਨ ਜਨਮਸਾਖੀ ਵਿਚ 'ਨੂਰ ਸ਼ਾਹ ਨਿਸਤਾਰਾ' ਬਾਰੇ ਲਿਖਿਆ ਹੈ:

"ਮਰਦਾਨੇ ਨੂੰ ਭੁੱਖ ਲੱਗੀ ਅਤੇ ਉਸਨੇ ਗੁਰੂ ਸਾਹਿਬ ਤੋ ਸ਼ਹਿਰ ਜਾ ਕੇ ਕੁਝ ਖਾਣ ਲਈ ਲਿਆਉਣ ਦੀ ਆਗਿਆ ਲਈ । ਗੁਰੂ ਸਾਹਿਬ ਨੇ ਉਸਨੂੰ ਸਾਵਧਾਨ ਕੀਤਾ ਕਿ 'ਉਸ ਸ਼ਹਿਰ ਉਤੇ ਇਸਤਰੀਆਂ ਦਾ ਰਾਜ ਹੈ ਜੋ ਬੰਦੇ ਨੂੰ ਜਾਦੂ ਨਾਲ ਕਾਬੂ ਵਿਚ ਕਰ ਲੈਂਦੀਆਂ ਹਨ'। ਮਰਦਾਨਾ ਜਦ ਘਰ ਵਿੱਚ ਗਿਆ ਅਤੇ ਕੁਝ ਖਾਣਾ ਦੇਣ ਲਈ ਕਿਹਾ ਤਾਂ ਉਸ ਘਰ ਦੀ ਔਰਤ ਨੇ ਉਸਨੂੰ ਅੰਦਰ ਆਕੇ ਖਾਣਾ ਲੈ ਜਾਣ ਲਈ ਕਿਹਾ । ਜਦ ਮਰਦਾਨਾ ਅੰਦਰ ਗਿਆ ਤਾਂ ਔਰਤ ਨੇ ਜਾਦੂ ਨਾਲ ਉਸ ਨੂੰ ਕਾਬੂ ਕਰ ਲਿਆ।ਮਰਦਾਨੇ ਨੂੰ ਬਿਠਾ ਕੇ ਆਪ ਬਾਹਰੋਂ ਪਾਣੀ ਲੈਣ ਚਲੀ ਗਈ । ਜਦ ਕਾਫੀ ਦੇਰ ਮਰਦਾਨਾ ਨਾ ਆਇਆ ਤਾਂ ਗੁਰੂ ਸਾਹਿਬ ਉਸਦੀ ਤਲਾਸ਼ ਲਈ ਨਿਕਲੇ। ਲੱਭਦੇ ਲੱਭਦੇ ਉਸ ਘਰ ਪਹੁੰਚੇ ਜਿਥੇ ਮਰਦਾਨਾ ਲੇਲੇ ਵਾਂਗ ਨਿਮਾਣਾ ਹੋਇਆ ਬੈਠਾ ਸੀ।ਜਦ ਮਰਦਾਨੇ ਦੀ ਨਿਗਾਹ ਗੁਰੂ ਨਾਨਕ ਤੇ ਪਈ ਤਾਂ ਮਰਦਾਨੇ ਨੇ ਰੋਣਾਂ ਸ਼ੁਰੂ ਕਰ ਦਿਤਾ । ਏਨੇ ਨੂੰ ਉਹ ਔਰਤ ਪਾਣੀ ਲੈ ਕੇ ਵਾਪਿਸ ਆ ਗਈ । ਗੁਰੂ ਨਾਨਕ ਸਾਹਿਬ ਨੇ ਪੁਛਿਆ ਕਿ 'ਸਾਡਾ ਬੰਦਾ ਇਥੇ ਆਇਆ ਸੀ' । ਉਸਨੇ ਕਿਹਾ, 'ਨਹੀ ਇਥੇ ਕੋਈ ਨਹੀਂ ਆਇਆ ਅਪਣੇ ਆਪ ਨੂੰ ਵੇਖ ਲੈ । ਗੁਰੂ ਨਾਨਕ ਦੇਵ ਸਾਹਿਬ ਨੇ ਸ਼ਬਦ ਉਚਾਰਿਆ, **"ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ। ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਵਡਹੰਸੁ ਮ: ੧, ਅੰਗ ੫੫੭)"** ਬਾਬਾ ਜੀ ਨੂੰ ਮਰਦਾਨਾ ਨਜ਼ਰ ਪਿਆ ਤਾਂ ਉਨ੍ਹਾਂ ਨੇ ਮਰਦਾਨੇ ਉਤੇ ਪਿਆ

ਜਾਦੂ ਤੋੜਿਆ ਤੇ ਉਸ ਨੂੰ ਉਥੋਂ ਛੁਡਾਇਆ। ਏਨੇ ਨੂੰ ਬਾਕੀ ਦੀਆਂ ਜਾਦੂਗਰਨੀਆਂ ਵੀ ਆ ਇਕਠੀਆਂ ਹੋਈਆਂ ਜਿਨ੍ਹਾਂ ਵਿਚ ਉਨ੍ਹਾਂ ਦੀ ਮੁਖੀ ਨੂਰ ਸ਼ਾਹ ਵੀ ਸੀ। ਉਨ੍ਹਾਂ ਨੇ ਗੁਰੂ ਜੀ ਉਪਰ ਜਾਦੂ ਚਲਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਹਰ ਵਾਰ ਨਾਕਾਮਯਾਬ ਰਹੀਆਂ। ਆਖਰ ਨੂਰ ਸ਼ਾਹ ਨੇ ਗੁਰੂ ਜੀ ਨੂੰ ਕੀਮਤੀ ਹੀਰੇ ਜਵਾਹਰਾਤ ਭੇਟ ਕੀਤੇ ਅਤੇ ਬੇਨਤੀ ਕੀਤੀ, "ਇਨ੍ਹਾਂ ਵਿੱਚੋਂ ਜੋ ਵੀ ਚਾਹੋ ਲੈ ਲਵੋ"। ਗੁਰੂ ਜੀ ਨੇ ਸ਼ਬਦ ਉਚਾਰਿਆ,**"ਇਆਨੜੀਏ ਮਾਨੜਾ ਕਾਇ ਕਰੇਹਿ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ (ਤਿਲੰਗ, ਪੰਨਾ ੭੨੨)** ਨੂਰ ਸ਼ਾਹ ਤੇ ਉਸਦੀਆਂ ਸਾਥਣਾਂ ਗੁਰੂ ਜੀ ਦੇ ਚਰਨੀ ਆ ਪਈਆਂ ਤੇ ਮੁਕਤੀ ਦੇਣ ਲਈ ਬਿਨੈ ਕਰਨ ਲੱਗੀਆਂ। ਗੁਰੂ ਜੀ ਨੇ ਸਮਝਾਇਆ, **"ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ"॥** (ਤਿਲੰਗ, ਅੰਗ ੭੨੧) ਗੁਰੂ ਜੀ ਨੇ ਕਿਹਾ, "ਪ੍ਰਮਾਤਮਾਂ ਆਪ ਹੀ ਸਭ ਕਰਨ ਕਰਾਵਣ ਹਾਰਾ ਹੈ। ਇਹ ਜੋ ਜਾਦੂ ਆਦਿ ਦੇ ਝੰਝਟ ਵਿੱਚ ਪਈਆਂ ਹੋ ਇਸ ਸਭ ਨੂੰ ਛੱਡ ਕੇ ਸੁੱਚੇ ਮਨ ਉਸ ਨੂੰ ਧਿਆਉ, ਉਹ ਸਭ ਦੀ ਸੁਣਦਾ ਹੈ, ਸੱਚੇ ਮਨ ਨਾਲ ਜੁੜੇ ਨੂੰ ਉਹ ਆਪ ਹੀ ਤਾਰ ਦਿੰਦਾ ਹੈ"। ਇਹ ਸੁਣ ਕੇ ਨੂਰ ਸ਼ਾਹ ਸਮੇਤ ਸਾਰੀਆਂ ਜਾਦੂਗਰਨੀਆਂ ਗੁਰੂ ਜੀ ਦੀ ਚਰਨੀਂ ਲੱਗੀਆਂ ਤੇ ਗੁਰੂ ਜੀ ਦੀਆਂ ਦਿਤੀਆਂ ਸਿਖਿਆਂਵਾਂ ਤੇ ਚੱਲਣ ਦਾ ਵਾਅਦਾ ਕੀਤਾ।

ਇਹ ਇਲਾਕੇ ਉਨ੍ਹੀ ਦਿਨੀਂ ਗਾਰੋ ਕਬੀਲੇ ਦੇ ਅਧੀਨ ਸਨ। ਗਾਰੋ ਕਬੀਲੇ ਵਿਚ ਇਸਤਰੀਆਂ ਹੀ ਘਰ ਦੀਆਂ ਪ੍ਰਧਾਨ ਹੁੰਦੀਆਂ ਹਨ ਤੇ ਰਾਜ ਕਾਜ ਵੀ ਸੰਭਾਲ ਦੀਆਂ ਹਨ। ਨੂਰ ਸ਼ਾਹ ਤੇ ਉਹ ਸਭ ਇਸਤਰੀਆਂ ਗਾਰੋ ਕਬੀਲੇ ਦੀਆਂ ਸਨ। ਢੁਬਰੀ ਵਿਚੇ ਬ੍ਰਹਮਪੁਤਰ ਨਦੀ ਦੇ ਕੰਢੇ ਤੇ ਕਈ ਟਿੱਲੇ ਹਨ ਇਕ ਟਿੱਲੇ ਤੇ ਜਿਥੇ ਗੁਰੂ ਜੀ ਧਿਆਨ ਲਾ ਕੇ ਟਿਕੇ ਏਸ ਥਾਂ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰ ਦਮਦਮਾ ਸਾਹਿਬ, ਗਾਰੋ ਹਿਲਜ਼, ਢੁੱਬਰੀ ਬਣਾਇਆ ਗਿਆ।

ਬ੍ਰਹਮਪੁਤਰ ਨਦੀ ਦੇ ਕੰਢੇ ਤੇ ਹੀ ਗੁਰੂ ਜੀ ਦੀ ਆਸਾਮ ਦੇ ਪ੍ਰਸਿੱਧ ਸੰਤ ਸ੍ਰੀਮੰਤ ਸੰਕਰ ਦੇਬ ਨਾਲ ਵਿਚਾਰ ਗੋਸ਼ਟੀ ਹੋਈ। ਸ੍ਰੀਮੰਤ ਸੰਕਰ ਦੇਬ ਅਸਾਮ ਵਿਚ ਇਕ ਜਾਣਿਆ ਪਹਿਚਾਣਿਆ ਨਾਮ ਹੈ । ਉਹਨਾਂ ਦਾ ਜਨਮ ਨਉਗਾਉਂ ਜ਼ਿਲੇ ਦੇ ਪਿੰਡ ਬਰਦੋਆ ਵਿੱਚ ਹੋਇਆ ਅਤੇ ਉਨ੍ਹਾਂ ਦਾ ਪਾਲਣ ਪੋਸਣ ਹਿੰਦੂ ਧਰਮ ਦੀਆ ਰੀਤੀ-ਰਿਵਾਜ ਅਨੁਸਾਰ ਹੋਇਆ । ਉਹ ਇਕ ਧਾਰਮਿਕ ਸਥਾਨ ਤੇ ਸੰਤਾਂ ਦੇ ਸੰਗ ਵਿਚ ਆਏ ਤੇ ਉਨ੍ਹਾਂ ਦਾ ਧਿਆਨ ਸੱਚ ਦੀ ਖੋਜ ਵਿਚ ਲੱਗ ਗਿਆ । ਉਹਨਾਂ ਦੇ ਜੀਵਨ ਇਤਿਹਾਸ ਅਤੇ ਵਿਚਾਰ ਵੀ ਗੁਰੂ ਸਾਹਿਬ ਨਾਲ ਮਿਲਦੇ ਜੁਲਦੇ ਹਨ। ਸੁਰਿੰਦਰ ਸਿੰਘ ਕੋਹਲੀ ਅਨੁਸਾਰ ਗੁਰੂ ਨਾਨਕ ਦੇਵ ਜੀ ਸ੍ਰੀ ਸੰਕਰ ਦੇਵ ਨੂੰ ਢੁਬਰੀ ਵਿੱਚ ਮਿਲੇ ਜਿਥੇ ਉਹ ਬਾਰਪੇਟਾ ਤੋਂ ਆਏ ਸਨ । ਦੋਨਾ ਨੇ ਵਿਚਾਰ ਗੋਸ਼ਟੀਆਂ ਕੀਤੀਆਂ । ਸੰਕਰ ਦੇਬ ਦਾ ਧਰਮ ਇਕਸਰਨਾ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਮਤ ਦਾ ਨਾਮ ਮਹਾਪੁਰਸ਼ ਮਤ ਕਿਹਾ ਜਾਂਦਾ ਹੈ । ਇਕਸਰਨਾ ਧਰਮ ਪ੍ਰਮਾਤਮਾ ਦੀ ਭਗਤੀ ਉਪਰ ਜ਼ੋਰ ਦਿੰਦੀ ਹੈ । ਸੰਕਰ ਦੇਵ ਇਲਾਕੇ ਵਿਚ ਸ਼ਾਂਤੀ ਲਿਆਉਣ ਅਤੇ ਇਲਾਕੇ ਨੂੰ ਇਕਠੇ ਕਰਨ ਲਈ ਮੰਨੇ ਜਾਂਦੇ ਹਨ ਜਿਸ ਲਈ ਉਨ੍ਹਾਂ ਨੇ ਇਕਸਰਨਾ ਨਾਮ ਦੀ ਧਾਰਮਿਕ ਮੁਹਿੰਮ ਚਲਾਈ ਤੇ ਧਰਮ ਅਤੇ ਸਮਾਜ, ਨੂੰ ਆਉਣ ਵਾਲੇ ਸਮੇਂ ਲਈ ਇਕ ਨਵਾਂ ਰਾਹ ਦਿਤਾ। ਸੰਕਰ ਦੇਵ ਦੇ ਅਨੁਯਾਈ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਭਾਈ ਮੰਨਦੇ ਹਨ ਤੇ ਖਾਸ ਤਿੱਥ ਤਿਉਹਾਰਾਂ ਤੇ ਗੁਰਦੁਆਰਾ ਸਾਹਿਬ ਜਾਂਦੇ ਹਨ । ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਜਦ ਉਹ ਮੈਨੂੰ ਤਿਨਸੁਖੀਆ ਗੁਰਦੁਆਰਾ ਸਾਹਿਬ ਮਿਲੇ ਤਾਂ ਉਨ੍ਹਾਂ ਤੋ ਗੁਰਦੁਆਰਾ ਸਾਹਿਬ ਆਉਣ ਦਾ ਕਾਰਨ ਪੁਛਿਆ । ਉਹਨਾਂ ਦਸਿਆ ਕਿ 'ਅਸੀਂ ਗੁਰੂ ਭਾਈ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਹਰ ਪੁਰਬ ਤੇ ਆਉਂਦੇ ਹਾਂ । ਗੁਰੂ ਨਾਨਕ ਦੇਵ ਜੀ ਤੇ ਸ੍ਰੀਮੰਤ ਸੰਕਰ ਦੇਬ ਜੀ ਗੁਰੂ ਭਾਈ ਸਨ । ਗੋਆਲਪਾੜਾ ਗਜ਼ਟ ਵਿੱਚ ਦਰਜ ਹੈ ਕਿ ਮੁਸਲਿਮ ਸਿਪਾਹੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਸਥਾਨ ਦਮਦਮਾ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਮਦਦ ਕੀਤੀ ਤੇ ਢਾਲਾਂ ਵਿਚ ਮਿੱਟੀ ਢੋ ਕੇ ਉੱਚਾ ਟਿੱਲਾ ਬਣਾਇਆ ਜਿਸ ਤੇ ਹੁਣ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਦਮਦਮਾ ਸਾਹਿਬ ਕਾਇਮ ਹੈ ।

ਢੁਬਰੀ ਤੋ ਗੁਰੂ ਨਾਨਕ ਦੇਵ ਸਾਹਿਬ ਗੋਹਾਟੀ ਵੱਲ ਰਵਾਨਾ ਹੋ ਗਏ । ਇਸ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਨੇ ਭੁਮੀਆ ਚੋਰ ਨੂੰ ਸੱਚ ਤੇ ਧਰਮ ਨਾਲ ਜੋੜਿਆ । ਭਾਈ ਬਾਲਾ ਜਨਮ ਸਾਖੀ ਵਿੱਚ ਭੁਮੀਆ ਦੀ ਕਥਾ ਦਾ ਜ਼ਿਕਰ ਮਿਲਦਾ ਹੈ । ਗੁਰੂ ਨਾਨਕ ਦੇਵ ਜੀ ਇਕ ਅਜਿਹੇ ਇਲਾਕੇ

ਵਿੱਚ ਗਏ ਜਿਸਦਾ ਸਬੰਧ ਚੋਰਾਂ ਨਾਲ ਸੀ । ਚੋਰਾਂ ਦੇ ਮੁੱਖੀਆ ਕੋਲ ੫੦੦ ਘੋੜੇ ਅਤੇ ਕਈ ਹੋਰ ਜਾਨਵਰ ਸਨ । ਸਾਰੇ ਚੋਰ ਉਸ ਤੋ ਡਰਦੇ ਸੀ । ਗੁਰੂ ਨਾਨਕ ਦੇਵ ਸਾਹਿਬ ਨੇ ਉਸਨੂੰ ਸਚਾਈ ਅਤੇ ਇਨਸਾਨੀਅਤ ਦਾ ਰਸਤਾ ਦਿਖਾਇਆ । ਉਸਦੀ ਬੇਨਤੀ ਤੇ ਗੁਰੂ ਸਾਹਿਬ ਰਾਜੇ ਨੂੰ ਵੀ ਮਿਲੇ । ਉਥੋਂ ਦੇ ਰਾਜੇ ਨੇ ਭੂਮੀਆਂ ਨੂੰ ਕਈ ਤੋਹਫਿਆਂ ਨਾਲ ਸਨਮਾਨ ਵੀ ਕੀਤਾ ਅਤੇ ਉਸ ਨੂੰ ਅਪਣਾ ਮੰਤਰੀ ਵੀ ਬਣਾ ਦਿਤਾ। ਭੂਮੀਆ ਭਾਵ ਭੁਇਆਂ ਅਸਲ ਵਿਚ ਇਕ ਬਹਾਦੁਰ ਕੌਮ ਹੈ ਜੋ ਬੰਗਾਲ ਅਤੇ ਅਸਾਮ ਦੇ ਜ਼ਿਮੀਦਾਰ ਅਖਵਾਉਂਦੇ ਸਨ । ਸ੍ਰੀਮੰਤ ਸੰਕਰ ਦੇਬ ਵੀ ਇਕ ਭੁਇਆਂ ਸੀ । ੧੨ ਭੁਇਆਂ ਦਾ ਇਹ ਇਲਾਕਾ ਅਸਲ ਵਿਚ ੧੨ ਚੰਗੇ ਜ਼ਮੀਦਾਰਾਂ ਦਾ ਇਲਾਕਾ ਸੀ ਜਿਸਦਾ ਇਕ ਗਰੂਪ ਸੀ । ਹਰ ਭੁਇਆਨ ਦੇ ਅਧੀਨ ਕਈ ਪਿੰਡਾਂ ਦੇ ਸਮੂਹ ਸਨ ਜਿਸਨੂੰ ਚਕਲਾ ਕਿਹਾ ਜਾਂਦਾ ਸੀ।ਉਨ੍ਹਾਂ ਵਿਚ ਸਭ ਤੋਂ ਜ਼ਿਆਦਾ ਤਾਕਤਵਾਰ ਨੂੰ ਰਾਜਾ ਕਿਹਾ ਜਾਂਦਾ ਸੀ । ੧੨ ਭੁਇਆਂ ਅਸਲ ਵਿਚ ਕਾਮਰੂਪ ਦੇ ਇਕ ਖਾਸ ਕਿਸਮ ਦੇ ਰਾਜ ਦੀ ਬਣਤਰ ਸੀ ਜਿਸਨੇ ਸਾਰੇ ਅਸਾਮ, ਉਤਰ ਬੰਗਾਲ ਅਤੇ ਬੰਗਲਾਦੇਸ਼ ਦੀ ਕਾਫੀ ਵੱਡੇ ਹਿੱਸੇ ਤੇ ਕਬਜ਼ਾ ਕੀਤਾ ਹੋਇਆ ਸੀ ।

### ਰਾਜੇ ਅਤੇ ਰਾਣੀ ਦਾ ਗੁਰੂ ਜੀ ਨਾਲ ਵਾਰਤਾਲਾਪ

ਭੂਮੀਆ ਦੀ ਮਦਦ ਨਾਲ ਕੋਚ ਰਾਜਾ ਅਤੇ ਰਾਣੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਲਈ ਆਏ । ਗੋਰਜਾਂ ਰਾਣੀ ਨੂੰ ਗੁਰੂ ਜੀ ਦੀ ਬਾਣੀ ਅਤੇ ਪ੍ਰਮਾਤਮਾਂ ਦੇ ਨਾਮ ਦਾ ਸਿਮਰਨ ਕਰਨਾ ਬੜਾ ਚੰਗਾ ਲਗਦਾ ਸੀ । ਰਾਜੇ ਅਤੇ ਰਾਣੀ ਨੇ ਗੁਰੂ ਜੀ ਤੋਂ ਇਕ ਔਲਾਦ ਦੀ ਦਾਤ ਲਈ ਬੇਨਤੀ ਕੀਤੀ ।ਜੋ ਕ੍ਰਿਪਾ ਸਦਕਾ ਉਨ੍ਹਾ ਨੂੰ ਪੁਤਰ ਦੀ ਬਖਸ਼ ਪ੍ਰਾਪਤ ਹੋਈ। ਪਿੱਛੋਂ ਉਹਨਾਂ ਦਾ ਪੋਤਰਾ ਗੁਰੂ ਤੇਗ ਬਹਾਦਰ ਸਾਹਿਬ ਦਾ ਸਿੱਖ ਸਜਿਆ ਅਤੇ ਨੌਵੇਂ ਪਾਤਿਸਾਹ ਦੇ ਆਸ਼ੀਰਵਾਦ ਸਦਕਾ ਉਸ ਨੂੰ ਵੀ ਇਕ ਬੱਚੇ ਦੀ ਦਾਤ ਮਿਲੀ । ਬੱਚੇ ਦਾ ਨਾਮ ਰਤਨ ਰਾਏ ਰੱਖਿਆ ਗਿਆ।ਰਤਨ ਰਾਏ ਨੇ ਇਕ ਸਫੇਦ ਹਾਥੀ ਅਤੇ ਇਕ ਪੰਚਕਲਾ ਹਥਿਆਰ ਦਸਵੇਂ ਗੁਰੂ ਸਾਹਿਬ ਦੀ ਭੇਟ ਕੀਤਾ ਜੋ ਹੁਣ ਵੀ ਦੱਖਣ ਗੁਜਰਾਤ ਦੇ ਬੜੋਦਾ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰਖਿਆ ਗਿਆ ਹੈ ।

ਗੁਰੂ ਨਾਨਕ ਦੇਵ ਜੀ ਗੋਹਾਟੀ ਅਤੇ ਹਜੋ ਦੇ ਮੰਦਿਰਾਂ ਵਿਚ ਵੀ ਗਏ ।ਉੱਥੇ ਯੋਨੀ ਤੇ ਸ਼ਕਤੀ ਦੀ ਪੂਜਾ ਹੁੰਦੀ ਸੀ ਜਿੱਥੇ ਬਲੀ ਚੜ੍ਹਾਈ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਪੱਥਰ ਪੂਜਾ ਤੇ ਬਲੀ ਚੜ੍ਹਾਉਣ ਤੋਂ ਵਰਜਿਆ ਅਤੇ ਸੱਚ ਤੇ ਇਕ ਪ੍ਰਮਾਤਮਾਂ ਦੇ ਧਿਆਨ ਦਾ ਸਹੀ ਰਸਤਾ ਦਿਖਾਇਆ । ਗੁਹਾਟੀ ਤੇ ਇਕ ਕਾਮੱਖਿਆ ਮੰਦਿਰ ਸਾਗਰ ਸੈਨ ਅਤੇ ਦੁਸਰਿਆ ਨੂੰ ਕਾਮਖਿਆ ਦੇਵੀ ਦੀ ਪੂਜਾ ਕਰਨਾ ਦੀ ਥਾਂ ਪ੍ਰਮਾਤਮਾਂ ਦੇ ਨਾਮ ਵਲ ਮੋੜਿਆ।ਦੁਸਰੇ ਪਾਸੇ ਲਾਇਆ । ਪੰਜਾਬੀ ਪਾਂਡੇ ਅਨੁਸਾਰ ਉਸ ਦੀਆਂ ਪੁਰਾਣੀਆਂ ਵਹੀਆਂ ਵਿੱਚ ਗੁਰੂ ਜੀ ਦਾ ਏਥੇ ਆਉਣਾ ਦਰਜ ਸੀ ਜੋ ਘਰ ਵਿਚ ਅੱਗ ਲੱਗਣ ਕਰਕੇ ਸੜ ਗਈ ।ਬਲੀ ਤੋਂ ਵਰਜਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਪੰਡਿਤਾਂ ਨੂੰ ਸਮਝਾਇਆ ਕਿ ਸਾਰੇ ਜੀਵ ਉਸ ਪ੍ਰਮਾਤਮਾਂ ਦੇ ਹੀ ਬਣਾਏ ਹਨ ਜੋ ਸਭ ਉਸ ਨੂੰ ਪਿਆਰੇ ਹਨ ।ਉਨ੍ਹਾਂ ਦੀ ਬਲੀ ਦੇਣ ਨਾਲ ਉਹ ਖੁਸ਼ ਨਹੀਂ ਸਗੋਂ ਦੁਖੀ ਹੁੰਦਾ ਹੈ ਕਿਉਂਕਿ ਜੀਵ ਹਤਿਆ ਉਸ ਦੀ ਅਪਣੀ ਹੀ ਰਚਨਾ ਦਾ ਸੰਘਾਰ ਹੈ ਜੋ ਉਸ ਨੂੰ ਮੰਜ਼ੂਰ ਨਹੀਂ। ਮੌਤ ਸਿਰਫ ਉਸਨੂੰ ਛਡਦੀ ਹੈ ਜੋ ਹਮੇਸ਼ਾ ਪ੍ਰਮਾਤਮਾਂ ਦੀ ਭਗਤੀ ਵਿਚ ਲੀਨ ਰਹਿੰਦੇ ਹਨ । ਉਹਨਾ ਅੱਗੇ ਕਿਹਾ ਕਿ ਜੇ ਤੁਸੀ ਪੱਥਰ ਦੇ ਦੇਵਤੇ ਅਤੇ ਦੇਵੀਆਂ ਦੀ ਪੂਜਾ ਕਰੋਗੇ ਤਾਂ ਤੁਸੀਂ ਉਹਨਾਂ ਤੋ ਕੀ ਮੰਗਾਗੇ ਕਿਉਂਕਿ ਉਹ ਤੁਹਾਨੂੰ ਕੁਝ ਨਹੀ ਦੇ ਸਕਦੇ । ਇਹ ਸੁਣਕੇ ਪਡਿੰਤਾਂ ਦੀ ਅਗਿਆਨਤਾ ਦੂਰ ਹੋਈ ਅਤੇ ਉਹ ਪ੍ਰਮਾਤਮਾਂ ਦੇ ਸੱਚੇ ਭਗਤ ਬਣ ਗਏ ।

ਗੋਹਾਟੀ ਤੋਂ ਗੁਰੂ ਨਾਨਕ ਦੇਵ ਜੀ ਡਿਬਰੂਗੜ੍ਹ ਦੇ ਨੇੜੇ ਗਿਰਗਾਉਂ ਪਹੁੰਚੇ ਜੋ ਉਸ ਸਮੇਂ ਅਸਾਮ ਦੀ ਰਾਜਧਾਨੀ ਸੀ । ਪਿਛੋਂ ਇਹ ਨਾਜ਼ਿਰਾ ਦੇ ਨਾਮ ਨਾਲ ਮਸ਼ਹੂਰ ਹੋਇਆ । ਨਾਜ਼ਿਰਾ ਵਿੱਚ ਗੁਰੂ ਨਾਨਕ ਦੇਵ ਜੀ ਤੇ ਸ੍ਰੀਮੰਤ ਸੰਕਰ ਦੇਬ ਦੀ ਅਹੋਮ ਰਾਜੇ ਸੁਹੰਗਮੰਗ ਨਾਲ ਵਿਚਾਰ ਚਰਚਾ ਹੋਈ ਜਿਸਤੇ ਰਾਜਾ ਬੜਾ ਪ੍ਰਭਾਵਿਤ ਹੋਇਆ । ਗੁਰੂ ਨਾਨਕ ਦੇਵ ਜੀ ਨੇ ਉਥੋਂ ਦੇ ਨੇੜੇ ਦੇ ਪਿੰਡਾਂ ਗਨਕ, ਨਜੀਰਾਹਾਟ ਆਦਿ ਵਿਚ ਵੀ ਗਏ ਅਤੇ ਉਨ੍ਹਾਂ ਨੂੰ ਸੱਚੇ ਪ੍ਰਮਾਤਮਾਂ ਦੀ ਭਗਤੀ ਵਲ ਲਾਇਆ। ਪਿਛੋਂ ਏਥੇ ਲੂਣੀਆ ਸਿੱਧ ਨੇ ਜੋ ਗੁਰੂ ਨਾਨਕ ਦੇਵ ਜੀ ਨੂੰ ਢਾਕਾ ਵਿਚ ਮਿਲਿਆ ਸੀ ਏਥੇ ਗੁਰੂ ਜੀ ਦੀ ਯਾਦ ਵਿਚ ਧਰਮਸਾਲ ਬਣਾਈ ਜੋ ਮੰਦਿਰ ਦੇ ਨਾਲ ਲਗਦੀ ਸੀ ।ਹੁਣ ਇਸ ਸਥਾਨ ਤੇ ਗੁਰੂ ਸਾਹਿਬ ਦੇ ਫੇਰੀ ਵਿਚ ਨਾ ਕਈ ਧਰਮਸਾਲਾ ਹੈ ਨਾ ਗੁਰੁਦਆਰਾ ਸਾਹਿਬ ਪਰ ਲੂਣੀਏ ਸਿੱਧ ਦੀ ਧਰਮਸਾਲ ਕਾਇਮ ਹੈ।ਇਸ ਸਥਾਨ ਦੇ ਇਕ

ਗੁਰਦੁਆਰਾ ਸਾਹਿਬ ਬਣਾਨ ਦਾ ਪੂਰਾ ਯਤਨ ਕੀਤਾ ਜਾ ਰਿਹਾ ਹੈ । ਗਿਰਗਾਓਂ-ਨਾਜਿਰਾ ਤੋ ਪਿੱਛੋਂ ਗੁਰੂ ਜੀ ਸ਼ੰਕਰ ਦੇਬ ਨਾਲ ਦੁਵਰਾਹਟ (ਮੰਝੂਲੀ) ਗਏ ਜੋ ਸੰਕਰ ਦੇਵ ਦੀ ਕਰਮ ਭੂਮੀ ਸੀ। ਮੰਝੂਲੀ ਟਾਪੂ ਬ੍ਰਹਮਪੁਤਰ ਅਤੇ ਬਰਨਾਦੀ ਨਦੀ ਦੇ ਵਿਚਕਾਰ ਪੈਂਦਾ ਹੈ । ਏਥੋਂ ਗੁਰੂ ਨਾਨਕ ਦੇਵ ਜੀ ਗੋਲਾਘਾਟ ਗਏ ਜਿਥੇ ਗੁਰਦੁਆਰਾ ਸਾਹਿਬ ਦੀ ਇਥੋ ਦੀ ਫੇਰੀ ਦੀ ਯਾਦ ਕਰਵਾਉਦਾ ਹੈ । ਗੁਰੂ ਸਾਹਿਬ ਇਸ ਤੋ ਅੱਗੇ ਬਾਅਦ ਬ੍ਰਹਮਕੁੰਡ ਗਏ ।ਪਰਸੂ ਰਾਮ ਕੁੰਡ ਅਰੁਨਾਚਲ ਪ੍ਰਦੇਸ਼ ਦੇ ਪੰਡਿਤ ਰਾਮ ਸਰਨ ਦਾਸ ਨੇ ਇਸ ਲੇਖਕ ਨੂੰ ਦੱਸਿਆ ਏਥੇ ਸਾਰੇ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਸ੍ਰੀਮੰਤ ਸੰਕਰ ਦੇਬ ਦੇ ਨਾਲ ਪਰਸੂ ਰਾਮ ਕੁੰਡ ਤੇ ਮੱਕਰ ਸਕਰਾਂਤੀ ਦੇ ਮੇਲੇ ਵਾਲੇ ਦਿਨ ਆਏ । ਏਥੋਂ ਅੱਗੇ ਗੁਰੂ ਜੀ ਨਾਗਾਲੈਂਡ, ਮੇਘਾਲੇ (ਸ਼ਿਲੌਂਗ) ਰਾਹੀਂ ਸਿਲਹਟ, ਕਰੀਮਗੰਜ, ਲੁਸ਼ਾਈ ਹਿਲਜ਼ ਅਤੇ ਅਗਰਤਲਾ (ਤ੍ਰੀਪੁਰਾ) ਰਾਹੀਂ ਚਿਟਾਗਾਉਂ ਪਹੁੰਚੇ ।

ਕਛਾਰ ਵਿੱਚ ਗੁਰੂ ਨਾਨਕ ਦੇਵ ਜੀ ਭੁਵਨ ਚੋਟੀ ਤੇ ਬੋਧੀਸਥਲ ਸੰਗਰਾਮ ਵੀ ਫੇਰੀ ਪਾਈ ਜੋ ਸਿਲਚਰ (ਕਛਾਰ ਜਿਲ੍ਹੇ ਦਾ ਕੇਂਦਰੀ ਸਥਾਨ) ਕਸਬੇ ਤੋ ੩੨ ਕਿਲਮੀਟਰ ਦੀ ਦੂਰੀ ਤੇ ਹੈ । ਉਸ ਮੰਦਿਰ ਦੇ ਮੁੱਖ ਪੁਜਾਰੀ ਨੇ ਜਦੋ ਗੁਰੂ ਸਾਹਿਬ ਦੇ ਪ੍ਰਭਾਵ ਬਾਰੇ ਸੁਣਿਆ ਤਾਂ ਈਰਖਾ ਨਾਲ ਭਰ ਗਿਆ ਤੇ ਗੁਰੂ ਸਾਹਿਬ ਨੂੰ ਮਾਰਣ ਲਈ ਅਪਣੇ ਹੱਥ ਵਿਖੇ ਤਲਵਾਰ ਲੈ ਕੇ ਆਇਆ। ਗੁਰੂ ਜੀ ਨੇ ਬਾਣੀ ਦੀ ਪੰਗਤੀ ਰਾਹੀਂ ਸਮਝਾਇਆ ਕਿ ਜੋ ਪ੍ਰਮਾਤਮਾਂ ਦੇ ਪੁਜਾਰੀ ਹਨ ਅਤੇ ਜਿਨ੍ਹਾਂ ਦੇ ਦਿਲ ਵਿਚ ਉਸ ਲਈ ਪਿਆਰ ਹੈ ਉਨ੍ਹਾਂ ਦੀ ਪ੍ਰਮਾਤਮਾ ਹਰ ਥਾਂ ਰੱਖਿਆ ਕਰਦਾ ਹੈ । ਇਹ ਸੁਣ ਕੇ ਮੁੱਖ ਪੁਜਾਰੀ ਹਮਲਾ ਨਹੀ ਕਰ ਸਕਿਆ ਅਤੇ ਉਸ ਦੀ ਸੋਚ ਬਦਲ ਗਈ । ਉਸ ਨੇ ਗੁਰੂ ਜੀ ਨੂੰ ਮਾਫੀ ਲਈ ਬੇਨਤੀ ਕੀਤੀ ਜਿਸ ਤੇ ਗੁਰੂ ਜੀ ਨੇ ਉਸ ਨੂੰ ਮਾਫ ਕਰ ਦਿਤਾ । ਉਸਦਾ ਅੰਦਰਲਾ ਹੁਣ ਬਦਲ ਗਿਆ ਅਤੇ ਉਹ ਗੁਰੂ ਸਾਹਿਬ ਦਾ ਅਨੁਯਾਈ ਬਣ ਗਿਆ। ਉਥੇ ਇਕ ਛੋਟੀ ਜਿਹੀ ਜਗ੍ਹਾ ਸੀ ਜਿਸਨੂੰ ਨਾਨਕ ਘਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਪਰ ਉਸ ਸਥਾਨ ਤੇ ਕੋਈ ਗੁਰਦੁਆਰਾ ਨਹੀਂ ਬਣਿਆ। ਕੇਵਲ ਕੁਝ ਦਰਖਤਾਂ ਦਾ ਝੁੰਡ ਸੀ ।ਇਕ ਮਹਾਤਮਾ ਉਸ ਜਗ੍ਹਾ ਦੀ ਦੇਖਭਾਲ ਕਰਦਾ ਸੀ । ਇਸ ਤੋ ਅੱਗੇ ਗੁਰੂ ਜੀ ਸਿਲਹਟ ਪਹੁੰਚੇ ।

-ਕਰਨਲ ਡਾ: ਦਲਵਿੰਦਰ ਸਿੰਘ ਗ੍ਰੇਵਾਲ

ੴ ਵਾਹਿਗੁਰੂ ਜੀ ਕੀ ਫ਼ਤਹਿ ।।

# ਜ਼ਫ਼ਰਨਾਮਾ

ਅਕਾਲੀ ਮੰਗਲਾਚਰਣ ਤੋਂ ਬਾਅਦ ਗੁਰੂ ਸਾਹਿਬ ਚਿੱਠੀ ਦੇ ਅਸਲ ਮਜ਼ਮੂਨ ਵੱਲ ਆਉਂਦੇ ਆਪਣੀ ਦਾਸਤਾਨ-ਵਿਥਿਆ ਇਉਂ ਬਿਆਨ ਕਰਦੇ ਹਨ :

## ਦਾਸਤਾਨ

**ਮਰਾ ਏਅਤਬਾਰੇ ਬਰੀਂ ਕਸਮ ਨੇਸਤ**
**ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ ।੧੩।**

ਮਰਾ-ਮੈਨੂੰ । ਏਜ਼ਦ, ਯਜ਼ਦਾਂ-ਪਰਮੇਸ਼ਰ ।

ਇਕੋ ਇਕ ਅਕਾਲ ਪੁਰਖ ਸਾਖੀ ਹੈ ਕਿ ਮੈਨੂੰ ਤੇਰੀ ਇਸ ਕਸਮ 'ਤੇ ਕੋਈ ਭਰੋਸਾ ਨਹੀਂ ।

**ਨ ਕਤਰਹ ਮਰਾ ਏਤਬਾਰੇ ਬਰੋਸਤ**
**ਕਿ ਬਖ਼ਸ਼ੀ ਵ ਦੀਵਾਂ ਹਮਾ ਕਿਜ਼ਬ ਗੋਸਤ ।੧੪।**

ਬਖ਼ਸ਼ੀ-ਫੌਜਦਾਰ । ਦੀਵਾਂ-ਵਜ਼ੀਰ ਮਾਲ, ਕਿਜ਼ਬ ਗੋ-ਝੂਠ ਬੋਲਣ ਵਾਲੇ ।

ਮੈਨੂੰ ਉਸ 'ਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸ ਦੇ ਬਖ਼ਸ਼ੀ ਤੇ ਦੀਵਾਨ (ਸੈਨਿਕ ਤੇ ਅਸੈਨਿਕ ਅਧਿਕਾਰੀ ਦੋਵੇਂ) ਸਾਰੇ ਹੀ ਝੂਠ ਬੋਲਣ ਵਾਲੇ ਹਨ ।

**ਕਸੇ ਕਉਲਿ ਕੁਰਆਂ ਕੁਨਦ ਏਤਬਾਰ**
**ਹਮਾ ਰੋਜ਼ਿ ਆਖ਼ਰ ਸ਼ਵਦ ਮਰਦ ਖ਼੍ਵਾਰ ।੧੫।**

ਹੁਮਾ-ਇਕ ਭਾਗਵਾਨ ਪੰਛੀ, ਜਿਸ ਦੇ ਸਾਏ ਹੇਠ ਆ ਕੇ ਬੰਦੇ ਦਾ ਬਾਦਸ਼ਾਹ ਬਣਨਾ ਮੰਨਿਆ ਜਾਂਦਾ ਹੈ । ਦਸਤ-ਹੱਥ । ਜ਼ਾਗ-ਕਾਂ ।

ਪਰ ਜੋ ਕੋਈ ਹੁਮਾ ਦੇ ਪਰਛਾਵੇਂ ਹੇਠ ਆ ਗਿਆ, ਉਸ ਨੂੰ ਚਾਲਾਕ ਕਾਂ ਹੱਥ ਨਹੀਂ ਪਾ ਸਕਦਾ ।

**ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ**
**ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ ।੧੭।**

ਪੁਸ਼ਤ-ਪਿੱਠ । ਬੁਜ਼ੋ ਮੇਸ਼ੋ-ਬੱਕਰੀ ਤੇ ਭੇਡ । ਆਹੂ-ਹਿਰਨ ।

ਜੋ ਕੋਈ ਵੀ ਨਰ ਸ਼ੇਰ ਦੀ ਸ਼ਰਣ ਲੈ ਲੈਂਦਾ ਹੈ, ਬੱਕਰੀ, ਭੇਡ ਅਤੇ ਹਿਰਨ ਆਦਿ ਉਸ ਦੇ ਲਾਗੇ ਦੀ ਨਹੀਂ ਲੰਘ ਸਕਦੇ ।

ਟੀਕਾਕਾਰ - ਪਿਆਰਾ ਸਿੰਘ ਪਦਮ




# ਸ਼ਹਾਦਤ
# ਬੀਬੀ ਸ਼ਰਨ ਕੌਰ ਖਾਲਸਾ

ਇਨਸਾਨੀ ਜ਼ਿੰਦਗੀਆਂ ਵਿਚ ਉਂਜ ਤਾਂ ਅਨੇਕਾਂ ਅਜਿਹੇ ਮੁਕਾਮ ਆਉਂਦੇ ਹਨ ਜੋ ਕਿਸੇ ਇਕ ਵਿਅਕਤੀ ਜਾਂ ਉਸ ਦੇ ਨਾਲ ਜੁੜੇ ਅਨੇਕਾਂ ਵਿਅਕਤੀਆਂ ਦੇ ਜ਼ਿੰਦਗੀ ਜੀਉਣ ਦੇ ਤਰੀਕੇ ਦਰਸਾ ਕੇ ਹੋਰਨਾਂ ਨੂੰ ਪ੍ਰੇਰਨਾ ਦੇਣ ਦਾ ਕੰਮ ਕਰਦੇ ਹਨ। ਹਰ ਦੇਸ਼, ਹਰ ਸਮਾਜ ਦਿਆਂ ਲੋਕਾਂ ਦੀਆਂ ਜ਼ਿੰਦਗੀਆਂ 'ਚੋਂ ਅਜਿਹੀਆਂ ਮਿਸਾਲਾਂ ਮਿਲ ਜਾਣ ਗੀਆਂ, ਜਿਨ੍ਹਾਂ ਵਿਚ, ਹਾਲਾਤਾਂ ਦੇ ਨਿਘਾਰੇ ਹੋਏ ਇਨਸਾਨ, ਅਸਮਾਨਾਂ ਦੀਆਂ ਬੁਲੰਦੀਆਂ ਤੋਂ ਪਾਤਾਲ ਵਿਚ ਆ ਡਿੱਗਣ ਨੂੰ ਮਜਬੂਰ ਹੋ ਗਏ। ਇਸੇ ਜ਼ਿੰਦਗੀ ਵਿਚ ਕੁਝ ਅਜਿਹੀਆਂ ਮਿਸਾਲਾਂ ਵੀ ਮਿਲ ਜਾਣਗੀਆਂ, ਜਦੋਂ ਕੋਈ ਇਨਸਾਨ ਸੇਧ ਮਿਲ ਜਾਣ ਕਾਰਨ, ਖਾਸ ਬਣ ਮਸ਼ਹੂਰ ਹੋ ਗਿਆ। ਅਨੇਕਾਂ ਦੇਸ਼ਾਂ ਦੇ ਇਤਿਹਾਸ ਅਤੇ ਭਾਰਤੀ ਧਰਮ ਸ਼ਾਸਤਰਾਂ ਦੇ ਪਾਠ ਕੀਤਿਆਂ, ਇਸਤ੍ਰੀ ਦੇ ਵੀ ਕਈ ਰੂਪ ਦੇਖਣ ਨੂੰ ਮਿਲਦੇ ਹਨ। ਭਾਰਤੀ ਇਤਿਹਾਸ ਵਿਚ ਇਸਤ੍ਰੀ ਨੂੰ ਸ਼ਕਤੀ ਦਾ ਰੂਪ ਵੀ ਮੰਨਿਆ ਜਾਂਦਾ ਹੈ। ਰਾਣੀ ਝਾਂਸੀ ਸਮੇਤ ਹੋਰ ਕਿੰਨੀਆਂ ਬੀਬੀਆਂ ਭਾਰਤੀ ਇਤਿਹਾਸ ਵਿਚ ਬਹਾਦੁਰੀ ਦੀ ਮਿਸਾਲ ਬਣਨ ਦੇ ਬਾਵਜੂਦ, ਅਜੋਕੇ ਆਜ਼ਾਦ ਭਾਰਤ ਵਿੱਚ, ਆਪਣੇ ਹੀ ਧਰਮ ਅਸਥਾਨਾਂ ਵਿੱਚ ਪੂਜਾ ਕਰਨ ਦੀ ਮਾਨਤਾ ਪ੍ਰਾਪਤ ਕਰਨ ਲਈ, ਸੰਘਰਸ਼ ਦੇ ਦੌਰ 'ਚੋਂ ਲੰਘ ਰਹੀਆਂ ਹਨ। ਸਿੱਖ ਇਸਤ੍ਰੀਆਂ ਲਈ ਇਹ ਮਾਣ ਦੀ ਗੱਲ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਔਰਤਾਂ ਨੂੰ ਸਮਾਜ ਵਿਚ ਮਰਦ ਦੀ ਬਰਾਬਰੀ ਦਾ ਮਾਣ ਬਖ਼ਸ਼ਿਆ। ਇਸੇ ਮਾਣ ਦੇ ਸਦਕਾ, ਅਨੇਕਾਂ ਸਿੱਖ ਬੀਬੀਆਂ ਨੇ ਆਪਣੇ ਘਰੇਲੂ ਫ਼ਰਜ਼ ਨਿਭਾਉਂਦਿਆਂ, ਸਿੱਖ ਧਾਰਮਕ ਖੇਤਰ ਵਿਚ ਵੀ ਆਜ਼ਾਦੀ ਨਾਲ ਵਿਚਰਦਿਆਂ, ਮੌਤ ਅਤੇ ਜ਼ਿੰਦਗੀ ਵਿਚ ਫ਼ਰਕ ਨਹੀਂ ਜਾਣਿਆ। ਲੋੜ ਪੈਣ ਤੇ ਧਰਮ ਦੀ ਖ਼ਾਤਰ, ਬੀਬੀ ਅਨੂਪ ਕੌਰ ਜੀ ਅਤੇ ਮਾਤਾ ਭਾਗ ਕੌਰ(ਮਾਈ ਭਾਗੋ) ਜੀ ਵਰਗੀਆਂ ਅਨੇਕਾਂ ਸਿੰਘਣੀਆਂ ਨੇ ਜੰਗ ਦੇ ਮੈਦਾਨ ਵਿਚ ਆਪਣੀ ਬਹਾਦੁਰੀ ਦੇ ਜੌਹਰ ਦਿਖਾ ਕੇ ਇਤਿਹਾਸ ਵਿਚ ਮਾਣਯੋਗ ਸਥਾਨ ਪ੍ਰਾਪਤ ਕੀਤੇ।

ਸਿੱਖ ਇਤਿਹਾਸ ਵਿਚ, ਮਾਣਯੋਗ ਸਥਾਨ ਪ੍ਰਾਪਤ ਕਰਨ ਵਾਲੀਆਂ ਬੀਬੀਆਂ ਵਿਚ ਹੀ, ਬੀਬੀ ਸ਼ਰਨ ਕੌਰ ਪਾਬਲਾ ਜੀ(ਬੀਬੀ ਹਰਿਸ਼ਰਨ ਕੌਰ) ਵੀ ਇਕ ਬਹਾਦਰ ਤੇ ਨਿਡਰ ਸਿੰਘਣੀ ਹੋਏ ਹਨ। ਬੀਬੀ ਜੀ ਨੇ ਜੰਗ ਦੇ ਮੈਦਾਨ ਵਿੱਚ, ਆਪਣੀ ਸੂਰਮਗਤੀ, ਨਿਡਰਤਾ ਅਤੇ ਜੁਰਅੱਤ ਦਾ ਪ੍ਰਗਟਾਵਾ ਕਰਦਿਆਂ, ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸ ਦਿੱਤਾ ਕਿ ਸਿੰਘਣੀਆਂ ਵੀ, ਫ਼ਰਜ਼ ਨਿਭਾਉਣ ਦਾ ਸਮਾਂ ਆਉਣ ਤੇ ਸ਼ਹਾਦਤ ਦੇਣ ਲਈ ਕਿਸੇ ਸੂਰਮੇ ਤੋਂ ਪਿੱਛੇ ਨਹੀਂ। ਸਿੱਖ ਇਤਿਹਾਸ ਦਾ ਇਹ ਦੁਖਾਂਤ ਹੈ ਕਿ ਇਤਿਹਾਸ ਦੀਆਂ ਅਨੇਕਾਂ ਮਾਣਯੋਗ ਹਸਤੀਆਂ ਵਾਂਗ, ਬੀਬੀ ਸ਼ਰਨ ਕੌਰ( ਹਰਿਸ਼ਰਨ ਕੋਰ) ਦੇ ਪਿਛੋਕੜ ਬਾਰੇ ਵੀ ਵਧੇਰੀ ਜਾਣਕਾਰੀ ਨਹੀਂ ਮਿਲਦੀ। ਰਤਨ ਸਿੰਘ ਜੱਗੀ ਕਿਰਤ ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ , ਪੰਨੇ ੨੦੩-੨੦੪ ਅਨੁਸਾਰ- “ਇਸ ਸ਼ਹੀਦ ਬੀਬੀ ਦਾ ਪਿਛੋਕੜ ਕੀ ਹੈ? ਇਸ ਬਾਰੇ ਕੁਝ ਪਤਾ ਨਹੀਂ ਲੱਗਦਾ। ਸਿੱਖ ਰਵਾਇਤਾਂ ਤੋਂ ਪਤਾ ਚਲਦਾ ਹੈ ਕਿ ਇਹ ਚਮਕੌਰ ਵਿਚ ਸ਼ਹੀਦ ਹੋਏ ਭਾਈ ਪ੍ਰੀਤਮ ਸਿੰਘ ਦੀ ਪਤਨੀ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਕਰਾ ਕੇ ਪੰਜ ਸਿੰਘਾਂ ਦਾ ਹੁਕਮ ਮੰਨਦੇ ਹੋਏ ਗੜ੍ਹੀ ਚੋਂ ਬਾਹਰ ਨਿਕਲ ਗਏ, ਤਾਂ ਇਹ ਬੀਬੀ ਉਸ ਵੇਲੇ ਕਿੱਤੋਂ ਆਈ ਅਤੇ ਇਕ ਨਿੱਕੀ ਜਿਹੀ ਮਸ਼ਾਲ ਹੱਥ ਵਿਚ ਲੈ ਕੇ ਜੰਗ ਦੇ ਮੈਦਾਨ ਵਿਚ ਇਕੱਲੀ ਫਿਰਨ ਲੱਗੀ। ਥਾਂ ਥਾਂ ਪਈਆਂ ਲੋਥਾਂ ਨੂੰ ਇਹ ਪਛਾਣ ਰਹੀ ਸੀ। ਇਸ ਨੇ ਤੀਹ ਸਿੰਘਾਂ ਦੀਆਂ ਲਾਸ਼ਾਂ ਲੱਭੀਆਂ ਅਤੇ ਉਨ੍ਹਾਂ ਨੂੰ ਨੇੜੇ ਜਿਹੇ ਸਥਿਤ ਇੱਕ ਵੱਡੇ ਸਾਰੇ ਵਾੜੇ ਵਿੱਚ ਪਹੁੰਚਾਇਆ। ਫਿਰ ਇਹ ਦੋ ਸਾਹਿਬਜ਼ਾਦਿਆਂ ਦੀਆਂ ਦੇਹਾਂ ਨੂੰ ਲੱਭ ਕੇ ਵਾੜੇ ਤਕ ਲੈ ਗਈ। ਉਸ ਤੋਂ ਬਾਅਦ, ਜਦੋਂ ਇਹ ਹੋਰ ਸਿੰਘਾਂ ਦੇ ਸਰੀਰਾਂ ਦੀ ਭਾਲ

ਕਰ ਰਹੀ ਸੀ ਤਾਂ ਆਪਣੇ ਪਤੀ ਪ੍ਰੀਤਮ ਸਿੰਘ ਦੀ ਦੇਹ ਵੀ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ। ਫਿਰ ਬੀਬੀ ਸ਼ਰਨ ਕੌਰ ਨੇ ਵਾੜੇ ਨੂੰ ਅੱਗ ਲਗਾ ਕੇ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਿਮ ਸਸਕਾਰ ਕਰਨਾ ਸ਼ੁਰੂ ਕਰ ਦਿੱਤਾ।"

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੀਬੀ ਸ਼ਰਨ ਕੌਰ ਪਾਬਲਾ(ਹਰਿਸ਼ਰਨ ਕੌਰ ਜੀ), ਚਮਕੌਰ ਤੋਂ ਦੋ ਮੀਲ ਦੀ ਦੂਰੀ ਤੇ ਸਥਿਤ ਪਿੰਡ ਰਾਏਪੁਰ ਰਾਣੀ ਦੀ ਵਸਨੀਕ ਸੀ। ਉਨ੍ਹਾਂ ਦਾ ਪਤੀ ਸ੍ਰ ਪ੍ਰੀਤਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਿਆਂ ਸੂਰਮਿਆਂ ਵਿੱਚੋਂ ਇਕ ਸੀ। (ਇਸ ਕਥਨ ਦੀ ਪੁਸ਼ਟੀ ਵਿਚ ਮੈਂ ਕਹਿਣਾ ਚਾਹਾਂਗਾ ਕਿ ਪਿੰਡ ਰਾਏਪੁਰ ਦੇ ਵਸਨੀਕਾਂ ਅਤੇ ਵਡੇਰਿਆਂ ਦੁਆਰਾ ਸੰਨ 1945ਈ ਵਿਚ ਬੀਬੀ ਸ਼ਰਨ ਕੌਰ ਦੀ ਯਾਦ ਨੂੰ ਸਮਰਪਿਤ ਪਿੰਡ ਰਾਏਪੁਰ ਰਾਣੀ ਵਿਖੇ, ਗੁਰਦਵਾਰਾ ਸਾਹਿਬ ਦੀ ਉਸਾਰੀ, ਇਸ ਤੱਥ ਦੀ ਹਿਮਾਇਤ ਕਰਦਾ ਹੈ ਕਿ ਬੀਬੀ ਜੀ ਨਾ ਸਿਰਫ ਰਾਏਪੁਰ ਰਾਣੀ ਦੇ ਵਸਨੀਕ ਸਨ, ਸਗੋਂ ਗੁਰੂ ਗੋਬਿੰਦ ਸਿੰਘ ਦਾ ਆਦੇਸ਼ ਪਾ ਕੇ ਬੀਬੀ ਜੀ ਨੇ ਜੋ ਅਨਹੋਣੀ ਤੱਥ ਨੂੰ ਮੁਮਕਿਨ ਕਰ ਦਿਖਾਇਆ, ਪਿੰਡ ਦੇ ਵਸਨੀਕਾਂ ਨੂੰ ਉਸ ਦਾ ਮਾਣ ਹੈ। )ਪਿੰਡ ਰਾਏਪੁਰ ਰਾਣੀ ਦੇ ਗੁਰਦਵਾਰਾ ਸਾਹਿਬ ਤੋਂ ਇਲਾਵਾ, ਚਮਕੌਰ ਸਾਹਿਬ ਵਿਖੇ, ਬੀਬੀ ਜੀ ਦੀ ਯਾਦ ਨੂੰ ਸਮਰਪਿਤ ਗੁਰਦਵਾਰਾ ਬੀਬੀ ਸ਼ਰਨ ਕੌਰ ਦੂਜਾ ਗੁਰਦਵਾਰਾ ਸਥਾਪਿਤ ਕੀਤਾ ਗਿਆ ਹੈ। ਜਿਸ ਗੁਰਦਵਾਰਾ ਸਾਹਿਬ ਵਿਖੇ ਲਿਖਤੀ ਇਤਿਹਾਸ ਅਨੁਸਾਰ, ਬੀਬੀ ਸ਼ਰਨ ਕੌਰ ਦੇ ਮਾਤਾ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਬੀਬੀ ਜੀ ਜਦੋਂ ਵੀ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਤਾਂ ਉਦੋਂ ਹੀ ਬੇਨਤੀ ਕਰਦੇ ਕਿ ਮੈਨੂੰ ਕੋਈ ਸੇਵਾ ਬਖ਼ਸ਼ੋ। ਗੁਰੂ ਜੀ ਬਚਨ ਕਰਦੇ ਕਿ ਤੁਸੀਂ ਸਿਮਰਨ ਕਰਿਆ ਕਰੋ, ਜਦੋਂ ਸਮਾਂ ਆਵੇਗਾ, ਅਸੀਂ ਆਪ ਹੀ ਸੇਵਾ ਲੈ ਲਵਾਂਗੇ ਤੇ ਫਿਰ ਸੇਵਾ ਦਾ ਮੌਕਾ ਚਮਕੌਰ ਜੰਗ ਵਿਚ ਆਇਆ।" ਲੇਖ, ਸ੍ਰੀ ਚਮਕੌਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ: ਇਕ ਅਧਿਐਨ, ਸ੍ਰ ਅਮਨ ਸਿੰਘ, ਗੁਰਮਿਤ ਪ੍ਰਕਾਸ਼ ਦਸੰਬਰ 2019)

The Shrines of Anandpur Sahib and Kiratpur Sahib issued by Manager, Takht Kesgarh Sahib, ਦੁਆਰਾ ਜਾਰੀ ਕੀਤੇ ਟ੍ਰੈਕਟ ਦੀ ਜਾਣਕਾਰੀ ਅਨੁਸਾਰ 5 ਦਸੰਬਰ ਸੰਨ 1705ਈ ਦੀ ਅਧੀ ਰਾਤ ਗਏ, 6 ਦਸੰਬਰ ਅਨੰਦਪੁਰ ਸਾਹਿਬ ਕਿਲ੍ਹੇ 'ਚੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਫ਼ੌਜਾਂ ਦੇ ਬਾਹਰ ਪੈਰ ਧਰਦਿਆਂ ਸਾਰ, ਪਹਾੜੀ ਰਾਜਿਆਂ ਅਤੇ ਮੁਗਲ ਫ਼ੌਜਾਂ ਨੇ ਸਹੁੰਆਂ ਨੂੰ ਭੁਲਾ ਕੇ, ਸਿੱਖ ਫ਼ੌਜਾਂ ਤੇ ਪਿੱਛੋਂ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦੀ ਚਾਲ ਦੀ ਪੇਸ਼ੀਨਗੋਈ ਕਰਦਿਆਂ ਗੁਰੂ ਸਾਹਿਬ ਨੇ, ਕਿਲ੍ਹਾ ਛੱਡਨ ਤੋਂ ਪਹਿਲਾਂ ਹੀ ਸਿੰਘਾਂ ਅਤੇ ਉਨ੍ਹਾਂ ਦਿਆਂ ਪਰਿਵਾਰਾਂ ਦੀ ਹਿਫ਼ਾਜ਼ਤ ਲਈ, ਚਾਰ ਹਿਫ਼ਾਜ਼ਤੀ ਟੁਕੜੀਆਂ ਬਣਾ ਦਿੱਤੀਆਂ ਸਨ। ਭਾਈ ਉਦੈ ਸਿੰਘ ਜੀ ਨੂੰ 50 ਸਾਥੀਆਂ ਨਾਲ, ਟਿੱਬੀ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੂੰ ਠਲ੍ਹ ਪਾਉਣ ਲਈ, ਭਾਈ ਬਚਿੱਤਰ ਸਿੰਘ ਜੀ ਨਾਲ 100 ਸੈਨਕਾਂ ਨੂੰ ਰੋਪੜ ਦੇ ਲਾਗੇ ਮੁਗ਼ਲ ਸੈਨਕਾਂ ਨੂੰ ਰੋਕਣ ਲਈ ਤੈਨਾਤ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ 100 ਸਿੰਘਾਂ ਦੇ ਨਾਲ, ਸਿੰਘ ਪਰਿਵਾਰਾਂ ਨੂੰ ਸਰਸਾ ਪਾਰ ਕਰਨ ਲੱਗਿਆਂ ਹਿਫ਼ਾਜ਼ਤ ਦੇਣ ਲਈ ਅਤੇ ਭਾਈ ਸੰਗਤ ਸਿੰਘ ਜੀ ਦੀ ਕਮਾਨ ਹੇਠਾਂ, ਗੁਰੂ ਜੀ ਅਤੇ ਪਰਿਵਾਰਾਂ ਦੇ 500 ਤੋਂ ਵੱਧ ਜੀਆਂ ਦੀ ਰੱਖਿਆ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ ਸੀ। ਸਰਸਾ ਦੇ ਕੰਢੇ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਨੇ ਸਿੰਘਾਂ ਤੇ ਪਿੱਛੋਂ ਹਮਲਾ ਕਰ ਦਿੱਤਾ। ਘਮਾਸਾਨ ਲੜਾਈ ਵਿਚ ਭਾਈ ਉਦੈ ਸਿੰਘ ਅਤੇ ਕਾਫ਼ਲੇ ਦੇ ਅਨੇਕਾਂ ਸੈਨਿਕ ਅਤੇ ਪਰਿਵਾਰਾਂ ਦੇ ਜੀਅ ਸ਼ਹੀਦ ਹੋ ਗਏ। ਪਹਾੜਾਂ ਵਿਚ ਬਾਰਿਸ਼ ਹੋਣ ਕਾਰਨ, ਸਰਸਾ ਵੀ ਕਹਿਰਾਂ ਤੇ ਵੱਗ ਰਿਹਾ ਸੀ। ਸਰਸਾ ਪਾਰ ਕਰਦਿਆਂ ਗੁਰੂ ਪਰਿਵਾਰ ਖੇਰੂੰ- ਖੁਰੂੰ ਹੋ ਗਿਆ। ਅਨੇਕਾਂ ਸਿੰਘ/ਸਿੰਘਣੀਆਂ ਅਤੇ ਬੱਚੇ, ਨਦੀ ਦਾ ਰੂਪ ਧਾਰਨ ਕੀਤੇ ਸਰਸਾ ਨਾਲੇ ਦੇ ਕਹਿਰ ਦੀ ਭੇਂਟ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਦੋਵੇਂ ਵੱਡੇ ਸਾਹਿਬਜ਼ਾਦਿਆਂ, ਪੰਜ ਪਿਆਰਿਆਂ, ਪੰਜ ਮੁਕਤਿਆਂ ਅਤੇ ਤੀਹ ਹੋਰ ਸਿੰਘਾਂ ਦੇ ਨਾਲ ਨਬੀ ਖਾਨ ਅਤੇ ਗ਼ਨੀ ਖ਼ਾਨ ਭਰਾਵਾਂ ਦੀ ਮਦੱਦ ਨਾਲ ਨਿਹੰਗ ਖ਼ਾਨ ਦੇ ਡੇਰੇ ਤੇ ਪੁੱਜਣ ਵਿਚ ਸਫ਼ਲ ਹੋ ਗਏ( ਇਹ ਦੋਵੇਂ ਭਰਾ ਨਿਹੰਗ ਖ਼ਾਨ ਦੀ ਭੈਣ ਬੀਬੀ ਉਮਰੀ ਦੇ ਪੁੱਤਰ ਸਨ ਅਤੇ ਗੁਰੂ ਸਾਹਿਬ ਦੇ ਵਿਸ਼ਵਾਸ ਦੇ ਪਾਤਰ ਸਨ। ) ਗੁਰੂ ਸਾਹਿਬ ਅਤੇ ਕਾਫਲਾ ਸਾਰਾ ਦਿਨ ਨਿਹੰਗ ਖ਼ਾਨ ਦੇ ਡੇਰੇ ਤੇ ਰਿਹਾ। ਸ਼ਾਮ ਨੂੰ ਨਿਹੰਗ ਖ਼ਾਨ ਦਾ ਪੁੱਤਰ ਗੁਰੂ ਕਾਫ਼ਲੇ ਨੂੰ ਨੇੜੇ ਦੇ ਪਿੰਡ ਚਮਕੌਰ ਤਕ ਪਹੁੰਚਾ ਆਇਆ। ਸਿੱਖ ਵਿਸ਼ਵਕੋਸ਼ ਅਨੁਸਾਰ, ਚਮਕੌਰ ਵਿਖੇ, ਗੁਰੂ ਸਾਹਿਬ ਤੇ ਸਾਥੀਆਂ ਨੇ ਪਿੰਡ ਦੇ ਬਾਹਰਵਾਰ ਪਿੰਡ ਦੇ ਜ਼ਿਮੀਦਾਰ ਰਾਇ ਜਗਤ ਸਿੰਘ ਦੇ ਬਾਗ ਵਿਚ ਡੇਰਾ ਲਾਇਆ। (ਗੁਰੂ ਜੀ ਦੀ ਇਸ ਸਥਾਨ ਤੇ ਆਮਦ ਦੀ ਯਾਦ ਨੂੰ ਸਮਰਪਿਤ ਉਸ ਸਥਾਨ ਤੇ ਅੱਜਕਲ੍ਹ ਗੁਰਦਵਾਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ) ਸਿੱਖ ਵਿਸ਼ਵਕੋਸ਼ ਅਨੁਸਾਰ, ਗੁਰੂ ਸਾਹਿਬ ਨੇ ਰਾਇ ਜਗਤ ਸਿੰਘ ਕੋਲੋਂ ਉਸ ਦੀ ਹਵੇਲੀ ਵਿਚ ਕੁਝ ਸਮਾਂ ਆਰਾਮ ਕਰਨ/ ਸ਼ਰਣ

ਲੈਣ ਲਈ ਇਜਾਜ਼ਤ ਮੰਗੀ। ਮੁਗ਼ਲ ਹੁਕਮਰਾਨਾਂ ਤੋਂ ਡਰਦਿਆਂ, ਜਗਤ ਸਿੰਘ ਨੇ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਪਰ ਉਸ ਦੇ ਛੋਟੇ ਭਾਈ ਰੂਪ ਚੰਦ ਨੇ, ਜੋ ਉਸ ਹਵੇਲੀ ਦਾ ਸਾਂਝਾ ਮਾਲਿਕ ਸੀ, ਉਸ ਨੇ ਹਾਂ ਕਰ ਦਿੱਤੀ।(ਅੰਬਾਲਾ ਡਿਸਟ੍ਰਿਕਤ ਗ਼ਜ਼ਟ ਅਨੁਸਾਰ, ਇਸ ਹਵੇਲੀ ਦੇ ਮਾਲਿਕ ਭਾਈ ਬਿੱਧੀ ਚੰਦ ਨੇ ਆਪਣੀ ਪੁਸ਼ਤੈਨੀ ਹਵੇਲੀ ਜੋ ਅਕਸਰ ਲਵੇਰੀਆਂ ਦੇ ਚਾਰੇ ਲਈ ਮਾਲ-ਗੁਦਾਮ ਦੇ ਕੰਮ ਆਉਂਦੀ ਸੀ, ਗੁਰੂ ਸਾਹਿਬ ਨੂੰ ਸੌਂਪ ਦਿੱਤੀ।)ਇਜਾਜ਼ਤ ਮਿਲਣ ਤੇ ਗੁਰੂ ਸਾਹਿਬ ਅਤੇ ਸਾਥੀਆਂ ਨੇ ਉਸ ਨਿਮਾਣੀ ਕੱਚੀ ਹਵੇਲੀ ਵਿਚ ਡੇਰਾ ਲਾ ਲਿਆ। ਇਸ ਕੱਚੀ ਹਵੇਲੀ ਵਿਚ ਡੇਰਾ ਲਾਉਣ ਸਮੇਂ ਭਲਾ ਕਿਸ ਨੂੰ ਪਤਾ ਸੀ ਆਉਣ ਵਾਲੀ ਸਵੇਰ ਇਸ ਨਿਮਾਣੀ ਹਵੇਲੀ ਨੇ ਜੋ ਅਮਰ ਇਤਿਹਾਸ ਰਚਣਾ ਹੈ, ਉਸ ਵਰਗਾ ਮਹਾਨ ਇਤਿਹਾਸ ਰਚਣ ਦਾ ਫ਼ਖ਼ਰ ਤਾਂ ਫ਼ੌਲਾਦੀ ਹਵੇਲੀਆਂ ਦਿਆਂ ਨਸੀਬਾਂ ਵਿੱਚ ਵੀ ਨਹੀਂ ਹੁੰਦਾ।) ਥੋੜੀ ਦੇਰ ਵਿਚ ਹੀ ਸ਼ਾਹੀ ਫ਼ੌਜਾਂ ਜੋ ਗੁਰੂ ਸਾਹਿਬ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ, ਉਨ੍ਹਾਂ ਨੇ ਹਵੇਲੀ ਨੂੰ ਚਾਰੋਂ ਪਾਸਿਉਂ ਘੇਰ ਲਿਆ। ਰਾਤ ਪੈ ਗਈ ਸੀ, ਦੋਵੇਂ ਧਿਰਾਂ ਆਉਣ ਵਾਲੀ ਸਵੇਰ ਦੀ ਉਡੀਕ ਕਰਨ ਲੱਗੀਆਂ। ਗੁਰੂ ਸਾਹਿਬ ਅਤੇ ਸਿੰਘਾਂ ਨੇ ਖਾਲਸੇ ਦੀ ਚੜ੍ਹਦੀ ਕਲਾ ਦੇ ਸਬੂਤ ਵੱਜੋਂ, ਮਿਲ ਕੇ ਰਹਿਰਾਸ ਸਾਹਿਬ ਅਤੇ ਸੋਹਿਲਾ ਸਾਹਿਬ ਦੇ ਜਾਪ ਕਰਨ ਬਾਅਦ ਆਰਾਮ ਕਰਨ ਦਾ ਮਨ ਬਣਾ ਲਿਆ।

ਸੱਤ ਦਸੰਬਰ, ਸੰਨ 1705ਈ ਨੂੰ ਪਹੁ ਫੁਟਾਲੇ ਨਾਲ, ਗੁਰੂ ਸਾਹਿਬ ਨੇ ਭਾਈ ਸੰਗਤ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੂੰ ਆਸਾ ਦੀ ਵਾਰ ਕੀਰਤਨ ਲਈ ਆਵਾਜ਼ ਲਗਾਈ। ਆਸਾ ਦੀ ਵਾਰ ਕੀਰਤਨ ਆਰੰਭ ਕਰਨ ਤਕ, ਸਾਰੇ ਸਿੰਘ ਆਪਣੀਆਂ ਫ਼ੌਜੀ ਵਰਦੀਆਂ ਵਿਚ ਤਿਆਰ-ਬਰ ਤਿਆਰ ਖੜੇ ਸਨ। ਆਸਾ ਦੀ ਵਾਰ, ਸਵੇਰ ਦੀਆਂ ਬਾਣੀਆਂ ਦਾ ਜਾਪ ਕਰਨ ਤੋਂ ਬਾਅਦ, ਅਕਾਲਪੁਰੱਖ ਨੂੰ ਭਾਣਾ ਮੰਨਣ, ਦੁਸ਼ਮਣਾਂ ਦਾ ਸਾਹਮਣਾ ਕਰਨ ਦੀ ਤਾਕਤ ਦੇਣ ਲਈ ਅਰਦਾਸ ਕਰਨ ਤਕ ਸੂਰਜ ਨਿਕਲ ਆਇਆ ਸੀ। ਸੂਰਜ ਦੀ ਰੌਸ਼ਨੀ ਵਿਚ ਗੁਰੂ ਸਾਹਿਬ ਨੇ ਦੁਸ਼ਮਨਾਂ ਦੀਆਂ ਫੌਜਾਂ ਮੀਲਾਂ ਵਿਚ ਫ਼ੈਲੀਆਂ ਦੇਖੀਆਂ। ਵੈਰੀਆਂ ਵੱਲੋਂ ਜੰਗ ਦਾ ਬਿਗਲ ਵਜਦਿਆਂ ਹੀ, ਦੁਸ਼ਮਨ ਗੜ੍ਹੀ ਦਾ ਦਰਵਾਜ਼ਾ ਭੰਨਣ ਦੀ ਕੋਸ਼ਿਸ਼ ਕਰਨ ਲੱਗਾ। ਗੁਰੂ ਸਾਹਿਬ ਦਾ ਇਸ਼ਾਰਾ ਪਾ ਕੇ ਭਾਈ ਮਦਨ ਸਿੰਘ ਜੀ ਅਤੇ ਭਾਈ ਕੋਠਾ ਸਿੰਘ ਜੀ ਦਰਵਾਜ਼ਾ ਖੋਲ੍ਹ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਤੇ " ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਲ" ਜੈਕਾਰੇ ਗਜਾਂਦੇ ਮੈਦਾਨ



ਵਿਚ ਕੁੱਦ ਪਏ। ਦੁਸ਼ਮਨਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਅਤੇ ਗੜ੍ਹੀ ਦੇ ਦਰਵਾਜ਼ੇ ਤੋਂ ਦੁਸ਼ਮਨਾਂ ਨੂੰ ਦੂਰ ਰੱਖਣ ਦੇ ਇਰਾਦੇ ਨਾਲ ਗੁਰੂ ਸਾਹਿਬ ਆਪ ਗੜ੍ਹੀ ਦੀ ਮਮਟੀ ਤੋਂ ਤੀਰਾਂ ਦੀ ਬੌਛਾਰ ਕਰ ਕੇ ਦੁਸ਼ਮਨਾਂ ਦਾ ਨੁਕਸਾਨ ਕਰਨ ਵਿਚ ਜੁਟ ਗਏ। ਭਾਈ ਮਦਨ ਸਿੰਘ ਜੀ ਤੇ ਭਾਈ ਕੋਠਾ ਸਿੰਘ ਜੀ ਵੈਰੀਆਂ ਨਾਲ ਲੋਹਾਂ ਲੈਂਦੇ ਹੋਏ, ਕਈ ਮੁਗ਼ਲ ਸੈਨਕਾਂ ਨੂੰ ਮੌਤ ਦੇ ਘਾਟ ਉਤਾਰ, ਕਈਆਂ ਨੂੰ ਫੱਟੜ ਕਰ ਕੇ ਆਪ ਵੀ ਸ਼ਹੀਦ ਹੋ ਗਏ। ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ (ਪੰਨਾ 194) ਤੇ ਲਿਖਤ "ਪੜਚੋਲ ਇਹ ਦਸਦੀ ਹੈ ਕਿ ਗੜ੍ਹੀ ਅੱਗੇ ਅੰਗੀਠਾ ਜਾਂ ਸ਼ਹੀਦੀ ਅਸਥਾਨ ਭਾਈ ਜੀਵਨ ਸਿੰਘ ਦਾ ਨਹੀਂ, ਇਹ ਅਸਥਾਨ ਭਾਈ ਕੋਠਾ ਸਿੰਘ ਅਤੇ ਭਾਈ ਮਦਨ ਸਿੰਘ ਦਾ ਹੈ।" ਭਾਈ ਕੋਠਾ ਸਿੰਘ ਜੀ ਅਤੇ ਭਾਈ ਮਦਨ ਸਿੰਘ ਜੀ ਦੀਆਂ ਸ਼ਹਾਦਤ ਦੇ ਬਾਅਦ, ਗੁਰੂ ਸਾਹਿਬ ਨੇ ਪੰਜ ਸਿੰਘਾਂ ਦਾ ਦੂਜਾ ਜੱਥਾ ਮੈਦਾਨ੍ ਵਿਚ ਉਤਾਰਿਆ। ਇਹ ਜੱਥਾ ਵੀ ਅਨੇਕ ਵੈਰੀਆਂ ਦਾ ਸ਼ੰਘਾਰ ਕਰ ਕੇ ਸ਼ਹੀਦੀਆਂ ਪਾ ਗਿਆ। 18 ਸਾਲ ਉਮਰ ਦੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਗੁਰੂ ਪਿਤਾ ਤੋਂ ਅਗਲੇ ਜੱਥੇ ਦੀ ਅਗਵਾਈ ਕਰਨ ਦੀ ਇਜਾਜ਼ਤ ਮੰਗੀ। ਅਜਿਹੀ ਇਜਾਜ਼ਤ ਦੇ ਅੰਜਾਮ ਨੂੰ ਭਲੀ ਭਾਂਤ ਜਾਣਦੇ ਹੋਏ, ਦਸਮੇਸ਼ ਪਿਤਾ ਨੇ ਸਹਿਜ, ਹੌਸਲੇ ਅਤੇ ਅਦਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਵਾਕ:

**"ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥**
**ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥"**
ਗੁਜਰੀ ਕੀ ਵਾਰ ਮ:੫, ਅੰਗ ੫੨੩

ਉਚਾਰ ਕੇ, ਅਕਾਲਪੁਰੱਖ ਦੀ ਰਜ਼ਾ ਨੂੰ ਪਰਵਾਨ ਕਰਦਿਆਂ, ਸਿੰਘਾਂ ਦੇ ਨਾਲ ਹੀ ਪੁੱਤਰ ਦਾ ਮੱਥਾ ਚੁੰਮ ਕੇ, ਜੰਗ ਦੇ ਮੈਦਾਨ ਵਿਚ ਜੂਝਣ ਦੀ ਇਜਾਜ਼ਤ ਦਿੱਤੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਗੁਰੂ ਪਿਆਰੇ ਭਾਈ ਮੋਹਕਮ ਸਿੰਘ ਅਤੇ ਸਾਥੀਆਂ ਨੇ 'ਬੋਲੇ-ਸੋ-ਨਿਹਾਲ' 'ਸਤਿ ਸ੍ਰੀ ਅਕਾਲ' ਦੇ ਜੈਕਾਰੇ

ਗਜਾਂਦਿਆਂ, ਦੁਸ਼ਮਨਾਂ ਤੇ ਹੱਲਾ ਬੋਲ ਦਿੱਤਾ। ਅਨੇਕਾਂ ਦੁਸ਼ਮਨਾਂ ਨੂੰ ਪਾਰ ਲਗਾ ਕੇ ਜੱਥੇ ਦੇ ਸਾਰੇ ਸਿੰਘਾਂ ਨੇ ਸ਼ਹਾਦਤਾਂ ਦੇ ਜਾਮੇ ਪਹਿਨੇ। ਛੋਟੇ ਵੀਰ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਵੱਡੇ ਵੀਰ ਦੀ ਵੀਰਤਾ ਨੂੰ ਅੱਖੀ ਦੇਖ, ਖੂਨ ਉਬਾਲਾ ਖਾਣ ਲੱਗਾ। ਵੱਡੇ ਵੀਰ ਵਾਂਗਰਾਂ ਹੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਗੁਰੂ ਪਿਤਾ ਤੋਂ ਜੰਗ ਦੇ ਮੈਦਾਨ ਵਿਚ ਜਾਣ ਦੀ ਇਜਾਜ਼ਤ ਮੰਗੀ। ਆਪਣੇ ਵੱਡੇ ਲਖ਼ਤੇ-ਜਿਗਰ ਨੂੰ ਮੈਦਾਨ ਵਿਚ ਭੇਜਣ ਦਾ ਅੰਜਾਮ ਗੁਰੂ ਸਾਹਿਬ ਆਪਣੀ ਅੱਖੀਆਂ ਦੇ ਨਾਲ ਪਹਿਲਾਂ ਹੀ ਦੇਖ ਚੁੱਕੇ ਸਨ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਜੰਗ ਦੇ ਮੈਦਾਨ ਵਿਚ ਭੇਜਣ ਦੇ ਹੋਣ ਵਾਲੇ ਨਤੀਜੇ ਤੋਂ ਭਲੀ ਪ੍ਰਕਾਰ ਜਾਣੂ:

**" ਜਿਸ ਕੀ ਬਸਤੁ ਤਿਸੁ ਆਗੈ ਰਾਖੈ**
**ਪ੍ਰਭ ਕੀ ਆਗਿਆ ਮਾਨੈ ਮਾਥੈ॥"**
ਗਉੜੀ ਸੁਖਮਨੀ ਮ:੫ ਅੰਗ ੨੬੮

ਉਚਾਰ ਕੇ, ਅਕਾਲ ਪੁਰਖ ਦਾ ਆਦੇਸ਼ ਪ੍ਰਵਾਨ ਕਰਦਿਆਂ, ਯੁੱਧ ਨੀਤੀ ਵਿਚ ਨਿਪੁੰਨ ਜਰਨੈਲ ਵਾਂਗਰਾਂ, ਗੁਰੂ ਪਿਤਾ ਨੇ ਬਿਨਾ ਕਿਸੇ ਹਿਚਕਚਾਹਟ, ਪੁੱਤਰ ਜੁਝਾਰ ਸਿੰਘ ਜੀ, ਅਤੇ ਭਾਈ ਅਨਿਕ ਸਿੰਘ ਜੀ, ਭਾਈ ਅਜਬ ਸਿੰਘ, ਭਾਈ ਅਜਾਇਬ ਸਿੰਘ ਜੀ, ( ਤਿੰਨੋ ਸਪੁੱਤਰ ਭਾਈ ਮਨੀ ਸਿੰਘ ਜੀ,) ਭਾਈ ਕਿਰਪਾ ਸਿੰਘ ਜੀ, ਭਾਈ ਸਨਮੁੱਖ ਸਿੰਘ ਜੀ ( ਸਪੁੱਤਰ ਭਾਈ ਅੜੂ ਰਾਮ ਜੀ) ਅਤੇ ਭਾਈ ਮੁਕੰਦ ਸਿੰਘ ਜੀ ਸਪੁੱਤਰ ਭਾਈ ਮਤੀ ਦਾਸ ਜੀ ( ਸਰੋਤ ਭੱਟ ਵਹੀ ਮੁਲਤਾਨੀ ਸਿੰਧੀ) ਦੇ ਮੱਥੇ ਚੁੰਮ ਕੇ ਰਣ ਦੇ ਮੈਦਾਨ ਨੂੰ ਤੋਰੇ। ਗੁਰੂ ਜੀ ਦੇ ਮਰਜੀਵੜੇ ਆਪਣੇ ਆਪਣੇ ਘੋੜਿਆਂ ਨੂੰ ਅੱਡੀ ਲਗਾਉਂਦੇ 'ਵਾਹਿਗੁਰੂ ਜੀ ਕਾ ਖ਼ਾਲਸਾ' 'ਵਾਹਿਗੁਰੂ ਜੀ ਕੀ ਫਤਹਿ' ਗਜਾਂਦਿਆਂ, ਗੜ੍ਹੀ ਦੀ ਚਾਰਦਿਵਾਰੀ ਚੋਂ ਬਿਜਲੀ ਦੀ ਰਫ਼ਤਾਰ ਵਾਂਗ ਨਿਕਲ ਪਏ। ਸਿੰਘਾਂ ਦੀ ਘੱਟ ਗਿਣਤੀ ਹੋਣ ਦੇ ਬਾਵਜੂਦ, ਦੁਸ਼ਮਨ ਸਿੰਘਾਂ ਦੇ ਹੌਸਲੇ ਦੀ ਤਾਰੀਫ ਕੀਤੇ ਬਿਨਾ ਨਾ ਰਹਿ ਸਕੇ। ਸਿੰਘਾਂ ਦਿਆਂ ਦਿਲਾਂ ਵਿਚ ਬਦਲਾ ਲੈਣ ਦੇ ਭਾਂਬੜ ਮਚ ਰਹੇ ਸਨ। ਸਾਹਿਬਜ਼ਾਦਾ ਅਤੇ ਸਿੰਘਾਂ ਦਾ ਜੱਥਾ ਦੁਸ਼ਮਨਾਂ ਦੇ ਟੋਟੇ ਕਰਨ ਲੱਗਾ। ਦੁਸ਼ਮਣਾਂ ਨਾਲ ਜੁਝਦਿਆਂ, ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਕੇ, ਇਸ ਜੱਥੇ ਨੇ ਵੀ ਬਹਾਦੁਰੀ ਦੀ ਮਿਸਾਲ ਕਾਇਮ ਕਰਦਿਆਂ ਸ਼ਹੀਦੀਆਂ ਪਾਈਆਂ। ਸਿੰਘਾਂ ਅਤੇ ਛੋਟੇ ਸਾਹਿਬਜ਼ਾਦੇ ਦੀ ਸ਼ਹਾਦਤ ਨੂੰ ਅੱਖੀਂ ਵੇਖ ਕੇ ਗੁਰੂ ਸਾਹਿਬ ਨੇ,

**"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ**
**ਜੋ ਕਿਛੁ ਹੈ ਸੋ ਤੇਰਾ॥**
**ਤੇਰਾ ਤੁਝ ਕਉ ਸਉਪਤੇ**
**ਕਿਆ ਲਾਗੈ ਮੇਰਾ॥"੨੦੩॥** ਅੰਗ ੧੩੭੫

ਉਚਾਰ ਕੇ ਅਕਾਲਪੁਰੱਖ ਦਾ ਸ਼ੁਕਰਾਨਾ ਕੀਤਾ। ਫਿਰ, ਪੰਜ ਸਿੰਘਾਂ ਦਾ ਇਕ ਹੋਰ ਜੱਥਾ ਰਣ ਵਿਚ ਉਤਾਰ ਦਿੱਤਾ। ਆਖਰੀ ਜੱਥੇ ਦਿਆਂ ਸਿੰਘਾਂ ਦੀ ਸ਼ਹਾਦਤ ਨਾਲ ਸੂਰਜ ਢਲ਼ ਗਿਆ। ਜੰਗ ਬੰਦ ਹੋ ਗਈ।

ਭੁੱਖੇ-ਭਾਣੇ ਵੈਰੀਆਂ ਨਾਲ ਖ਼ੂਨ ਦੀ ਹੋਲੀ ਖੇਡਦਿਆਂ, ਖ਼ਾਲਸੇ ਵਿਚ ਅੰਤਾਂ ਦਾ ਜ਼ਬਤ ਆ ਗਿਆ ਸੀ। ਨੇਮ ਅਨੁਸਾਰ, ਗੁਰੂ ਸਾਹਿਬ ਅਤੇ ਰਹਿੰਦੇ ਪੰਜ ਸਿੰਘਾਂ(ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ ( ਸਪੁੱਤਰ ਭਾਈ ਬਚਿੱਤਰ ਸਿੰਘ ਜੀ ) ਭਾਈ ਸੰਗਤ ਸਿੰਘ ਜੀ ਅਤੇ ਭਾਈ ਸੰਤ ਸਿੰਘ ਜੀ ਨੇ ਮਿਲ ਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ। ਉਪਰੰਤ ਅਕਾਲਪੁਰੱਖ ਨੂੰ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਸਿੰਘਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਆਉਂਦੀ ਸਵੇਰ ਸਿੰਘਾਂ ਦੇ ਕਾਫ਼ਲੇ ਦੀ ਅਗਵਾਈ ਗੁਰੂ ਸਾਹਿਬ ਆਪ ਕਰਨ ਗੇ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਪੰਜੇ ਸਿੰਘ ਫ਼ਿਕਰਮੰਦ ਹੋ ਗਏ। ਸਿੰਘ ਇੱਕ ਪਾਸੇ ਖੜੇ ਹੋ ਕੇ ਸਲਾਹ-ਮਸ਼ਵਰੇ ਵਿਚ ਰੁਝ ਗਏ। ਸਾਰੇ ਸਿੰਘ ਇੱਕ-ਮਤ ਸਨ ਕਿ ਪੰਥ ਨੂੰ ਇਸ ਸਮੇਂ ਗੁਰੂ ਸਾਹਿਬ ਦੀ ਅਗਵਾਈ ਦੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ। ਵਿਚਾਰਾਂ ਦੀ ਸਹਿਮਤੀ ਮਗਰੋਂ, ਪੰਜਾਂ ਸਿੰਘਾਂ ਨੇ ਗੁਰੂ ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਕਰਦਿਆਂ ਕਿਹਾ, ਤੁਸੀਂ ਕਿਹਾ ਸੀ ਜੇ ਲੋੜ ਪਈ ਜਾਂ ਅਜਿਹਾ ਸਮਾਂ ਆਉਣ ਤੇ ਮੈਂ ਪੰਥ ਦਾ ਹੁਕਮ ਪਰਵਾਨ ਕਰਾਂਗਾ। ਭਾਈ ਦਇਆ ਸਿੰਘ ਜੀ ਨੇ ਪੰਜਾਂ ਸਿੰਘਾਂ ਦੀ ਅਗਵਾਈ ਕਰਦਿਆਂ ਕਿਹਾ " ਉਹ ਵੇਲਾ ਹੁਣ ਆ ਗਿਆ ਹੈ। ਖਾਲਸਾ ਜੀ ਦੀ ਆਪਣੇ ਗੁਰੂ ਨੂੰ ਇਲਤਜਾ ਹੈ ਕਿ ਤੁਸੀਂ ਹੁਣ ਗੜ੍ਹੀ ਛੱਡ ਕੇ ਕਿਸੇ ਹਿਫ਼ਾਜ਼ਤੀ ਸਥਾਨ ਤੇ ਚਲੇ ਜਾਓ।" ਭਾਈ ਦਇਆ ਸਿੰਘ ਜੀ ਦੇ ਬੋਲ ਸੁਣ ਕੇ ਗੁਰੂ ਸਾਹਿਬ ਕੁਝ ਸੋਚ ਵਿਚ ਪੈ ਗਏ, ਕੁਝ ਸਮੇਂ ਬਾਅਦ ਬੋਲੇ, "ਮੈਨੂੰ ਵੀ ਸਿੰਘਾਂ ਦੇ ਨਾਲ ਸ਼ਹੀਦੀ ਪ੍ਰਾਪਤ ਕਰਨ ਦਾ ਹੱਕ ਪ੍ਰਾਪਤ ਹੋਣਾ ਚਾਹੀਦਾ ਹੈ।" " ਮੈਂ ਪਰਵਾਨ ਕਰਦਾ ਹਾਂ ਕਿ ਪੰਥ ਦਾ ਹੁਕਮ ਮੰਨਣ ਦਾ ਵਚਨਬੱਧ ਹਾਂ, ਪਰ ਲੁਕ-ਛੁਪ ਕੇ ਗੜ੍ਹੀ ਦਾ ਤਿਆਗ ਨਹੀਂ ਕਰਾਂਗਾ। ਦੁਸ਼ਮਣਾਂ ਨੂੰ ਲਲਕਾਰ ਕੇ ਬਾਹਰ ਨਿਕਲਾਂਗਾ।" ਇਨ੍ਹਾਂ ਹਾਲਾਤਾਂ ਵਿਚ ਪੰਥ ਦਾ ਪਹਿਲਾ ਇਤਿਹਾਸਕ ਗੁਰਮੱਤਾ, ਚਮਕੌਰ ਹਵੇਲੀ ਦੀਆਂ ਕੱਚੀਆਂ ਕੰਧਾਂ ਵਿਚਕਾਰ ਪਾਸ ਹੋਇਆ, ਜਿਸ ਦੀ ਪੇਸ਼ੀਨਗੋਈ ਗੁਰੂ ਸਾਹਿਬ ਨੇ ਗੜ੍ਹੀ ਵਿਚ ਪ੍ਰਵੇਸ਼ ਕਰਦਿਆਂ ਕਰ ਦਿੱਤੀ ਸੀ।

ਖਾਲਸੇ ਦੇ ਹੁਕਮ ਦੀ ਪਾਲਣਾ ਕਰਦਿਆਂ, ਭਾਈ ਸੰਗਤ ਸਿੰਘ ਜੀ ਨੂੰ ਦਸਤਾਰ 'ਤੇ ਕਲਗੀ ਸਜਾ ਕੇ ਗੁਰੂ ਗੋਬਿੰਦ ਸਿੰਘ ਜੀ, ਤਿੰਨ ਸਿੰਘਾਂ ਦੇ ਨਾਲ, ਗੜ੍ਹੀ ਦਾ ਤਿਆਗ ਕਰ ਗਏ। ਉਸ ਸਮੇਂ ਗੜ੍ਹੀ ਵਿਚ ਕੇਵਲ ਦੋ ਸਿੰਘ ਭਾਈ ਸੰਗਤ ਸਿੰਘ ਜੀ ਅਤੇ ਭਾਈ ਸੰਤ ਸਿੰਘ ਜੀ ਹੀ ਰਹਿ ਗਏ ਸਨ। ਜਿਨ੍ਹਾਂ ਦੀਆਂ ਸ਼ਹਾਦਤਾਂ ਆਉਂਦੀ ਸਵੇਰ ਹੋਈਆਂ। (ਚਮਕੌਰ ਦੇ ਜੰਗ ਦੇ ਇਤਿਹਾਸ ਵਿਚ, ਇਤਿਹਾਸਕਾਰਾਂ ਦੁਆਰਾ ਸ਼ਹੀਦ ਸਿੰਘਾਂ ਦੇ ਸਸਕਾਰ ਕਰਨ ਦਾ ਜ਼ਿਕਰ ਨਹੀਂ ਮਿਲਦਾ। ਇਸ ਤੱਥ ਵਿਚ ਸ਼ੱਕ ਨਹੀਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੇ ਸਿੰਘਾਂ ਨੂੰ ਆਪਣਾ ਪੁੱਤਰ ਹੀ ਮੰਨਦੇ ਸਨ, ਤਾਹੀਉਂ ਤਾਂ ਹਰ ਸਿੰਘ ਦਾ ਮੱਥਾ ਚੁੰਮ ਕੇ ਜੰਗ ਦੇ ਮੈਦਾਨ ਵਿਚ ਭੇਜਿਆ।) ਕੁਝ ਇਤਿਹਾਸਕ ਗਵਾਹੀਆਂ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਚਮਕੌਰ ਦੀ ਗੜ੍ਹੀ ਛੋੜ ਕੇ ਮਾਛੀਵਾੜੇ ਵੱਲ ਜਾਂਦਿਆਂ, ਸ਼ਹੀਦ ਸਿੰਘਾਂ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਦਿਆਂ, ਕੁਝ ਪਲ ਰਾਏਪੁਰ ਰਾਣੀ ਪਿੰਡ ਵੀ ਰੁਕੇ। ਜਿਥੇ, ਗੁਰੂ ਗੋਬਿੰਦ ਸਿੰਘ ਜੀ ਨੇ ਯੋਧੇ ਪ੍ਰੀਤਮ ਸਿੰਘ ਜੀ ਦੀ ਪਤਨੀ ਸ਼ਰਨ ਕੌਰ ਪਾਬਲਾ ਜੀ ਨੂੰ ਇਸ ਲੜਾਈ ਵਿਚ ਦੋਨੋਂ ਵੱਡੇ ਸਾਹਿਬਜ਼ਾਦਿਆਂ ਅਤੇ ਪੈਂਤੀ ਸਿੰਘਾਂ ਦੀਆਂ ਸ਼ਹਾਦਤਾਂ ਤੋਂ ਜਾਣੂ ਕਰਵਾਂਦਿਆਂ ਕਿਹਾ ਕਿ "ਤੁਹਾਡੀ, ਗੁਰੂ ਦੇ ਕਿਸੇ ਕੰਮ ਆਉਣ ਦੀ ਮਨਸ਼ਾ ਪੂਰੀ ਕਰਨ ਦਾ ਅਵਸਰ ਆ ਗਿਆ ਹੈ। ਅੱਜ ਤੁਹਾਨੂੰ ਚਮਕੌਰ ਦੇ ਮੈਦਾਨ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸ਼ਹੀਦਾਂ ਦੇ ਸਸਕਾਰ ਕਰਨ ਦੀ ਜ਼ੁੰਮੇਵਾਰੀ ਸੌਂਪੀ ਜਾਂਦੀ ਹੈ।"

ਬੀਬੀ ਸ਼ਰਨ ਕੌਰ ਜੀ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤਾ ਮਿਸ਼ਨ ਇੱਕ ਭਾਰੀ ਚੁਨੌਤੀ ਭਰਿਆ ਜ਼ੁੰਮੇਵਾਰੀ ਨਿਭਾਉਣ ਦਾ ਅਵਸਰ ਸੀ। ਹੁੰਦਾ ਵੀ ਕਿਉਂ ਨਾ, ਇਲਾਕੇ ਵਿਚ ਵਸਦੇ, ਅਨੇਕਾਂ ਗੁਰੂ ਸੇਵਕਾਂ ਅਤੇ ਸ਼ਰਧਾਲੂਆਂ ਦੇ ਹੁੰਦਿਆਂ, ਪੰਥ ਦੇ ਵਾਲੀ ਦਾ ਬੀਬੀ ਸ਼ਰਨ ਕੌਰ (ਹਰਿਸ਼ਰਨ ਕੌਰ)ਜੀ ਨੂੰ ਹੀ ਇਸ ਅਜ਼ਮਾਇਸ਼ ਲਈ ਚੁਣਨਾ, ਬੀਬੀ ਜੀ ਨੂੰ ਮਾਣ 'ਤੇ ਸਨਮਾਨ ਬਖ਼ਸ਼ਣ ਤੋਂ ਘੱਟ ਨਹੀਂ ਸੀ। ਇਸ ਦੇ ਨਾਲ ਹੀ ਬੀਬੀ ਜੀ ਦੀ ਗੁਰੂ ਸਾਹਿਬ ਦੇ ਕਿਸੇ ਕੰਮ ਆਉਣ ਦੀ ਮਨਸ਼ਾ ਪੂਰੀ ਕਰਨ ਦਾ ਮੌਕਾ ਵੀ ਸੀ। ਗੁਰੂ ਸਾਹਿਬ ਨੂੰ ਕਾਰਜ ਦੀ ਪੂਰਤੀ ਦਾ ਭਰੋਸਾ ਦੇ ਕੇ ਵਿਦਾ ਕਰਨ ਮਗਰੋਂ, ਬੀਬੀ ਜੀ ਦੇ ਮਨ ਵਿਚ ਉਥੱਲ-ਪੁਥੱਲ ਹੋਣ ਲੱਗੀ, ਜੋ ਲਾਜ਼ਮੀ ਪ੍ਰਤੀਕਿਰਿਆ ਸੀ। ਰਾਤ ਦਾ ਪਹਿਲਾ ਪਹਿਰ ਬੀਤ ਚਲਿਆ ਸੀ। ਬਿਨਾ ਹੋਰ ਸਮਾਂ ਗੁਆਏ, ਗੁਰੂ ਜੀ ਵੱਲੋਂ ਲਗਾਈ ਜ਼ੁੰਮੇਵਾਰੀ ਨੂੰ ਅੰਜਾਮ ਦੇਣ ਦਾ ਮਨ ਬਣਾ, ਅਕਾਲਪੁਰੱਖ ਨੂੰ ਮੁਸ਼ਕਿਲ ਦੀ ਘੜੀ ਵਿਚ ਸਹਾਇਕ ਹੋਣ ਲਈ

**"ਤੁਮ ਦਾਤੇ ਤੁਮ ਪੁਰਖ ਬਿਧਾਤੇ॥**
**ਤੁਮ ਸਮਰਥ ਸਦਾ ਸੁਖਦਾਤੇ॥**
**ਸਭ ਕੋ ਤੁਮ ਹੀ ਤੇ ਵਰਸਾਵੈ,**
**ਅਉਸਰੁ ਕਰਹੁ ਹਮਾਰਾ ਪੂਰਾ ਜੀਉ॥**

ਮਾਝ ਮਹਲਾ ੫, ਅੰਗ ੯੯ ਸ੍ਰੀ ਗੁ ਗ੍ਰ ਸਾ

ਅਰਦਾਸ ਕੀਤੀ। ਫਿਰ, ਸਸਕਾਰ ਕਰਨ ਲਈ ਕੁਝ ਜ਼ਰੂਰੀ ਵਸਤਾਂ ਨੂੰ ਇਕ ਝੋਲੇ ਵਿਚ ਸੰਭਾਲਦਿਆਂ ਘਰ ਛੋੜ ਦਿੱਤਾ। ਬੀਬੀ ਜੀ ਸੋਚ ਵਿਚ ਡੁੱਬੇ ਤੁਰਦੇ ਜਾ ਰਹੇ ਸਨ ਕਿ, ਅਜਿਹੇ ਧਰਮ ਕਾਰਜ ਦੀ ਪੂਰਤੀ ਵਿਚ ਸਹਾਇਅਤਾ ਕਰਨ ਲਈ, ਰਾਤ ਦੇ ਇਸ ਪਹਿਰ ਕਿਸ ਨੂੰ ਟੋਹਿਆ ਜਾ ਸਕਦਾ ਹੈ? ਜਿਸ ਕਿਸੇ ਪਾਸੋਂ ਅਜਿਹੀ ਮਦੱਦ ਦੀ ਆਸ ਕੀਤੀ ਜਾਏ, ਉਹ ਸਾਹਸੀ ਹੋਣ ਦੇ ਨਾਲ (ਪੂਰਨ ਭਰੋਸੇ ਵਾਲਾ ਹੋਣਾ ਚਾਹੀਦਾ ਹੈ। ਬੀਬੀ ਸ਼ਰਨ ਕੌਰ ਜੀ (ਹਰਿਸ਼ਰਨ ਕੌਰ ਜੀ) ਦੇ ਜ਼ਿਹਨ ਵਿਚ ਅਨੇਕਾਂ ਨਾਮ ਘੁੰਮ ਗਏ। ਬੀਬੀ ਜੀ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਪਾਸ ਬਹੁਤਾ ਸਮਾਂ ਨਹੀਂ ਹੈ। ਸਵੇਰ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਇਸ ਮੁਹਿੰਮ ਨੂੰ ਸਿਰੇ ਚੜ੍ਹਾਣਾ ਅਤਿ ਜ਼ਰੂਰੀ ਹੈ। ਮਨ ਦੀ ਇਸ ਉਧੇੜ-ਬੁਣ ਵਿਚ ਹੀ ਬੀਬੀ ਜੀ ਦੇ ਮਨ ਦੀ ਕਿਸੇ ਨੁਕਰੇ ਕਿਸੇ ਦੈਵੀ ਸ਼ਕਤੀ ਦੀ ਮਦੱਦ ਦਾ ਭਰੋਸਾ ਵੀ ਧਾੜਸ ਬੰਨ੍ਹਾ ਰਿਹਾ ਸੀ। ਆਖ਼ਰ ਬੀਬੀ ਜੀ ਨੇ ਆਪਣਾ ਮਨ ਬਣਾ ਕੇ ਇੱਕ ਬੂਹੇ ਤੇ ਜਾ ਦਸਤਕ ਦਿੱਤੀ। ਬੂਹਾ ਖੋਲ੍ਹਣ ਵਾਲੇ ਨਾਲ ਕੁਝ ਪਲ ਘੁਸਰ-ਮੁਸਰ ਹੋਈ। ਬੂਹਾ ਖੋਲ੍ਹਣ ਵਾਲਾ ਘਰ ਦੇ ਅੰਦਰ ਗਿਆ। ਪਲ ਵਿਚ ਹੀ ਉਸੇ ਘਰ ਚੋਂ ਇਕ ਹੋਰ ਸਾਥੀ ਉਨ੍ਹਾਂ ਨਾਲ ਆ ਜੁੜਿਆ। ਦੇਖਦੇ ਹੀ ਦੇਖਦੇ ਤਿੰਨੋਂ ਸਿਦਕੀ ਵਣਜਾਰੇ, ਅੰਨੀ-ਬੋਲੀ ਰਾਤ ਵਿੱਚ, ਲਕੜੀਆਂ ਵਢ੍ਹਣ ਲਈ ਕੁਹਾੜੀ, ਆਰੀ 'ਤੇ ਸਸਕਾਰ ਕਰਨ ਲਈ ਜ਼ਰੂਰੀ ਸਾਮਾਨ ਫੜੀ ਜੰਗਲ ਵੱਲ ਹੋ ਤੁਰੇ। (ਕੁਝ ਇਤਿਹਾਸਕਾਰਾਂ ਅਨੁਸਾਰ ਬੀਬੀ ਜੀ ਆਪਣੇ ਨਾਲ ਕੇਵਲ ਇਕ ਸਾਥੀ ਜਦਕਿ ਕੁਝ ਹੋਰ ਸਰੋਤਾਂ ਅਨੁਸਾਰ ਦੋ ਸਾਥੀ) ਇਕੱਤਰ ਕੀਤੇ ਸਨ, ਪਰ ਨਾਮ ਕਿਸੇ ਇਤਿਹਾਸਕਾਰ ਨੇ ਨਹੀਂ ਲਿਖੇ। ਇਸ ਲੇਖ ਦੇ ਲਿਖਣ ਤੋਂ ਕੁਝ ਮਹੀਨੇ ਪਹਿਲਾਂ ਗੁਰਦਵਾਰਾ ਬੰਗਲਾ ਸਾਹਿਬ ਦਿੱਲੀ ਤੋਂ ਸਿੱਖ ਜਗਤ ਦੇ ਵਿਦਵਾਨ ਵਿਆਖਿਆਕਾਰ ਰਾਜੌਰੀ ਗਾਰਡਨ ਦਿੱਲੀ ਦੇ ਡਾਕਟਰ ਮਨਪ੍ਰੀਤ ਸਿੰਘ ਜੀ ਨੇ ਕਥਾ ਦੇ ਦੌਰਾਨ ਇਸ ਇਤਿਹਾਸਕ ਪ੍ਰਸੰਗ ਦਾ ਜ਼ਿਕਰ ਕਰਦਿਆਂ ਦਸਿਆ ਕਿ ਬੀਬੀ ਸਰਨ ਕੌਰ( ਬੀਬੀ ਹਰਿਸ਼ਰਨ ਕੌਰ ਜੀ ) ਦੇ ਨਾਲ ਮਿਲ ਕੇ ਜਿਨ੍ਹਾਂ ਦੋ ਸਿੱਖਾਂ ਨੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੇ ਸ਼ਹੀਦਾਂ ਦੇ ਸਸਕਾਰ ਕੀਤੇ

ਸਨ, ਉਹ ਦੋਵੇਂ ਸਿੱਖ ਸੱਕੇ ਭਰਾ ਭਾਈ ਤ੍ਰਿਲੋਕਾ ਅਤੇ ਭਾਈ ਰਾਮਾ ਜੀ ਬਾਬਾ ਫੂਲ ਦੇ ਸਪੁੱਤਰ ਸਨ।

ਬੀਬੀ ਸ਼ਰਨ ਕੌਰ (ਹਰਿਸ਼ਰਨ ਕੌਰ) ਜੀ ਅਤੇ ਦੋਵੇਂ ਸਿਦਕੀ ਸਾਥੀ, ਦਸੰਬਰ ਦੀ ਕਹਿਰਾਂ ਦੀ ਠਿਠਰਦੀ ਰਾਤ ਵਿਚ ਵੈਰੀ ਦਲ ਦੇ ਪਹਿਰੇਦਾਰਾਂ ਤੋਂ ਬਚਦੇ- ਬਚਾਂਦੇ ਗੁਰੂ ਸਾਹਿਬ ਵੱਲੋਂ ਲਗਾਈ ਜ਼ੁੰਮੇਵਾਰੀ ਨੂੰ ਅੰਜਾਮ ਦੇਣ ਵਿਚ ਜੁੱਟ ਗਏ। ਘੁੱਪ ਹਨੇਰੀ ਰਾਤ ਵਿਚ, ਜਿਵੇਂ ਕਿਸੇ ਰਾਹੀ ਨੂੰ ਦੂਰ ਦੁਰਾਡੇ ਦਿਸਦੀ ਲੋਅ ਧਰਵਾਸ ਦਾ ਕਾਰਨ ਬਣਦੀ ਹੈ, ਇਨ੍ਹਾਂ ਸਿਰੜੀ ਸਿੱਖਾਂ ਨੂੰ ਗੁਰੂ ਜੀ ਦੇ ਕੰਮ ਆਉਣ ਦੀ ਲਾਲਸਾ ਹਿੰਮਤ ਬਨ੍ਹਾ ਰਹੀ ਸੀ। ਸੰਭਵਤਾ ਇੱਥੇ ਇਹ ਸੋਚਿਆ ਜਾ ਸਕਦਾ ਹੈ ਕਿ, ਵਕਤੀ ਹਾਲਾਤ ਨੂੰ ਵੇਖਦਿਆਂ, ਰਾਹ ਵਿਚ ਤਿੰਨੋਂ ਸਿਰੜੀ ਸਿੱਖਾਂ ਨੇ ਸਲਾਹ ਮਸ਼ਵਰਾ ਕਰ ਕੇ, ਸਾਰੇ ਸ਼ਹੀਦਾਂ ਲਈ ਇੱਕੋ ਵੱਡਾ ਅੰਗੀਠਾ ਤਿਆਰ ਕਰਨ ਦਾ ਮਨ ਬਣਾ ਲਿਆ ਹੋਏਗਾ। ਮੁਗ਼ਲ ਸੁਰੱਖਿਆ ਦੇ ਬਾਵਜੂਦ, ਸ਼ਹੀਦਾਂ ਦੇ ਅੰਗੀਠੇ ਲਈ ਲਕੜਾਂ ਵੱਢੀਆਂ/ਇੱਕਤਰ ਕੀਤੀਆਂ। ਫਿਰ ਜੰਗ ਦੇ ਮੈਦਾਨ 'ਚੋਂ ਬਹਾਦੁਰ ਸ਼ਹੀਦ ਸਿੰਘਾਂ ਅਤੇ ਦੋਨੋਂ ਸਾਹਿਬਜ਼ਾਦਿਆਂ ਦੀਆਂ ਦੇਹਾਂ ਦੀ ਸ਼ਨਾਖਤ ਕਰ ਕੇ ਦੇਹਾਂ ਨੂੰ ਸਤਿਕਾਰ ਸਹਿਤ ਅੰਗੀਠੇ 'ਤੇ ਲਿਟਾਉਣਾ ਆਰੰਭ ਕਰ ਦਿੱਤਾ। (ਕੁਝ ਇਤਿਹਾਸਕਾਰਾਂ ਅਨੁਸਾਰ, ਬੀਬੀ ਜੀ ਅਤੇ ਸਾਥੀਆਂ ਨੂੰ ਕੇਵਲ ੩੨ ਦੇਹਾਂ ਦੀ ਪ੍ਰਾਪਤੀ ਹੋਈ ਸੀ।) ਬੀਬੀ ਜੀ ਨਾਲ ਆਏ ਦੋਵੇਂ ਸਾਥੀ, ਬੀਬੀ ਜੀ ਨੂੰ ਅੰਗੀਠੇ ਦੇ ਪਾਸ ਛੋੜ ਕੇ, ਸੰਭਵਿਤ ਜ਼ਖ਼ਮੀ ਜਾਂ ਸ਼ਹੀਦ ਸਿੰਘਾਂ ਦੀਆਂ ਦੇਹਾਂ ਦੀ ਭਾਲ ਵਿਚ ਨਿਕਲ ਪਏ।) ਬੀਬੀ ਸਰਨ ਕੌਰ (ਬੀਬੀ ਹਰਿਸ਼ਰਨ ਕੌਰ)ਜੀ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ, ਅੰਗੀਠੇ ਦੀ ਇੱਕ ਨੁੱਕਰ ਵਿਚ ਬੈਠ ਕੇ ਜਪੁਜੀ ਸਾਹਿਬ ਦਾ ਜਾਪ ਆਰੰਭ ਕਰ ਦਿੱਤਾ। ਪਾਠ ਦੀ ਸਮਾਪਤੀ ਤਕ ਰਾਤ ਦਾ ਆਖਰੀ ਪਹਿਰ ਹੋ ਗਿਆ ਸੀ। ਹੋਰ ਸ਼ਹੀਦ ਸਿੰਘਾਂ ਦੀ ਭਾਲ ਵਿਚ ਨਿਕਲੇ ਸਾਥੀ ਅਜੇ ਵਾਪਿਸ ਨਹੀਂ ਮੁੜੇ ਸਨ। ਵਕਤ ਦੀ ਨਜ਼ਾਕਤ ਨੂੰ ਦੇਖਦਿਆਂ, ਬੀਬੀ ਸ਼ਰਨ ਕੌਰ ਜੀ ਨੇ 'ਸਤਿਨਾਮ/ਵਾਹਿਗੁਰੂ' ਕਹਿੰਦਿਆਂ, ਅੰਗੀਠੇ ਨੂੰ ਅਗਨ ਭੇਂਟ ਕਰਨ ਲਈ ਅਰਦਾਸ ਕੀਤੀ ਫਿਰ ਅੰਗੀਠੇ ਨੂੰ ਅਗਨ ਭੇਂਟ ਕਰ ਦਿੱਤਾ। ਥੋੜ੍ਹੀ ਦੇਰ ਵਿਚ ਅੰਗੀਠੇ ਚੋਂ ਨਿਕਲਦੀ ਅੱਗ ਦੀ ਫੈਲੀ ਰੌਸ਼ਨੀ ਨੇ ਮੁਗ਼ਲ ਫ਼ੌਜਾਂ ਅਤੇ ਰੰਘੜਾਂ ਦੇ ਸੁੱਤੇ ਸੈਨਕਾਂ ਨੂੰ ਜਗਾ ਦਿੱਤਾ। ਮੁਗ਼ਲ ਤੇ ਰੰਗੜ੍ਹ ਸੈਨਿਕ ਜੋ, ਸਿੱਖ ਯੋਧਿਆਂ ਦੀਆਂ ਲਾਸ਼ਾਂ ਨੂੰ ਸੜਦਿਆਂ ਦੇਖਣ ਦੇ ਚਾਹਵਾਨ ਸਨ। ਸ਼ਹੀਦਾਂ ਦੀਆਂ ਦੇਹਾਂ ਨੂੰ ਅਗਨ ਭੇਂਟ ਕਰਨ ਵਾਲੇ ਨੂੰ ਸਜ਼ਾ ਦੇਣ ਦੀ ਨੀਯਤ ਨਾਲ, ਪਕੜਨ ਲਈ ਦੌੜੇ। ਪਕੜੇ ਜਾਣ ਦੀ ਸੂਰਤ ਵਿਚ ਬੀਬੀ ਸ਼ਰਨ ਕੌਰ ਜੀ ਨਾਲ ਕੀ ਵਤੀਰਾ ਹੋ ਸਕਦਾ ਸੀ? ਅੱਖ ਦੇ ਪਲਕਾਰੇ ਵਿਚ, ਬੀਬੀ ਜੀ ਨੇ ਖਤਰਾ ਮਹਿਸੂਸ ਕਰਦਿਆ, ਪੱਤ ਬਚਾਉਣ ਦੀ ਖ਼ਾਤਰ, ਜਲਦੇ ਅੰਗੀਠੇ ਵਿਚ ਛਲਾਂਗ ਮਾਰ ਕੇ, ਆਪਣੇ ਆਪ ਨੂੰ ਜੀਉਂਦਿਆਂ ਸਾੜ ਕੇ ਸ਼ਹਾਦਤ ਪਾਉਣ ਦੀ ਅਦੁੱਤੀ ਮਿਸਾਲ ਕਾਇਮ ਕੀਤੀ। ਕੁਝ ਇਤਿਹਸਕਾਰ ਲਿਖਦੇ ਹਨ ਕਿ ਮੁਗ਼ਲਾਂ ਨੇ ਬੀਬੀ ਜੀ ਨੂੰ ਚੁੱਕ ਕੇ ਬਲਦੀ ਅੱਗ ਵਿਚ ਸੁੱਟ ਦਿੱਤਾ, ਸੂਰਤ-ਏ-ਹਾਲਾਤ ਨੂੰ ਦੇਖਦਿਆਂ, ਮੁਨਾਸਿਬ ਨਹੀਂ ਲਗਦੀ।

ਇਸ ਤਰ੍ਹਾਂ ਬੀਬੀ ਸ਼ਰਨ ਕੌਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਗਾਈ ਜ਼ੁੰਮੇਵਾਰੀ ਨੂੰ 'ਜਾਨ ਤੇ ਖੇਡ' ਕੇ ਨਿਭਾਇਆ। ਵੱਖ ਵੱਖ ਵਸੀਲਿਆਂ ਤੋਂ ਪ੍ਰਾਪਤ ਚਮਕੌਰ ਦੀ ਧਰਤੀ ਤੇ ਸ਼ਹਾਦਤਾਂ ਪਾਉਣ ਵਾਲੇ ਅਜ਼ੀਮ ਸ਼ਹੀਦਾਂ ਦਿਆਂ ਨਾਵਾਂ ਵਿਚ ਸਮਾਨਤਾ ਨਹੀਂ ਮਿਲਦੀ। ਅਸੀਂ ਤਿੰਨ ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਨਾਵਾਂ ਦਾ ਉਲੇਖ ਹੇਠਾਂ ਕਰ ਰਹੇ ਹਾਂ। ਸਰੋਤ ਮਹਾਨ ਸ਼ਬਦ- ਐਡੀਸ਼ਨ 2004, ਕੋਸ਼ ਪੰਨਾ 735) ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ;

1 ਸਾਹਿਬਜ਼ਾਦਾ ਅਜੀਤ ਸਿੰਘ ਜੀ
2 ਸਾਹਿਬਜ਼ਾਦਾ ਜੁਝਾਰ ਸਿੰਘ ਜੀ
3) ਭਾਈ ਸਹਜ ਸਿੰਘ ਜੀ
4) ਭਾਈ ਸਰਦੂਲ ਸਿੰਘ ਜੀ
5 ਭਾਈ ਸਰੂਪ ਸਿੰਘ ਜੀ
6) ਭਾਈ ਸਾਹਿਬ ਸਿੰਘ ਜੀ
7) ਭਾਈ ਸੁਜਾਨ ਸਿੰਘ ਜੀ
8) ਭਾਈ ਸ਼ੇਰ ਸਿੰਘ ਜੀ
9) ਭਾਈ ਸੇਵਾ ਸਿੰਘ ਜੀ
10) ਭਾਈ ਸੰਗੋ ਸਿੰਘ ਜੀ
11) ਭਾਈ ਸੰਤ ਸਿੰਘ ਜੀ
12) ਭਾਈ ਹਰਦਾਸ ਸਿੰਘ ਜੀ
13) ਭਾਈ ਹਿੰਮਤ ਸਿੰਘ ਜੀ
14) ਭਾਈ ਕਰਮ ਸਿੰਘ ਜੀ
15) ਭਾਈ ਕਿਰਪਾਲ ਸਿੰਘ ਜੀ
16) ਭਾਈ ਖੜਗ ਸਿੰਘ ਜੀ
17) ਭਾਈ ਗੁਰਦਾਸ ਸਿੰਘ ਜੀ
18) ਭਾਈ ਗੁਰਦਿੱਤ ਸਿੰਘ ਜੀ
19) ਭਾਈ ਗੁਲਾਬ ਸਿੰਘ ਜੀ
20) ਭਾਈ ਗੰਗਾ ਸਿੰਘ ਜੀ
21) ਭਾਈ ਗੰਡਾ ਸਿੰਘ ਜੀ
22) ਭਾਈ ਚੜ੍ਹਤ ਸਿੰਘ ਜੀ
23) ਭਾਈ ਜਵਾਹਰ ਸਿੰਘ ਜੀ
24) ਭਾਈ ਜੈਮਲ ਸਿੰਘ ਜੀ

25) ਭਾਈ ਜ੍ਵਾਲਾ ਸਿੰਘ ਜੀ
26) ਭਾਈ ਝੰਡਾ ਸਿੰਘ ਜੀ
27) ਭਾਈ ਟੇਕ ਸਿੰਘ ਜੀ
28) ਭਾਈ ਠਾਕੁਰ ਸਿੰਘ ਜੀ
29) ਭਾਈ ਤ੍ਰਿਲੋਕ ਸਿੰਘ ਜੀ
30) ਭਾਈ ਦਯਾਲ ਸਿੰਘ ਜੀ
31) ਭਾਈ ਦਮੋਦਰ ਸਿੰਘ ਜੀ
32) ਭਾਈ ਨਰਾਯਣ ਸਿੰਘ ਜੀ
33) ਭਾਈ ਨਿਹਾਲ ਸਿੰਘ ਜੀ
34) ਭਾਈ ਪੰਜਾਬ ਸਿੰਘ ਜੀ
35) ਭਾਈ ਪ੍ਰੇਮ ਸਿੰਘ ਜੀ
36) ਭਾਈ ਬਸਾਵਾ ਸਿੰਘ ਜੀ
37) ਭਾਈ ਬਿਸ਼ਨ ਸਿੰਘ ਜੀ
38) ਭਾਈ ਭਗਵਾਨ ਸਿੰਘ ਜੀ
39) ਭਾਈ ਮਤਾਬ ਸਿੰਘ ਜੀ
40) ਭਾਈ ਮੁਹਕਮ ਸਿੰਘ ਜੀ
41) ਭਾਈ ਰਣਜੀਤ ਸਿੰਘ ਜੀ
42) ਭਾਈ ਰਤਨ ਸਿੰਘ ਜੀ

ਡਾਕਟਰ ਗੰਡਾ ਸਿੰਘ (ਪੀ ਐਚ ਡੀ) ਦੀ ਖੋਜ ਅਨੁਸਾਰ, ਚਮਕੌਰ ਸਾਹਿਬ ਵਿਖੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਨਾਲ ਸ਼ਹਾਦਤਾਂ ਪਾਉਣ ਵਾਲੇ ਚਾਲ੍ਹੀ ਮੁਕਤਿਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:

1) ਭਾਈ ਦੈਆ ਸਿੰਘ ਜੀ ਵਾਸੀ ਲਹੌਰ
2) ਭਾਈ ਧਰਮ ਸਿੰਘ ਜੀ ਵਾਸੀ ਉੱਤਰ ਪ੍ਰਦੇਸ਼
3) ਭਾਈ ਮੋਹਕਮ ਸਿੰਘ ਜੀ ਵਾਸੀ ਦਵਾਰਕਾ ਜੀ
4)ਭਾਈ ਸਾਹਿਬ ਸਿੰਘ ਜੀ ਵਾਸੀ ਬਿਦਰ
5) ਭਾਈ ਹਿੰਮਤ ਸਿੰਘ ਜੀ ਵਾਸੀ ਜਗਨਨਾਥ
6) ਭਾਈ ਦੇਵਾ ਸਿੰਘ ਜੀ
7)ਭਾਈ ਰਾਮ ਸਿੰਘ ਜੀ ਬੇਟਾ ਭਾਈ ਬਚਿੱਤਰ ਸਿੰਘ ਜੀ ਕਾ(ਸਿੰਘ ਸਾਗਰ,ਕ੍ਰਿਤ ਵੀਰ ਸਿੰਘ ਬੱਲ ਅਧਿ 11, 1884ਬਿ:(1827ਈ)
8)ਭਾਈ ਟਹਿਲ ਸਿੰਘ ਜੀ
9) ਭਾਈ ਈਸ਼ਰ ਸਿੰਘ ਜੀ
10) ਭਾਈ ਫਤੇ ਸਿੰਘ ਜੀ
11) ਭਾਈ ਬਚਿੱਤਰ ਸਿੰਘ ਜੀ ਅਲੀਪੁਰੀਆ(ਮੁਲਤਾਨੀ)
12)ਭਾਈ ਅਜਬ ਸਿੰਘ ਜੀ ਅਲੀਪੁਰੀਆ(ਮੁਲਤਾਨੀ)
13) ਭਾਈ ਅਨਿਕ ਸਿੰਘ ਜੀ ਅਲੀਪੁਰੀਆ (ਮੁਲਤਾਨੀ)
14)ਭਾਈ ਉਦੈ ਸਿੰਘ ਜੀ ਅਲੀਪੁਰੀਆਂ (ਮੁਲਤਾਨੀ)
15) ਭਾਈ ਅਜਾਇਬ ਸਿੰਘ ਜੀ ਅਲੀਪੁਰੀਆ(ਮੁਲਤਾਨੀ)
16)ਭਾਈ ਜੀਵਨ ਸਿੰਘ ਜੀ ਦਿੱਲੀ, ਮੁਹੱਲਾ ਦਿਲਵਾਲੀ ਸਿੱਖਾਂ
17) ਭਾਈ ਕੋਠਾ ਸਿੰਘ ਜੀ
18) ਭਾਈ ਮਦਨ ਸਿੰਘ ਜੀ
19)ਭਾਈ ਧਿਆਨ ਸਿੰਘ ਜੀ
20) ਭਾਈ ਦਾਨ ਸਿੰਘ ਜੀ
21) ਭਾਈ ਧੰਨਾ ਸਿੰਘ ਜੀ
22) ਭਾਈ ਸ਼ਾਮ ਸਿੰਘ ਜੀ
23) ਭਾਈ ਮੋਹਰ ਸਿੰਘ ਜੀ
24) ਭਾਈ ਸੁੱਖਾ ਸਿੰਘ ਜੀ
25) ਭਾਈ ਖ਼ਜਾਨ ਸਿੰਘ ਜੀ
26) ਭਾਈ ਕੀਰਤ ਸਿੰਘ ਜੀ
27)ਭਾਈ ਅਨੰਦ ਸਿੰਘ ਜੀ
28) ਭਾਈ ਲਾਲ ਸਿੰਘ ਜੀ ਪਸ਼ੌਰੀਆ
29) ਭਾਈ ਅਮੋਲਕ ਸਿੰਘ ਜੀ
30)ਭਾਈ ਜਵਾਹਰ ਸਿੰਘ ਜੀ
31)ਭਾਈ ਹੁਕਮ ਸਿੰਘ ਜੀ
32) ਭਾਈ ਕੇਸਰਾ ਸਿੰਘ ਜੀ
33) ਭਾਈ ਕ੍ਰਿਪਾ ਸਿੰਘ ਜੀ ਮਟਨ, (ਕਸ਼ਮੀਰ)
34) ਭਾਈ ਦੈਆ ਸਿੰਘ ਜੀ ਪੁਰੋਹਤ
35) ਭਾਈ ਆਲਮ ਸਿੰਘ ਜੀ ਸਿਆਲਕੋਟੀ
36) ਭਾਈ ਵੀਰ ਸਿੰਘ ਜੀ
37) ਭਾਈ ਮਾਨ ਸਿੰਘ ਜੀ ਨਿਸ਼ਾਨਚੀ
38) ਭਾਈ ਨਾਨੂ ਸਿੰਘ ਜੀ ਦਿੱਲੀ
39) ਭਾਈ ਸੰਗਤ ਸਿੰਘ ਜੀ ਬੰਗੇਸਰੀ
40)ਭਾਈ ਸੰਤ ਸਿੰਘ ਜੀ ਪੱਟੀ, ਅੰਮ੍ਰਿਤਸਰ।

ਇਸ ਸੂਚੀ ਚੋਂ
39) ਭਾਈ ਸੰਗਤ ਸਿੰਘ ਜੀ ਬੰਗੇਸਰੀ ਅਤੇ
40) ਭਾਈ ਸੰਤ ਸਿੰਘ ਜੀ 8 ਦਸੰਬਰ, ਸੰਨ 1705 ਦੀ ਸਵੇਰ ਨੂੰ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਮਹਾਨ ਸ਼ਹੀਦ ਹੋਏ ਹਨ।

ਇੱਕ ਹੋਰ ਸਰੋਤ ਤੋਂ ਪ੍ਰਾਪਤ ਹੋਈ ਤੀਜੀ ਸੂਚੀ ਵੀ ਹੈ, ਜਿਸ ਵਿਚ ਚਮਕੌਰ ਸਾਹਿਬ ਦੇ ਮੈਦਾਨ ਵਿਚ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਚਾਲ੍ਹੀ ਮੁਕਤਿਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:


1) ਸਾਹਿਬਜ਼ਾਦਾ ਅਜੀਤ ਸਿੰਘ ਜੀ
2) ਸਾਹਿਬਜ਼ਾਦਾ ਜੁਝਾਰ ਸਿੰਘ ਜੀ
3) ਗੁਰੂ ਪਿਆਰੇ ਭਾਈ ਸਾਹਿਬ ਸਿੰਘ ਜੀ
4)ਗੁਰੂ ਪਿਆਰੇ ਭਾਈ ਮੋਹਕਮ ਸਿੰਘ ਜੀ
5) ਗੁਰੂ ਪਿਆਰੇ ਭਾਈ ਹਿੰਮਤ ਸਿੰਘ ਜੀ
6) ਭਾਈ ਫ਼ਤਹਿ ਸਿੰਘ ਜੀ (ਮੁਕਤੇ

7)ਭਾਈ ਦੇਵਾ ਸਿੰਘ ਜੀ (ਮੁਕਤੇ)
8) ਭਾਈ ਰਾਮ ਸਿੰਘ ਜੀ)(ਮੁਕਤੇ)
9) ਭਾਈ ਟਹਿਲ ਸਿੰਘ ਜੀ (ਮੁਕਤੇ)
10) ਭਾਈ ਈਸ਼ਰ ਸਿੰਘ ਜੀ(ਮੁਕਤੇ) (ਪੰਜ ਸਿੰਘ, ਜਿਨ੍ਹਾਂ ਨੇ ੧ਵਿਸਾਖ ਸੰਮਤ ੧੭੫੬ ਨੂੰ ਪੰਜ ਪਿਆਰਿਆਂ ਤੋਂ ਬਾਅਦ, ਅੰਮ੍ਰਿਤ ਛੱਕਿਆ, ਪੰਥ ਵਿਚ ਉਹ ਸਿੰਘ ਮੁਕਤਿਆਂ ਦੇ ਨਾਮ ਨਾਲ ਜਾਣੇ ਜਾਂਦੇ ਹਨ)
11) ਭਾਈ ਖ਼ਜ਼ਾਨ ਸਿੰਘ ਜੀ
12) ਭਾਈ ਜਵਾਹਰ ਸਿੰਘ ਜੀ
13) ਭਾਈ ਸਿਆਮ ਸਿੰਘ ਜੀ
14) ਭਾਈ ਕੇਸਰ ਸਿੰਘ ਜੀ
15) ਭਾਈ ਸੁੱਖਾ ਸਿੰਘ ਜੀ
16) ਭਾਈ ਬੁੱਢਾ ਸਿੰਘ ਜੀ
17) ਭਾਈ ਅਨੰਦ ਸਿੰਘ ਜੀ
18) ਭਾਈ ਸੰਤ ਸਿੰਘ ਜੀ ਬ੍ਰਮੇਸ਼ਰੀ
(ਸ਼ਹਾਦਤ 8 ਦਸੰਬਰ ਸੰਨ 1705ਨੂੰ)
19)ਭਾਈ ਸੰਗਤ ਸਿੰਘ ਜੀ
(ਸ਼ਹਾਦਤ 8 ਦਸੰਬਰ ਸੰਨ 1705 ਨੂੰ)
20) ਭਾਈ ਅਨਿਕ ਸਿੰਘ ਜੀ(ਸਪੁੱਤਰ ਭਾਈ ਮਨੀ ਸਿੰਘ ਜੀ)
21)ਭਾਈ ਅਜੈਬ ਸਿੰਘ ਜੀ (ਸਪੁੱਤਰ ਭਾਈ ਮਨੀ ਸਿੰਘ ਜੀ)
22) ਭਾਈ ਅਜਬ ਸਿੰਘ ਜੀ (ਸਪੁੱਤਰ ਭਾਈ ਮਨੀ ਸਿੰਘ ਜੀ)
23) ਭਾਈ ਆਲਮ ਸਿੰਘ ਜੀ ਨਿਚਾਣਾ
24) ਭਾਈ ਮੋਹਰ ਸਿੰਘ ਜੀ
25) ਭਾਈ ਅਮੋਲਕ ਸਿੰਘ ਜੀ
26) ਭਾਈ ਦਾਨ ਸਿੰਘ ਜੀ
27) ਭਾਈ ਵੀਰ ਸਿੰਘ ਜੀ
28) ਭਾਈ ਸ਼ੇਰ ਸਿੰਘ ਜੀ
29) ਭਾਈ ਨਾਹਰ ਸਿੰਘ ਜੀ
30) ਭਾਈ ਕਾਟਾ ਸਿੰਘ ਜੀ
31) ਭਾਈ ਮਦਨ ਸਿੰਘ ਜੀ
32) ਭਾਈ ਧੰਨਾ ਸਿੰਘ ਜੀ
33) ਭਾਈ ਹੁਕਮ ਸਿੰਘ ਜੀ
34)ਭਾਈ ਕੀਰਤ ਸਿੰਘ ਜੀ
35) ਭਾਈ ਲਾਲ ਸਿੰਘ ਜੀ
36) ਭਾਈ ਕਿਰਪਾ ਸਿੰਘ ਜੀ
37) ਭਾਈ ਮੁਕੰਦ ਸਿੰਘ ਜੀ
38) ਭਾਈ ਮੁਕੰਦ ਸਿੰਘ ਜੀ(ਦੂਜਾ)
39) ਭਾਈ ਗੁਰ ਬਖ਼ਸ਼ੀਸ਼ ਸਿੰਘ ਜੀ
40) ਭਾਈ ਬਖ਼ਸ਼ੀਸ਼ ਸਿੰਘ ਜੀ
41)ਭਾਈ ਘਰਬਾਰਾ ਸਿੰਘ ਜੀ
(ਸਪੁੱਤਰ ਭਾਈ ਨਾਨੂ ਸਿੰਘ ਜੀ (ਦਿਲਵਾਲੀ)
42) ਭਾਈ ਦਰਬਾਰਾ ਸਿੰਘ ਜੀ
(ਸਪੁੱਤਰ ਭਾਈ ਨਾਨੂ ਸਿੰਘ ਜੀ(ਦਿਲਵਾਲੀ)
43) ਭਾਈ ਸਨਮੁੱਖ ਸਿੰਘ ਜੀ

ਉਪ੍ਰੋਕਤ ਤਿੰਨਾਂ ਸੂਚੀਆਂ ਵਿੱਚੋਂ ਡਾਕਟਰ ਗੰਡਾ ਸਿੰਘ(ਪੀ ਐਚ ਡੀ) ਵਾਲੀ ਸੂਚੀ ਵਿਚ ਜ਼ਿਆਦਾ ਵਿਸ਼ਵਾਸ ਬਝਦਾ ਹੈ।

ਗੁਰਮਤਿ ਪ੍ਰਕਾਸ਼ ਦਸੰਬਰ 2019 ਦੇ ਅੰਕ ਵਿਚ ਛਪੇ, ਸ੍ਰੀ ਚਮਕੌਰ ਸਾਹਿਬ ਦੇ ਗੁਰਦਵਾਰਾ ਸਾਹਿਬਾਨ: ਇੱਕ ਅਧਿਐਨ - ਲੇਖਕ ਸ੍ਰ ਅਮਨ ਸਿੰਘ-ਦੇ ਲੇਖ ਵਿਚ, "ਰਤਨ ਸਿੰਘ ਜੱਗੀ ਕਿਰਤ ਸਿੱਖ ਪੰਥ ਵਿਸ਼ਵਕੋਸ਼ ਵਿਚ ਦਿੱਤੀ ਜਾਣਕਾਰੀ ਅਨੁਸਾਰ, ਬੀਬੀ ਸ਼ਰਨ ਕੌਰ ਜੀ ਨੂੰ ਚਮਕੌਰ ਦੇ ਮੈਦਾਨ ਚੋਂ ਆਪਣੇ ਸ਼ਹੀਦ ਪਤੀ ਸਰਦਾਰ ਪ੍ਰੀਤਮ ਸਿੰਘ ਜੀ ਦੀ ਦੇਹ ਮਿਲਣ ਬਾਰੇ ਇਨ੍ਹਾਂ ਸ਼ਬਦਾਂ ਵਿਚ ਲਿਖਿਆ ਮਿਲਦਾ ਹੈ "ਉਸ ਤੋਂ ਬਾਅਦ ਜਦੋਂ ਇਹ ਹੋਰ ਸਿੰਘਾਂ ਦੇ ਸਰੀਰਾਂ ਦੀ ਭਾਲ ਕਰ ਰਹੀ ਸੀ, ਤਾਂ ਆਪਣੇ ਪਤੀ ਭਾਈ ਪ੍ਰੀਤਮ ਸਿੰਘ ਦੀ ਦੇਹ ਵੀ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ।" ਵੱਖ ਵੱਖ ਵਸੀਲਿਆਂ ਤੋਂ ਉਤਾਰੀਆਂ ਉਪ੍ਰੋਕਤ ਦੋਹਾਂ ਸੂਚੀਆਂ ਵਿਚ ਭਾਈ ਪ੍ਰੀਤਮ ਸਿੰਘ ਜੀ ਦਾ ਨਾਮ ਕਿਸੇ ਸੂਚੀ ਵਿਚ ਨਹੀਂ ਮਿਲਦਾ। ਇਹ ਤਾਂ ਹੋ ਸਕਦਾ ਹੈ ਕਿ ਅਨੰਦਪੁਰ ਸਾਹਿਬ ਕਿਲ੍ਹਾ ਛੱਡਨ ਲਗਿਆਂ ਭਾਈ ਪ੍ਰੀਤਮ ਸਿੰਘ ਕਿਲ੍ਹੇ ਵਿਚ ਹੋਣ। ਮੁਗਲ, ਪਹਾੜੀ ਰਾਜਿਆਂ ਅਤੇ ਰੰਗੜਾਂ ਦੀ ਸਾਂਝੀ ਫ਼ੌਜ ਨੇ ਜਦੋਂ ਸਿੰਘਾਂ ਦੇ ਕਾਫਲੇ ਤੇ ਪਿੱਛੋਂ ਹਮਲਾ ਕੀਤਾ ਸੀ, ਤਾਂ ਸਿੰਘਾਂ ਦਾ ਬਚਾਅ ਕਰਦੇ ਭਾਈ ਜੀਵਨ ਸਿੰਘ ਦੇ ਜੱਥੇ ਦੀ ਸਰਸਾ ਦੇ ਕੰਢੇ ਮੁਗਲ ਫੌਜਾਂ ਨਾਲ ਇਕ ਭਿਆਨਕ ਲੜਾਈ ਹੋਈ, ਉਸ ਭਿੜੰਤ ਵਿੱਚ ਜਾਂ ਫਿਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਜਾਂ ਫਿਰ ਭਾਈ ਬਚਿੱਤਰ ਸਿੰਘ ਜੀ ਦੀ ਅਗਵਾਈ ਹੇਠ ਕਾਫ਼ਲੇ ਦੀਆਂ ਮੁਗ਼ਲ ਸੈਨਕਾਂ ਨਾਲ ਮੁਠਭੇੜਾਂ ਵਿਚ ਸਰਦਾਰ ਪ੍ਰੀਤਮ ਸਿੰਘ ਜੀ ਨੇ ਸ਼ਹਾਦਤ ਪਾਈ ਹੋਏ? ਸੰਨ 2010 ਵਿਚ ਦਿੱਲੀ ਤੋਂ ਛਪੀ ਪੁਸਤਕ "ਸਿੱਖ ਡਾਇਰੀ (ਭਾਗ ਪਹਿਲਾ ਪੰਨਾ 126)" ਅਨੁਸਾਰ, ਬੀਬੀ ਸ਼ਰਨ ਕੌਰ ਸ਼ਹੀਦ ਭਾਈ ਪ੍ਰੀਤਮ ਸਿੰਘ ਦੀ ਸਪੁਤਰੀ ਸਨ। ਪੁਸਤਕ ਦੇ ਲੇਖਕ ਤੇ ਪ੍ਰਕਾਸ਼ਕ ਨੂੰ ਇਹ ਸੁਚਨਾ ਕਿਸ ਸਰੋਤ ਤੋਂ ਪ੍ਰਾਪਤ ਹੋਈ, ਉਸ ਦਾ ਉਲੇਖ ਨਹੀਂ ਕੀਤਾ ਗਿਆ।

-ਸ. ਰਜਿੰਦਰ ਸਿੰਘ ਜੌਲੀ



# ਗੁਰੂ ਗੋਬਿੰਦ ਸਿੰਘ

## ਗੁਰੂ ਪਿਤਾ ਦੀ ਸ਼ਹੀਦੀ ਤੋਂ ਆਪਣੀ ਸ਼ਹੀਦੀ ਤੱਕ

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਹੁ-ਪੱਖੀ ਹੈ। ਲਿਖਾਰੀ ਦੇ ਤੌਰ 'ਤੇ ਆਪ ਜੀ ਨੇ 'ਜਾਪ ਸਾਹਿਬ', 'ਅਕਾਲ ਉਸਤਤਿ' ਤੇ ਮਹਾਂ ਗ੍ਰੰਥ 'ਦਸਮ ਗ੍ਰੰਥ' ਦੀ ਰਚਨਾ ਕੀਤੀ। ਕਈ ਭਾਸ਼ਾਵਾਂ ਦੇ ਜਾਣਕਾਰ ਹੋਣ ਦੇ ਨਾਤੇ ਆਪ ਜੀ ਦਾ ਫਾਰਸੀ ਦਾ ਸ਼ਾਹਕਾਰ 'ਜ਼ਫ਼ਰਨਾਮਾ' ਪ੍ਰਸਿੱਧ ਹੈ। ਲੋਕਤੰਤਰ ਦੀ ਪ੍ਰਥਾ ਲਈ ਪੰਜ ਪਿਆਰਿਆਂ ਦੀ ਕੌਂਸਲ ਨੂੰ ਪ੍ਰਮੁੱਖਤਾ ਦਿੱਤੀ, ਫੌਜੀ ਜਰਨੈਲ ਦੇ ਤੌਰ 'ਤੇ ਐਸੇ ਸਿਪਾਹੀ ਬਣਾਏ ਜਿਹੜੇ ਇਕ ਇਕ ਹੋ ਕੇ ਸਵਾ ਲੱਖ ਨਾਲ ਲੜੇ ਤੇ ਆਪਣੇ ਸਾਹਿਬਜ਼ਾਦਿਆਂ ਨੂੰ ਲੜਨਾ ਤੇ ਕੁਰਬਾਨ ਹੋਣਾ ਸਿਖਾਇਆ। ਬਾਜ਼ ਨੂੰ ਆਪਣਾ ਸਾਥੀ ਬਣਾਇਆ ਜਿਹੜਾ ਸ਼ੇਰ ਨੂੰ ਵੀ ਟੱਕਰ ਦੇ ਸਕਦਾ ਸੀ ਅਤੇ ਡਰ ਨਾਂ ਦੇ ਸ਼ਬਦ ਤੋਂ ਨਾਵਾਕਫ਼ ਸੀ। ਗੁਰੂ ਜੀ ਦੇ ਕਿਹੜੇ ਪੱਖ ਨੂੰ ਮੈਂ ਇਸ ਲੇਖ ਵਿਚ ਉਜਾਗਰ ਕਰਾਂ?

ਮੇਰਾ ਚਿਤ ਹੈ ਕਿ ਗੁਰੂ ਜੀ ਦੇ ਸ਼ਹੀਦੀ ਪੱਖ ਦਾ ਹੀ ਜ਼ਿਕਰ ਕਰਾਂ ਕਿਉਂਕਿ ਮੇਰੀ ਸਮਝੇ ਸਿੱਖਾਂ ਦੀ ਸ਼ਹੀਦੀ ਵਿਚ ਘਾਟ ਹੁੰਦੀ ਜਾ ਰਹੀ ਹੈ। ਖਾਲੀ ਭਾਂਡੇ ਵਾਂਗ ਸ਼ੋਰ ਜ਼ਿਆਦਾ ਹੈ। ਖਿਮਾ ਕਰਨਾ।

### 4 ਸਾਲਾਂ ਤੱਕ ਪਿਤਾ ਗੁਰੂ ਦਾ ਮੂੰਹ ਨਹੀਂ ਦੇਖਿਆ

ਆਪਣੇ ਜਨਮ ਬਾਰੇ ਆਪ ਜੀ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਮੈਂ ਪ੍ਰਯਾਗ (ਯੂ.ਪੀ.) ਵਿਚ ਮਾਤਾ ਜੀ ਦੇ ਗਰਭ ਵਿਚ ਆਇਆ ਤੇ ਪਟਨਾ ਸ਼ਹਿਰ (ਬਿਹਾਰ) ਵਿਖੇ ਜਨਮ ਲਿਆ।


**ਮੁਰ ਪਿਤ ਪੂਰਬ ਕੀਯਸਿ ਪਯਾਨਾ॥**
**ਭਾਂਤਿ ਭਾਂਤਿ ਕੇ ਤੀਰਥਿ ਨਾਨਾ॥**
**ਜਬ ਹੀ ਜਾਤ ਤ੍ਰਿਬੇਣੀ ਭਏ॥**
**ਪੁੰਨ ਦਾਨ ਦਿਨ ਕਰਤ ਬਿਤਏ॥**
**ਤਹੀ ਪ੍ਰਕਾਸ ਹਮਾਰਾ ਭਯੋ॥**
**ਪਟਨਾ ਸਹਰ ਬਿਖੈ ਭਵ ਲਯੋ॥**

ਆਪ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਪਟਨੇ ਸਾਹਿਬ ਵਿਖੇ ਹੋਇਆ। ਇਸ ਵੇਲੇ ਪਿਤਾ ਗੁਰੂ ਆਸਾਮ ਵੱਲ ਦੀ ਯਾਤਰਾ ਕਰ ਰਹੇ ਸਨ ਕਿਉਂਕਿ ਕੱਟੜ ਜ਼ਾਲਮ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਉੱਥੇ ਦੇ ਹਿੰਦੂ ਰਾਜਾਂ ਨੂੰ ਜਿੱਤਣ ਤੇ ਲੋਕਾਂ ਨੂੰ ਇਸਲਾਮ ਵਿਚ ਲਿਆਣ ਲਈ ਇਕ ਭਾਰੀ ਫੌਜ ਉੱਥੇ ਭੇਜੀ ਸੀ। ਗੁਰੂ ਜੀ ਨੇ ਬੜੀ ਸੂਝ-ਬੂਝ ਨਾਲ ਔਰੰਗਜ਼ੇਬ ਦੇ ਹਿੰਦੂ ਜਰਨੈਲ ਤੇ ਆਸਾਮ ਦੇ ਹਿੰਦੂ ਰਾਜੇ ਵਿਚ ਸੁਲਹ ਕਰਵਾਈ ਅਤੇ ਉੱਥੇ ਦੇ ਲੋਕਾਂ ਨੂੰ ਜ਼ੁਲਮ ਤੋਂ ਬਚਾਇਆ। ਵਾਪਸੀ ਵੇਲੇ ਗੁਰੂ ਜੀ ਨੂੰ ਖ਼ਬਰ ਮਿਲੀ ਕਿ ਔਰੰਗਜ਼ੇਬ ਦੇ ਸਿਪਾਹੀਆਂ ਨੇ ਪੰਜਾਬ ਵਿਚ ਗੁੰਡਾਗਰਦੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਸਿੱਖਾਂ ਨੂੰ ਤੰਗ ਕਰ ਰਹੇ ਹਨ। ਇਸ ਕਾਰਣ ਗੁਰੂ ਜੀ ਆਪਣੇ ਪੁੱਤਰ ਨੂੰ ਮਿਲਣ ਲਈ ਪਟਨਾ ਨਾ ਜਾ ਸਕੇ ਅਤੇ ਸਿੱਧੇ ਪੰਜਾਬ ਚਲੇ ਗਏ ਤਾਂਕਿ ਉਹ ਲੋਕਾਂ ਨਾਲ ਰਹਿ ਕੇ ਉਨ੍ਹਾਂ ਦਾ ਹੌਂਸਲਾ ਵਧਾ ਸਕਣ।

ਚਾਰ ਸਾਲਾਂ ਤੱਕ ਉਹ ਆਪਣੇ ਪਿਆਰੇ ਪੁੱਤਰ ਦਾ ਮੂੰਹ ਤੱਕ ਨਾ ਵੇਖ ਸਕੇ। ਲੋਕੀਂ ਕੰਮ-ਕਾਜ ਲਈ, ਫੌਜ਼ ਦੀ ਨੌਕਰੀ ਵਿਚ, ਹੋਰ ਕਾਰਨਾਂ ਕਰਕੇ ਘਰੋਂ ਬਾਹਰ ਰਹਿੰਦੇ ਹਨ ਪਰ ਸਾਲ ਦੋ ਸਾਲ ਵਿਚ ਘਰ ਦਾ ਇਕ ਚੱਕਰ ਲਾ ਲੈਂਦੇ ਹਨ। ਮੈਂ ਕਦੀਂ ਨਹੀਂ ਸੁਣਿਆ ਕਿ ਕੋਈ ਪਿਤਾ ਆਪਣੇ ਉਦੇਸ਼ਾਂ ਦੀ ਖਾਤਰ ਚਾਰ ਸਾਲਾਂ ਤੱਕ ਆਪਣੇ ਪੁੱਤਰ ਨੂੰ ਨਾ ਮਿਲਿਆ ਹੋਵੇ। ਪਰ ਗੁਰੂ ਜੀ ਦਾ ਪਿਆਰ ਪਰਿਵਾਰ ਤੱਕ ਸੀਮਤ ਨਹੀਂ ਸੀ, ਉਨ੍ਹਾਂ ਲਈ ਵਿਸ਼ਾਲ ਦੇਸ਼-ਕੌਮ ਪਰਿਵਾਰ ਸੀ।

ਪਟਨੇ ਦੀ ਧਰਤੀ ਧੰਨ ਹੈ ਜਿੱਥੇ ਗੁਰੂ ਜੀ ਸਾਥੀਆਂ ਨਾਲ ਰਲ ਕੇ ਲੜਾਈ ਦਾ ਅਭਿਆਸ ਕਰਦੇ ਰਹੇ, ਪੰਡਤਾਂ ਨੂੰ ਤੰਗ ਕਰਦੇ ਰਹੇ, ਫੌਜੀ ਅਫ਼ਸਰਾਂ ਦਾ ਮਖੌਲ ਉਡਾਂਦੇ ਰਹੇ ਤੇ ਮਹਿਲਾਂ ਵਿਚ ਖੇਡਦੇ ਰਹੇ। ਪਟਨੇ ਦੀ ਸੰਗਤ ਧੰਨ ਹੈ ਜਿਸ ਨੇ ਬਾਲ ਗੁਰੂ ਨੂੰ ਸਤਿਕਾਰਿਆ, ਖਿਡਾਇਆ, ਪਾਲਿਆ, ਸਿਖਾਇਆ। ਬਚਪਨ ਵਿਚ ਐਸੇ ਗੁਣਾਂ ਨਾਲ ਮਨ ਭਰ ਦਿੱਤਾ ਜਿਸ ਨੇ ਬਾਅਦ ਵਿਚ ਜੁਝਾਰੂ ਸਿੱਖਾਂ ਨੂੰ ਜਨਮ ਦਿੱਤਾ। ਇਕ ਇਕ ਨੂੰ ਸਵਾ ਲੱਖ ਨਾਲ ਲੜਣ ਦਾ ਹੌਂਸਲਾ ਦਿੱਤਾ। ਧੰਨ ਹੈ ਉੱਥੇ ਦੀ ਰਾਣੀ ਜਿਸ ਨੇ ਬਾਲ ਗੁਰੂ ਨੂੰ ਆਪਣੇ ਪੁੱਤਰ ਵਰਗਾ ਪਿਆਰ ਦਿੱਤਾ ਅਤੇ ਆਪਣੀ ਗੋਦੀ ਵਿਚ ਖਿਡਾਇਆ।

## ਪਿਤਾ ਗੁਰੂ ਨੂੰ ਸ਼ਹੀਦੀ ਦੇਣ ਲਈ ਭੇਜਿਆ



ਇਹ ਇਕ ਪੁਰਾਣਾ ਢੰਗ ਰਿਹਾ ਹੈ ਕਿ ਜਦੋਂ ਕੋਈ ਸ਼ਕਤੀਸ਼ਾਲੀ ਕਿਸੇ ਦੂਸਰੀ ਸਮਾਜ ਜਾਂ ਦੇਸ਼ ਉਪਰ ਆਪਣਾ ਜ਼ਬਰਦਤੀ ਕਬਜ਼ਾ ਕਰ ਲੈਂਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਉੱਥੇ ਦੇ ਲੋਕਾਂ ਨੂੰ ਪਿਆਰ ਨਾਲ, ਲਾਲਚ ਨਾਲ ਜਾਂ ਡੰਡੇ ਨਾਲ ਆਪਣੇ ਧਰਮ ਵਿਚ ਲਿਆਂਦਾ ਹੈ ਕਿਉਂਕਿ ਇੱਦਾਂ ਕਰਨ ਨਾਲ, ਉਸ ਦਾ ਵਿਰੋਧ ਘੱਟ ਜਾਂਦਾ ਹੈ ਅਤੇ ਉਸ ਧਰਮ ਦੇ ਲੋਕੀਂ ਉਸ ਦੇ ਮਗਰ ਤੁਰਨ ਲੱਗਦੇ ਹਨ। ਇਸੇ ਲਈ ਦੁਨੀਆ ਦੇ ਇਤਿਹਾਸ ਵਿਚ ਤਾਕਤਵਰ ਜ਼ਬਰਦਤੀ ਧਰਮ ਪ੍ਰਵਰਤਨ ਕਰਦੇ ਆ ਰਹੇ ਹਨ। ਇੰਗਲੈਂਡ, ਆਸਟਰੇਲੀਆ, ਜ਼ਰਮਨੀ, ਫਰਾਂਸ, ਇਰਾਨ ਤੇ ਹੋਰ ਮੁਸਲਿਮ ਦੇਸ਼ਾਂ ਵਿਚ ਧਾਰਮਿਕ ਜ਼ੁਲਮ ਹੁੰਦੇ ਆਏ ਹਨ। ਹੁਣ ਦੀ ਘੜੀ ਬੰਗਲਾ ਦੇਸ਼ ਵਿਚ ਹਿੰਦੂਆਂ ਨੂੰ, ਬਰਮ੍ਹਾ ਵਿਚੋਂ ਮੁਸਲਮਾਨਾਂ ਨੂੰ ਤੇ ਅਫ਼ਗਾਨਿਸਤਾਨ ਵਿਚੋਂ ਇਸਾਈਆਂ ਨੂੰ ਕਢਿਆ ਜਾ ਰਿਹਾ ਹੈ ਜਾਂ ਧਰਮ ਬਦਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹੀ ਮੁਗ਼ਲ ਬਾਦਸ਼ਾਹ ਕਰਦੇ ਆ ਰਹੇ ਹਨ। ਔਰੰਗਜ਼ੇਬ ਕੁਝ ਬਹੁਤਾ ਜ਼ਾਲਮ ਸੀ ਤੇ ਡੰਡੇ ਦੀ ਵਰਤੋਂ ਵਿਚ ਯਕੀਨ ਰੱਖਦਾ ਸੀ। ਉਸ ਨੇ ਭਾਰਤ ਵਿਚ ਬਹੁਤੇ ਹਿੰਦੂਆਂ ਨੂੰ ਇਸਲਾਮ ਵਿਚ ਰਲਾ ਲਿਆ ਸੀ ਜਾਂ ਡਰਾ-ਧਮਕਾ ਕੇ ਰੱਖਿਆ ਸੀ।

ਉਸ ਨੇ ਆਪਣੇ ਵਰਗੇ ਇਕ ਜ਼ਾਲਮ ਤੇ ਕੱਟਰ ਫੌਜੀ ਅਫ਼ਸਰ ਨੂੰ ਕਸ਼ਮੀਰ ਦਾ ਕਮਾਂਡਰ ਬਣਾ ਕੇ ਭੇਜਿਆ। ਔਰੰਗਜ਼ੇਬ ਜਾਣਦਾ ਸੀ ਕਿ ਕਸ਼ਮੀਰ ਹਿੰਦੂ ਵਿਦਵਾਨਾਂ ਦਾ ਗੜ੍ਹ ਹੈ ਤੇ ਜੇ ਇਹ ਵਿਦਵਾਨ ਆਪਣਾ ਧਰਮ ਛੱਡ ਦੇਣ ਤਾਂ ਬਾਕੀ ਬਚੇ ਹਿੰਦੂ, ਜਿਹੜੇ ਵਿਰੋਧ ਕਰ ਰਹੇ ਸਨ, ਆਪੇ ਇਸਲਾਮ ਵਿਚ ਸ਼ਾਮਲ ਹੋ ਜਾਣਗੇ। ਇਸ ਲਈ ਉਹ ਕਸ਼ਮੀਰ ਵਿਚ ਇਨ੍ਹਾਂ ਉੱਪਰ ਅਤੀ ਦਾ ਜ਼ੁਲਮ ਕਰ ਰਿਹਾ ਸੀ।

ਪੰਡਤਾਂ ਸਮਝ ਲਿਆ ਸੀ ਕਿ ਉਨ੍ਹਾਂ ਦੇ ਸਮਾਜਕ ਆਗੂ ਫੌਜ ਤੋਂ ਡਰੇ ਹੋਏ ਸਨ ਤੇ ਉਨ੍ਹਾਂ ਦੀ ਰੱਖਿਆ ਲਈ ਕੁਝ ਨਹੀਂ ਕਰ ਸਕਦੇ। ਧਾਰਮਿਕ ਆਗੂ, ਸਿਰਫ਼ ਮੰਤਰ ਜਪਣ ਤੇ ਗ੍ਰੰਥ ਪੜ੍ਹਣ ਦੀ ਬੇਮਾਇਨੀ ਸਲਾਹ ਹੀ ਦੇ ਰਹੇ ਸਨ।

ਉਨ੍ਹਾਂ ਨੇ ਪੜ੍ਹਿਆ ਸੁਣਿਆ ਸੀ ਕਿ ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਨੇ ਮੁਗ਼ਲਾਂ ਦੇ ਪਹਿਲੇ ਹਾਕਮ ਬਾਬਰ ਨੂੰ ਜ਼ਾਬਰ ਕਿਹਾ ਸੀ ਅਤੇ ਉਸ ਦੇ ਸਿਪਾਹੀਆਂ ਨੂੰ ਪਾਪੀਆਂ ਦੇ ਬਰਾਤੀ। ਉਸ ਗੁਰੂ ਨੇ ਇਹ ਵੀ ਕਿਹਾ ਸੀ ਕਿ ਮੰਤਰ ਪੜ੍ਹਣ ਨਾਲ ਕੋਈ ਰੱਖਿਆ ਨਹੀਂ ਹੋਣ ਵਾਲੀ ਕਿਉਂਕਿ ਬਾਬਰ ਦੇ ਹਮਲੇ ਸਮੇਂ 12 ਹਜ਼ਾਰ ਹਿੰਦੂ ਮੰਤਰ ਹੀ ਪੜ੍ਹਦੇ ਰਹਿ ਗਏ ਸਨ ਅਤੇ ਮੁਗ਼ਲ ਫੌਜੀਆਂ ਨੂੰ ਨਾ ਰੋਕ ਸਕੇ ਸਨ। ਗੁਰੂ ਨਾਨਕ ਦੇਵ ਜੀ ਆਪ ਲਿਖਦੇ ਹਨ –

**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ॥**
**ਸਰਮੁ ਧਰਮੁ ਦੁਇ ਛਪਿ ਖਲੋਏ**

**ਕੂੜੁ ਫਿਰੈ ਪਰਧਾਨੁ ਵੇ ਲਾਲੋ॥**

ਬਾਦਸ਼ਾਹ (ਮੀਰ) ਦੇ ਆਣ ਦਾ ਸੁਣਿਆ ਤਾਂ ਲੋਕਾਂ ਅਨੇਕਾਂ ਪੀਰਾਂ ਨੂੰ ਰੱਖਿਆ ਲਈ ਰੋਕ ਲਿਆ, ਉਨ੍ਹਾਂ ਨੇ ਬੜੇ ਮੰਤਰ ਪੜ੍ਹੇ। ਪਰ ਫੌਜੀਆਂ ਨੇ ਮਕਾਨ-ਮੰਦਰ ਢਾਅ ਦਿੱਤੇ, ਰਾਜਕੁਮਾਰਾਂ ਦੇ ਟੋਟੇ ਕਰ ਦਿੱਤੇ (ਮੁਛਿ ਮੁਛਿ)। ਪਰ ਨਾ ਕੋਈ ਮੁਗ਼ਲ ਅੰਨ੍ਹਾ ਹੋਇਆ ਨਾ ਕਿਸੇ ਦੀ ਮੌਤ ਹੋਈ (ਪਰਚਾ ਲਾਇਆ) ਗੁਰਬਾਣੀ ਗਵਾਹੀ ਦਿੰਦੀ ਹੈ-

**ਕੋਟੀ ਹੂ ਪੀਰ ਵਰਜਿ ਰਹਾਏ**
**ਜਾ ਮੀਰੁ ਸੁਣਿਆ ਧਾਇਆ॥**
**ਥਾਨ ਮੁਕਾਮ ਜਲੇ ਬਿਜਮੰਦਰ**
**ਮੁਛਿ ਮੁਛਿ ਕੁਇਰ ਰੁਲਾਇਆ॥**
**ਕੋਈ ਮੁਗਲੁ ਨ ਹੋਆ ਅੰਧਾ**
**ਕਿਨੈ ਨ ਪਰਚਾ ਲਾਇਆ॥** (ਅੰਗ 417)

ਇਸ ਲਈ 1675 ਵਿਚ ਪੰਜ ਸੌ ਕਸ਼ਮੀਰੀ ਪੰਡਤਾਂ ਦੇ ਜੱਥੇ ਦੇ ਕਿਰਪਾ ਰਾਮ ਦੀ ਅਗਵਾਈ ਹੇਠ, ਨੌਵੇਂ ਨਾਨਕ ਗੁਰੂ ਤੇਗ ਬਹਾਦਰ ਦੀ ਸ਼ਰਨ ਆ ਕੇ ਆਪਣਾ ਦੁਖੜਾ ਦਸਿਆ। ਉਨ੍ਹਾਂ ਕਿਹਾ ਜਿੰਨੀ ਦੇਰ 2000-2500 ਹਿੰਦੂ ਮੁਗ਼ਲ ਬਨਣ ਦੀ ਖਬਰ ਔਰੰਗਜ਼ੇਬ ਨੂੰ ਨਾ ਮਿਲੇ, ਉਹ ਭੋਜਨ ਨਹੀਂ ਕਰਦਾ। ਜਦੋਂ ਉਹ ਕਹਿ ਰਹੇ ਸਨ ਤਾਂ ਬਾਲ ਗੁਰੂ ਜੀ ਬੈਠੇ ਸੁਣ ਰਹੇ ਸਨ। ਆਪ ਜੀ ਦੀ ਉਮਰ ਨੌ ਸਾਲ ਦੀ ਸੀ। ਗੁਰੂ ਜੀ ਨੇ ਕਿਹਾ "ਇਸ ਜ਼ੁਲਮ ਨੂੰ ਰੋਕਣ ਲਈ ਕਿਸੇ ਮਹਾਨ ਹਸਤੀ ਦੀ ਕੁਰਬਾਨੀ ਦੀ ਲੋੜ ਹੈ"। ਬਾਲ ਗੁਰੂ ਦੇ ਮੂੰਹੋਂ ਅਚਾਨਕ ਨਿਕਲ ਗਿਆ ਜਾਂ ਕਿਸੇ ਗ਼ੈਬੀ ਸ਼ਕਤੀ ਨੇ ਕਹਿਲਵਾਇਆ "ਪਿਤਾ ਗੁਰੂ, ਕੁਰਬਾਨੀ ਦੇਣ ਲਈ ਆਪ ਤੋ ਵੱਡਾ ਹੋਰ ਕੌਣ ਹੋਵੇਗਾ"। ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ ਤੇ ਸਮਝ ਗਏ ਕਿ ਇਹ ਬਾਲਕ ਮੇਰੇ ਮਗਰੋਂ ਪੰਥ ਦੀ ਸਹੀ ਰਹਿਨੁਮਾਈ ਕਰ ਸਕੇਗਾ। ਆਪ ਜੀ ਨੇ ਪੰਡਤਾਂ ਨੂੰ ਭਰੋਸਾ ਦਿਵਾਇਆ ਤੇ ਕੁਰਬਾਨੀ ਦੇਣ ਲਈ ਤੁਰ ਪਏ।


ਕੱਟਰ ਹਕੂਮਤ ਨੇ ਆਪ ਜੀ ਦੀ ਪ੍ਰੇਮ ਬਾਣੀ ਨਾ ਸੁਣੀ। ਉਹ ਮੰਨਦਾ ਸੀ ਕਿ ਇਹ ਗੁਰੂ ਹਿੰਦੂਆਂ ਦੀ ਰੱਖਿਆ ਕਰਕੇ ਉਸ ਦੇ ਮਿਸ਼ਨ ਵਿਚ ਵਿਘਨ ਪਾ ਰਿਹਾ ਹੈ। ਇਸ ਲਈ ਇਸ ਦਾ ਜੀਉਂਦਾ ਰਹਿਣਾ ਖ਼ਤਰਨਾਕ ਹੋ ਸਕਦਾ ਹੈ। ਸੋ 11 ਨਵੰਬਰ 1675 ਨੂੰ ਆਪ ਜੀ ਦਾ ਸੀਸ ਧੜ ਨਾਲੋਂ ਅਲਗ ਕਰ ਕੇ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਇਕ ਦਰਖ਼ਤ ਨਾਲ ਟੰਗ ਦਿੱਤਾ ਗਿਆ। ਉੱਥੇ ਹੁਣ ਗੁਰਦੁਆਰਾ 'ਸੀਸ ਗੰਜ' ਸੁਸ਼ੋਭਿਤ ਹੈ। ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ -

**ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥**

ਚੇਤੇ ਰਹੇ ਕਿ ਗੁਰੂ ਜੀ ਨੇ ਜਨੇਊ ਤਿਲਕ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਭਾਵੇਂ ਨ ਉਹ ਤਿਲਕ ਲਾਂਦੇ ਸਨ ਤੇ ਨਾ ਜਨੇਊ ਪਾਂਦੇ ਸਨ। ਆਪ ਜੀ ਨੇ ਲਿਖਿਆ-

**ਤਿਲਕ ਜੰਞੂ ਰਾਖਾ ਪ੍ਰਭ ਤਾਂਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**

## ਪਿਤਾ ਗੁਰੂ ਦਾ ਕਟਿਆ ਸਿਰ ਝੋਲੀ ਵਿਚ



ਸਿੱਖ ਕੀ ਤੇ ਡਰ ਕੀ! ਸਿੱਖਾਂ ਨੇ ਆਪਣੇ ਗੁਰੂ ਦਾ ਸਰੀਰ ਦਰਖ਼ਤ ਨਾਲੋਂ ਲਾਹ ਲਿਆ ਤੇ ਸਿਰ ਜ਼ਮੀਨ ਤੋਂ ਚੁਕ ਲਿਆ। ਮੁਗ਼ਲੀ ਪਹਿਰੇ ਦੇ ਬਾਵਜੂਦ ਸਿਦਕੀ ਸਿੱਖ ਸਫ਼ਲ ਰਹੇ। ਆਪ ਜੀ ਦੇ ਸਰੀਰ ਦਾ ਸਸਕਾਰ ਦਿੱਲੀ ਵਿਖੇ ਹੀ ਕਰ ਦਿੱਤਾ ਗਿਆ ਜਿਥੇ ਹੁਣ ਗੁਰਦੁਆਰਾ ਰਕਾਬ ਗੰਜ ਹੈ ਅਤੇ ਸਿਰ ਅਨੰਦਪੁਰ ਸਾਹਿਬ ਬਾਲ ਗੁਰੂ ਦੀ ਝੋਲੀ ਵਿਚ ਪਾ ਦਿੱਤਾ। ਸਿਰ ਦੇਖ ਕੇ ਗੁਰੂ ਜੀ ਨਾ ਡਰੇ, ਨਾ ਰੋਏ ਬਲਕਿ ਹੌਂਸਲੇ ਨਾਲ ਕਿਹਾ "ਮੁਗ਼ਲਾਂ ਨੇ ਇਹ ਸਿਰ ਕੱਟ ਕੇ, ਆਪਣੀਆਂ ਜੜ੍ਹਾਂ ਕੱਟ ਦਿੱਤੀਆਂ ਹਨ। ਆਪ ਜੀ ਨੇ ਪ੍ਰਣ ਕੀਤਾ "ਮੈਂ ਇਨ੍ਹਾਂ ਸਿੱਖਾਂ ਨੂੰ ਸਿੰਘ ਸਜ਼ਾ ਕੇ ਐਸਾ ਸ਼ਕਤੀਸ਼ਾਲੀ ਬਣਾਵਾਂਗਾ ਕਿ ਇਕ ਇਕ ਸਿੱਖ ਸਵਾ ਲੱਖ ਜ਼ਾਲਮਾਂ ਤੇ ਭਾਰੀ ਪਏਗਾ-

**ਸਵਾ ਲਾਖ ਸੇ ਏਕ ਲਰਾਊਂ**
**ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਨਾਲ ਹੀ ਪ੍ਰਣ ਕੀਤਾ ਕਿ ਇਹੀ ਡਰੇ, ਲਤਾੜੇ, ਕਮਜ਼ੋਰ

ਲੋਕ ਇਨ੍ਹਾਂ ਜ਼ਾਲਮਾਂ ਕੋਲੋਂ ਇਨ੍ਹਾਂ ਦਾ ਰਾਜ ਖੋਹ ਕੇ ਉਨ੍ਹਾਂ ਉੱਪਰ ਹੀ ਰਾਜ ਕਰਨਗੇ। ਇਹ ਸੱਚ ਹੋਇਆ ਜਦੋਂ ਸਿੰਘਾਂ ਨੇ ਦਿੱਲੀ ਫਤਹਿ ਕਰ ਲਈ, ਲਾਲ ਕਿਲ੍ਹੇ ਉਪਰ ਖ਼ਾਲਸਈ ਨਿਸ਼ਾਨ ਝੁਲਾਇਆ, ਮੁਗ਼ਲ ਬਾਦਸ਼ਾਹ ਨੇ ਸਿਰ ਝੁਕਾਇਆ ਅਤੇ ਆਪਣੀਆਂ ਬੇਗ਼ਮਾਂ ਰਾਹੀਂ ਜਾਨ ਬਖਸ਼ਾਣ ਲਈ ਦੁਆ ਕੀਤੀ।

ਭਾਈ ਰਤਨ ਸਿੰਘ ਭੰਗੂ ਲਿਖਦੇ ਹਨ –

**ਇਨ ਗਰੀਬ ਸਿੰਘਨ ਕੋ ਦਯੋ ਪਾਤਸ਼ਾਹੀ,**
**ਯੂੰ ਯਾਦ ਰਖੇ ਹਮਰੀ ਗੁਰਿਆਈ।**

ਗਿਆਨ ਸਿੰਘ ਬਿਆਨ ਕਰਦੇ ਹਨ –

**ਇਨ ਚਿੜਿਅਨ ਤੇ ਬਾਜ਼ ਤੁੜਾਵੋਂ।**
**ਅਜਾ ਸੁਤਨ ਤੇ ਸ਼ੇਰ ਕਹਾਵੋਂ।**
**ਸਿਖਨ ਕੋ ਭਗਤੈ ਹੋ ਰਾਜ।**
**ਤਬੈ ਸਦਹੋ ਗਰੀਬ ਨਿਵਾਜ਼।**

ਇਹ ਬਚਨ ਨੌਂ ਸਾਲ ਦੇ ਬੱਚੇ ਦੇ ਸਨ।

ਆਪ ਜੀ ਨੇ ਜਾਣ ਲਿਆ ਕਿ ਸਰੀਰ ਤੇ ਮਨ ਦੀ ਆਜ਼ਾਦੀ ਤੋਂ ਬਿਨਾ, ਧਰਮ ਦੀ ਗੱਲ ਜਾਂ ਪ੍ਰਭੂ ਪ੍ਰੇਮ ਦਾ ਜ਼ਿਕਰ ਖੋਖਲਾ ਹੈ ਕਿਉਂਕਿ ਧਰਮ ਤਾਂ ਪ੍ਰਮ ਸੁਤੰਤਰ ਹੈ। ਪ੍ਰੇਮ ਕੁਰਬਾਨੀ ਮੰਗਦਾ ਹੈ –

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** (ਅੰਗ 1410)
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** (ਅੰਗ 1410)

ਇਸ ਲਈ ਆਪ ਜੀ ਨੇ ਆਪਣੇ ਜੀਵਨ ਦਾ ਮਨੋਰਥ ਹੀ ਇਹੀ ਬਣਾ ਲਿਆ ਕਿ ਧਰਮ ਦੀ ਤੇ ਧਰਮ ਕਮਾਣ ਵਾਲਿਆਂ (ਸੰਤ) ਦੀ ਰੱਖਿਆ ਕਰਨੀ ਹੈ ਤੇ ਦੁਸ਼ਟਾਂ ਦੀ ਜੜ੍ਹਾਂ ਪੁਟ ਦੇਣੀਆਂ ਹਨ (ਮੂਲ ਉਪਾਰਿਨ)। ਆਪ ਜੀ ਦੇ ਸ਼ਬਦਾਂ ਵਿਚ –

**ਯਾਹੀ ਕਾਜ ਧਰਾ ਹਮ ਜਨਮੰ।**
**ਸਮਝ ਲੇਹੁ ਸਾਧੂ ਸਭ ਮਨਮੰ।**
**ਧਰਮ ਚਲਾਵਨ ਸੰਤ ਉਬਾਰਨ।**
**ਦੁਸਟ ਸਭਨ ਕੋ ਮੂਲ ਉਪਾਰਿਨ।**

## ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ

ਹਲੇਮੀ ਰਾਜ ਸਥਾਪਤ ਕਰਨ ਲਈ 1699 ਦੀ ਵਿਸਾਖੀ ਨੂੰ ਆਪ ਜੀ ਨੇ ਪੰਜ ਕਕਾਰੀ ਖ਼ਾਲਸਾ ਪੰਥ ਸਜਾਇਆ ਅਤੇ ਹਰ ਸਿੱਖ ਨੂੰ ਸਿੰਘ ਸਜਾ ਕੇ ਸਾਬਤ ਸੂਰਤ ਕੇਸ ਰਖਣੇ, ਕ੍ਰਿਪਾਨ ਧਾਰਣੀ ਹੋਣਾ, ਕਛਹਿਰੇ ਦੀ ਵਰਤੋਂ ਕਰਨੀ, ਤੇ ਕੜਾ ਪਾਣਾ ਤੇ ਵਾਲਾਂ ਵਿਚ ਕੰਘਾ ਕਰਨਾ ਤੇ ਸੰਭਾਲਣਾ, ਲਾਜ਼ਮੀ ਕਰ ਦਿੱਤਾ। ਕ੍ਰਿਪਾਨ ਬਾਰੇ ਆਪ ਜੀ ਨੇ ਕਿਹਾ ਕਿ ਇਹੀ ਸੰਸਾਰ ਵਿਚ ਜੈ ਜੈ ਕਾਰ ਕਰਵਾਂਦੀ ਹੈ, ਸੰਸਾਰ ਨੂੰ ਸੰਭਾਲਦੀ ਹੈ ਤੇ ਮੇਰੀ ਰੱਖਿਆ ਕਰਦੀ ਹੈ–

**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ**
**ਮਮ ਪ੍ਰਤਿਪਾਲਣ ਜੈ ਤੇਗੰ।**

ਨਾਲ ਹੀ ਆਪਣਾ ਮਿਸ਼ਨ 'ਦੁਸ਼ਟਾਂ ਦੀਆਂ ਜੜ੍ਹਾਂ ਪਟਣੀਆਂ' ਦਾ ਆਦੇਸ਼ ਦਿੱਤਾ। ਖ਼ਾਲਸਾ ਪੰਥ ਉੱਪਰ ਪੰਜ ਸਿੰਘਾਂ ਦੀ ਪ੍ਰਧਾਨਗੀ ਕਬੂਲ ਕੀਤੀ ਤੇ ਕਰਵਾਈ। ਇਹ ਪੰਜ ਮੈਂਬਰੀ ਕਮੇਟੀ ਜੋ ਵੀ ਨਿਰਣੈ ਲਏਗੀ ਉਹ ਗੁਰੂ ਤੇ ਵੀ ਲਾਗੂ ਹੋਵੇਗਾ।

ਕਿਸੇ ਵੀ ਧਰਮ ਗੁਰੂ ਨੇ ਨਾ ਇੱਦਾਂ ਸੋਚਿਆ, ਨਾ



ਕਰਕੇ ਦਿਖਾਇਆ। ਗੁਰੂ ਜੀ ਅਨੰਦਪੁਰ ਦਾ ਕਿਲ੍ਹਾ ਛੱਡਣਾ ਨਹੀਂ ਚਾਹੁੰਦੇ ਸਨ। ਪਰ ਪੰਜ ਸਿੰਘਾਂ (ਪਿਆਰਿਆਂ) ਦੇ ਹੁਕਮ ਮੰਨਦੇ ਹੋਏ ਕਿਲ੍ਹਾ ਖਾਲੀ ਕਰਨ ਨੂੰ ਰਾਜ਼ੀ ਹੋ ਗਏ ਤੇ 20-21 ਦਸੰਬਰ 1704 ਨੂੰ ਕਿਲ੍ਹਾ ਖਾਲੀ ਕਰ ਦਿੱਤਾ। ਪਰ ਕਈ ਕਾਰਣਾਂ ਤੋਂ ਗੁਰੂ ਜੀ ਆਪਣਾ ਪਰਿਵਾਰ (ਮਾਤਾ ਜੀ, ਧਰਮ ਪਤਨੀ) ਤੇ ਦੋ ਛੋਟੇ ਸਾਹਿਬਜ਼ਾਦਿਆਂ ਤੋਂ ਵਿਛੜ ਗਏ। ਆਪ ਜੀ ਦੋ ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ 16 ਸਾਲਾ ਤੇ ਬਾਬਾ ਜੁਝਾਰ ਸਿੰਘ 14 ਸਾਲਾ, ਨਾਲ ਰਹਿ ਗਏ। ਆਪ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਪਨਾਹ ਲਈ। ਉੱਥੇ ਹਿੰਦੂ ਰਾਜਿਆਂ ਤੇ ਕਈ ਲੱਖ ਮੁਗ਼ਲ ਫੌਜਾਂ ਨੇ ਆ ਘੇਰਿਆ। ਆਪ ਜੀ ਨਾਲ ਸਿਰਫ਼ ਚਾਲੀ ਸਿੰਘ ਤੇ ਦੋ ਸਾਹਿਬਜ਼ਾਦੇ ਸਨ। ਜਦੋਂ 25 ਸਿੰਘ ਸ਼ਹੀਦ ਹੋ ਗਏ ਤਾਂ ਆਪ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਗਲੇ ਜੱਥੇ ਦੀ ਅਗਵਾਈ ਕਰਕੇ ਲੜਨ ਲਈ



ਭੇਜਿਆ। ਇਸ ਬਾਰੇ ਕਿਸੇ ਲਿਖਿਆ ਹੈ–

ਮੁਗਲ ਦਲਾਂ ਦੇ ਅਫ਼ਸਰਾਂ ਇਹ ਵੇਖ ਲੜਾਈ।
ਹੈਰਾਨੀ ਵਿਚ ਡੁਬ ਕੇ ਮੂੰਹ ਉਂਗਲ ਪਾਈ।
ਗੜ੍ਹੀ ਵਿਚਾਲੇ ਸਤਿਗੁਰੂ ਇਧਰ ਲਾਈ।
ਵੇਖਣ ਆਪਣੇ ਖ਼ੂਨ ਦੀ ਪਾਵਨ ਗਰਮਾਈ।
ਆਣ ਖਲੋਤੇ ਸੂਰਮੇ ਕਰ ਕਰ ਵਡਿਆਈ,
ਆਖਣ ਸੱਚੇ ਪਾਤਸ਼ਾਹ ਧਨ ਕਮਾਈ।
ਤੇਰੇ ਬੀਰ ਸਪੁੱਤਰ ਨੇ ਅੱਜ ਤੇਗ ਜੋ ਵਾਹੀ,
ਉਸ ਨੇ ਤੇਰੀ ਕੀਰਤੀ ਹੈ ਵਧਾਈ।

ਉਹ ਸ਼ਹੀਦ ਹੋ ਗਏ। ਫਿਰ ਹੋਰ ਜੱਥੇ ਨਾਲ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਨੂੰ ਭੇਜਿਆ। ਉਹ ਵੀ ਸ਼ਹੀਦੀ ਪਾ ਗਏ। ਇਹ ਘਟਨਾ ਦਸੰਬਰ 1704 ਦੀ ਹੈ। ਇਸ 14 ਸਾਲ ਦੇ ਬੱਚੇ ਨੂੰ ਦੇਖ ਕੇ ਮੁਗ਼ਲ ਅਫ਼ਸਰਾਂ ਆਪਣੇ ਸਿਪਾਹੀਆਂ ਨੂੰ ਕਿਹਾ–

ਤਲਵਾਰਾਂ ਮੂੰਹੋਂ ਪਾਜੀਓ ਨੇਜ਼ੇ ਲਸ਼ਕਾ ਲਉ।
ਉਹ ਆਇਆ ਕਲ ਦਾ ਛੀਂਟਕਾ ਬਸ ਘੇਰਾ ਪਾ ਲਉ।
ਹੁਣ ਜਾਣ ਨਾ ਦੇਣਾ ਜੀਉਂਦਿਆਂ ਕੱਚਾ ਹੀ ਖਾ ਲਉ।
ਹਾਂ ਢਾ ਲਉ ਇਹਨੂੰ ਆਂਦਿਆਂ ਨੇਜ਼ੇ ਤੇ ਲਾ ਲਉ।

ਪਰ ਇਹ ਸੁਪਨਾ ਪੂਰਾ ਨਾ ਹੋਇਆ –

ਕਾਜ਼ੀ ਆਪਣੇ ਸ਼ਿਕਾਰ ਨੂੰ ਲੱਭਦੇ ਹੀ ਰਹਿ ਗਏ।
ਉਹ ਸੱਧਰ ਲਾਂਹਦਾ ਤੁਰ ਗਿਆ ਇਹ ਫੜਦੇ ਰਹਿ ਗਏ।


ਜਦੋਂ ਸਿਰਫ਼ ਪੰਜ ਸਿੰਘ ਰਹਿ ਗਏ ਤਾਂ ਗੁਰੂ ਜੀ ਆਪ ਅਗਵਾਈ ਕਰਨ ਲਈ ਅੱਗੇ ਵੱਧੇ। ਪਰ ਉਨ੍ਹਾਂ ਪੰਜ ਪਿਆਰਿਆਂ ਕਿਹਾ "ਤੁਸੀਂ ਹਲੀਂ ਲੜਾਈ ਵਿਚ ਸ਼ਾਮਲ ਨਾ ਹੋਵੋ। ਚਲੇ ਜਾਉ, ਹੋਰ ਸਿੰਘ ਤਿਆਰ ਕਰੋ, ਤਾਕਤ ਵਧਾਉ ਤੇ ਮੁੜ ਮੁਕਾਬਲਾ ਕਰੋ"। ਪੰਜ ਪਿਆਰਿਆਂ ਦਾ ਹੁਕਮ ਮੰਨਣਾ ਜ਼ਰੂਰੀ ਜਾਣ ਕੇ ਆਪ ਜੀ ਚਮਕੌਰ ਦੀ ਗੜ੍ਹੀ ਛੱਡ ਕੇ ਚਲੇ ਗਏ।

ਹੈ ਕੋਈ ਐਸਾ ਆਗੂ ਜਿਹੜਾ ਆਪ ਆਪਣੇ ਪੁਤਰਾਂ ਨੂੰ ਸ਼ਹੀਦੀ ਪਾਣ ਲਈ ਤੋਰ ਦੇਵੇ। ਖ਼ਾਸ ਕਰਕੇ ਸਾਡੇ ਆਗੂ ਤਾਂ ਆਪਣੀ ਤੇ ਆਪਣੇ ਪਰਿਵਾਰ ਦੀ ਜਾਨ ਬਚਾਣ ਲਈ ਲੋਕਾਂ ਨੂੰ ਲੁਟਣ ਵਿਚ ਲੱਗੇ ਹੋਏ ਹਨ। ਕਿੰਨੇ ਕੁ ਐਮ. ਪੀ., ਐਮ. ਐਲ. ਏ. ਹਨ ਜਿਨ੍ਹਾਂ ਦੇ ਪਰਿਵਾਰ ਫੌਜ ਵਿਚ ਹਨ ਜਾਂ ਜਿਨ੍ਹਾਂ ਨੇ ਸ਼ਹੀਦੀਆਂ ਪਾਈਆਂ ਹਨ? ਇਹ ਕਾਰਜ਼ ਸਿੱਖਾਂ ਦੇ ਜ਼ਿੰਮੇ ਹੀ ਹੈ।

ਬਾਅਦ ਵਿਚ ਗੁਰੂ ਜੀ ਨੂੰ ਖ਼ਬਰ ਮਿਲੀ ਕਿ ਦੋ ਛੋਟੇ ਸਾਹਿਬਜ਼ਾਦੇ ਵੀ ਸ਼ਹੀਦ ਕਰ ਦਿੱਤੇ ਗਏ ਹਨ। 7 ਤੇ 9 ਸਾਲ ਦੇ ਬੱਚਿਆਂ ਨੂੰ ਉਨ੍ਹਾਂ ਦੇ ਘਰ ਦੇ ਭਭੀਖਣ ਗੰਗੂ ਨੇ ਧੋਖੇ ਨਾਲ ਸਰਹਿੰਦ ਦੇ ਹਾਕਮ ਦੇ ਹਵਾਲੇ ਕਰ ਦਿੱਤਾ ਸੀ। ਉਨ੍ਹਾਂ ਨੂੰ ਪੁਛਿਆ ਗਿਆ ਜੇ ਛੱਡ ਦਿੱਤੇ ਜਾਉ ਤਾਂ ਕੀ ਕਰੋਗੇ? ਉਨ੍ਹਾਂ ਕਿਹਾ –

"ਵਿਚ ਜੰਗਲ ਜਾਵਾਂਗੇ ਸਿੱਖਾਂ ਨੂੰ ਜੋੜ ਲਿਆਂਵਾਂਗੇ,
ਸ਼ਸਤਰ ਇਕੱਠੇ ਕਰਾਂਗੇ, ਘੋੜਿਆਂ ਉਪਰ ਚੜ੍ਹਾਂਗੇ,
ਨਾਲ ਤੁਹਾਡੇ ਲੜਾਂਗੇ।"

ਨੌਂ ਤੇ ਸੱਤ ਸਾਲਾਂ ਦੇ ਦੋਹਾਂ ਸਾਹਿਬਜ਼ਾਦਿਆਂ ਨੂੰ 27 ਦਸੰਬਰ 1704 ਨੂੰ ਜੀਉਂਦਾ ਇੱਟਾਂ ਦੀ ਕੰਧ ਵਿਚ ਚਿਣਵਾ ਦਿੱਤਾ ਗਿਆ। ਉਹ ਕੰਧ ਸਰਹਿੰਦ ਵਿਖੇ ਹਲੀਂ ਵੀ ਦੇਖੀ ਜਾ ਸਕਦੀ ਹੈ ਭਾਵੇਂ ਹੁਣ ਉਸ ਉਪਰ ਚਿੱਟਾ ਰੰਗ ਥੋਪ ਦਿੱਤਾ ਗਿਆ ਹੈ। ਇਸ ਸ਼ਹੀਦੀ ਬਾਰੇ ਇਕ ਮੁਸਲਮਾਨ ਸ਼ਾਇਰ ਲਿਖਦਾ ਹੈ–



ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਜੁ ਹੀ ਖ਼ਬਰ।
ਜਾਨਾ ਕਿ ਬਾਪ ਕੇ ਲੀਏ ਹੂਏ ਕਤਲ ਵੋ ਪਿਸਰ।
ਸ਼ੁਕਰ ਅਕਾਲ ਪੁਰਖ ਕਾ ਕੀਆ ਤਬ ਉਠਾ ਕੇ ਸਿਰ।

ਔਰ ਅਰਜ਼ ਕੀ ਕਿ ਬੰਦੇ ਪਰ ਕਿਰਪਾ ਕੀ ਕਰ ਨਜ਼ਰ।
ਮੁਝ ਸੇ ਆਜ ਤੇਰੀ ਅਮਾਨਤ ਅਦਾ ਹੁਈ।
ਬੇਟੋਂ ਕੀ ਜਾਂ ਧਰਮ ਕੀ ਖਾਤਰ ਫਿਦਾ ਹੁਈ।

ਇਸੇ ਲਈ ਕਿਸੇ ਕਿਹਾ ਸੀ –

ਕੋਈ ਕੌਮ ਮਹਿਰਮ ਨੂੰ ਮੰਨਦੀ ਹੈ,
ਵਡੇ ਦਿਨਾਂ ਦੀ ਕੋਈ ਹੈ ਧਿਆਨ ਕਰਦੇ
ਦਿਨ ਪੋਹ ਦੇ ਸਾਨੂੰ ਨਹੀਂ ਭੁਲਦੇ,
ਡਿਠਾ ਜਦੋਂ ਦਸਮੇਸ਼ ਨੂੰ ਦਾਨ ਕਰਦੇ।

## ਯਾਰੜੇ ਦਾ ਸਾਨੂੰ ਸਥਰ ਚੰਗਾ

ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਗੁਰੂ ਜੀ ਚਮਕੌਰ ਦੀ ਗੜ੍ਹੀ ਛੱਡ ਜਾਂਦੇ ਹਨ। ਪੋਹ ਦੀ ਸਖ਼ਤ ਸਰਦੀ ਦੀ ਕਾਲੀ ਬੋਲੀ ਰਾਤ ਹੈ, ਰਾਹ ਦਾ ਪਤਾ ਨਹੀਂ, ਹਨੇਰ ਵਿਚ ਮਾਛੀਵਾੜੇ ਦੇ ਜੰਗਲ ਵਿਚ ਪਹੁੰਚ ਦਰਖ਼ਤਾਂ ਨਾਲ ਟਕਰਾਂਦੇ ਤੇ ਕੰਡਿਆਂ ਨਾਲ ਕੱਟੇ ਜਾਣ ਕਾਰਣ, ਜਾਮੇਂ ਲੀਰੋ ਲੀਰ ਹੋ ਗਏ ਹਨ, ਸਰੀਰ ਲਹੂ-ਲੁਹਾਨ ਹੋ ਗਿਆ ਹੈ, ਜੋੜਿਆਂ ਦਾ ਪਤਾ ਨਹੀਂ, ਪੈਰ ਜ਼ਖ਼ਮੀ ਹੋ ਗਏ ਹਨ, ਭੁੱਖ ਪਿਆਸ ਤੋਂ ਬੇਹਾਲ ਹਨ। ਅੰਤ ਥਕੇ ਹਾਰੇ ਇਕ ਖਾਲੀ ਥਾਂ 'ਤੇ ਪੱਥਰ ਉਪਰ ਸਿਰ ਰੱਖ ਕੇ ਕੱਟ ਜਾਂਦੇ ਹਨ। ਉਪਰ ਅਕਾਸ ਵਿਚ ਚੰਨ ਦਿਸਦਾ ਹੈ ਜਿਹੜਾ ਵਿਅੰਗ ਨਾਲ ਪੁੱਛ ਰਿਹਾ ਹੋਵੇ ਕਿ ਆਜ਼ਾਦੀ ਲੈਣ ਦਾ ਸਵਾਦ ਲੈ ਰਹੇ ਹੋ? ਗੁਰੂ ਜੀ ਆਪਣੀ ਪ੍ਰਸਿੱਧ ਗ਼ਜ਼ਲ ਰਾਹੀਂ ਕਹਿ ਰਹੇ ਹਨ ਕਿ ਆਜ਼ਾਦੀ ਤੋਂ ਬਿਨਾ ਨਰਮ ਬਿਸਤਰੇ (ਰਜਾਈਆਂ) ਰੋਗ ਲੱਗਦੇ ਹਨ ਤੇ ਜੀਵਨ ਜਿੱਦਾਂ ਸੱਪਾਂ (ਨਾਗ) ਨਾਲ ਰਹਿ ਰਹੇ ਹੋਈਏ, ਸੁਰਾਹੀ ਸੂਏ (ਸੂਲ) ਵਾਂਗ ਦੁਖਾਂਦਾ ਹੈ, ਕਸਾਈ ਦੀ ਕੱਟਣ ਵਾਲੀ ਕਟਾਰੀ (ਬਿੰਗ) ਦਾ ਦਰਦ ਸਹਿ ਰਿਹਾ ਹਾਂ, ਜਿਸ ਨਾਲ ਪਿਆਰ ਹੈ ਉਸ ਦੇ ਪੱਥਰ (ਸੱਥਰ) ਵੀ ਚੰਗੇ ਲੱਗਦੇ ਹਨ ਤੇ ਨਾ-ਪਸੰਦ ਲੋਕਾਂ ਨਾਲ (ਖੇੜਿਆਂ) ਰਹਿਣਾ ਭੱਠੀ ਦੀ ਅੱਗ ਵਿਚ ਤਪਣ ਬਰਾਬਰ ਹੈ। ਆਪ ਜੀ ਦੇ ਬਚਨ ਹਨ –

ਤੁਧੁ ਬਿਨੁ ਰੋਗੁ ਰਜਾਈਆ ਦਾ ਓਢਣ
ਨਾਗ ਨਿਵਾਸਾ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰੁ ਚੰਗਾ
ਭੱਠ ਖੇੜਿਆ ਦਾ ਰਹਣਾ ॥

ਇਕ ਪਾਸੇ ਦੁੱਖ ਦੀ ਇੰਤਹਾ ਹੈ ਤਾਂ ਦੂਸਰੇ ਪਾਸੇ ਪਿਆਰ ਦੀ ਬੁਲੰਦੀ ਹੈ। ਜਿਸ ਕੌਮ ਦਾ ਇੱਦਾਂ ਦਾ ਰਹਿਬਰ ਹੋਵੇ ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦੀ ਹੈ। ਉਸ ਨੂੰ ਦੁੱਖ ਡਰਾ ਨਹੀਂ ਸਕਦੇ।

## ਅਤ ਹੀ ਰਨ ਮੈ ਤਬ ਜੂਝ ਮਰੋਂ

ਕੋਈ ਕਹਿੰਦਾ ਹੈ ਕਿ ਮੈਂ ਧਨਵਾਨ ਹੋ ਕੇ ਮਰਾਂ, ਮਹਿਲ ਮਾੜੀਆਂ ਬਣਾ ਕੇ ਮਰਾਂ, ਕੋਈ ਸੋਚਦਾ ਹੈ ਪਦਵਾਨ ਹੋ ਕੇ ਮਰਾਂ, ਮੰਤਰੀ, ਪ੍ਰਧਾਨ ਮੰਤਰੀ ਬਣ ਕੇ ਮਰਾਂ, ਕੋਈ ਸੌ ਪੁਤਰਾਂ ਦੀ ਆਸ ਨਾਲ ਮਰਨਾ ਚਾਹੁੰਦਾ ਹੈ, ਕੋਈ ਪੰਜ ਸੌ ਇਸਤ੍ਰੀਆਂ ਭੋਗ ਕੇ ਮਰਨਾ ਚਾਹੁੰਦਾ ਹੈ। ਪਰ ਗੁਰੂ ਜੀ ਕੀ ਵਰਦਾਨ ਮੰਗਦੇ ਹਨ? ਆਪ ਜੀ ਕਹਿੰਦੇ ਹਨ ਕਿ ਜਦੋਂ ਮੇਰੇ ਜੀਵਨ (ਅਉਧ) ਦਾ ਅੰਤ ਸਮੇਂ ਆਣ ਵਾਲਾ ਹੋਏ ਤਾਂ ਮੈਂ ਰਣ-ਭੂਮੀ ਵਿਚ ਜੂਝਦਾ ਮਰਾਂ, ਜ਼ੁਲਮਾਂ ਦੇ ਵਿਰੁੱਧ ਲੜਦਾ ਮਰਾਂ। ਇਹੀ ਆਪ ਜੀ ਨੇ ਸਿੰਘਾਂ ਨੂੰ ਆਪਣੀ ਅਰਦਾਸ ਕਰਨ ਲਈ ਕਿਹਾ –

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰ ਆਪਨੀ ਜੀਤ ਕਰੋ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋ ॥

ਆਪ ਜੀ ਦੇ ਜੀਵਨ ਦਾ ਅੰਤ ਵੀ ਇਸੇ ਪ੍ਰਕਾਰ ਨਾਲ ਹੋਇਆ। ਸਰਹਿੰਦ ਦੇ ਸੂਬੇ ਨੇ ਆਪਣੇ ਦੋ ਸਿਪਾਹੀ ਗੁਰੂ ਜੀ ਮਗਰ ਲਾਏ ਹੋਏ ਸਨ। ਉਹ ਨਾਂਦੇੜ ਵਿਖੇ ਪਹੁੰਚ ਗਏ ਜਿੱਥੇ ਗੁਰੂ ਜੀ ਨਿਵਾਸ ਕਰਦੇ ਸਨ। ਇਕ ਰਾਤ ਮੌਕਾ ਦੇਖ ਕੇ ਉਨ੍ਹਾਂ ਗੁਰੂ ਜੀ ਦੇ ਖੱਬੇ ਪਾਸੇ, ਦਿਲ ਉਪਰ, ਕਟਾਰ ਨਾਲ ਹਮਲਾ ਕਰ ਦਿੱਤਾ। ਇਕ ਨੂੰ ਗੁਰੂ ਜੀ ਨੇ ਥਾਏਂ ਹੀ ਝਟਕਾ ਦਿੱਤਾ ਤੇ ਦੂਸਰਾ ਬਾਹਰ ਸਿੰਘਾਂ ਨੇ ਮਾਰ ਛਡਿਆ। ਪਰ ਗੁਰੂ ਜੀ ਇਸ ਜ਼ਖ਼ਮ ਤੋ ਬਚ ਨਾ ਸਕੇ ਅਤੇ ਸ਼ਹੀਦੀ ਪਾ ਗਏ। ਆਖਰੀ ਸਮੇਂ ਤਕ ਆਪ ਜੀ ਸਿਪਾਹੀ ਵਾਂਗ ਵੈਰੀ ਨਾਲ ਜੂਝਦੇ ਰਹੇ ਅਤੇ ਉਸ ਨੂੰ ਖ਼ਤਮ ਵੀ ਕਰ ਦਿੱਤਾ। ਇੱਦਾਂ ਗੁਰੂ ਜੀ 7 ਅਕਤੂਬਰ 1708 ਨੂੰ 42 ਸਾਲ ਦੀ ਛੋਟੀ ਉਮਰ ਵਿਚ ਅਕਾਲ ਪੁਰਖ ਵਿਚ ਲੀਨ ਹੋ ਗਏ –

**ਨਾਨਕ ਲੀਨ ਭਇਓ ਗੋਬਿੰਦ**
**ਸਿਉ ਜਿਉ ਪਾਨੀ ਸੰਗਿ ਪਾਨੀ ॥**

ਆਪ ਜੀ ਨੇ ਆਪਣੇ ਜੀਵਨ ਨੂੰ ਇਕ ਤਮਾਸ਼ੇ, ਡਰਾਮੇ ਖੇਡ ਨਾਲੋਂ ਜ਼ਿਆਦਾ ਕੁਝ ਨਹੀਂ ਸਮਝਿਆ। ਇਸ

ਲਈ ਜੋ ਵੀ ਦੁੱਖ ਸੁੱਖ ਪ੍ਰਭੂ ਵੱਲੋਂ ਮਿਲਿਆ ਉਸ ਨੂੰ ਪੂਰੇ ਮਨ ਨਾਲ ਕਬੂਲ ਕੀਤਾ ਤੇ ਜੀਵਨ ਦੀ ਹਰ ਘਟਨਾ ਨੂੰ ਇਕ ਖੇਡ ਤੁਲ ਜਾਣਿਆ। ਪਿਤਾ ਜੀ ਨੂੰ ਦਿੱਲੀ ਵਿਖੇ ਕਤਲ ਕਰ ਦਿੱਤਾ ਗਿਆ, ਮਾਤਾ ਜੀ ਨੂੰ ਸਰਹਿੰਦ ਦੇ ਠੰਡੇ ਬੁਰਜ ਤੋਂ ਸੁਟ ਕੇ ਸ਼ਹੀਦ ਕਰ ਦਿੱਤਾ ਗਿਆ, ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ, ਦੋ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਣੇ ਗਏ, ਸਾਰੇ ਸਾਥੀ ਮਾਰੇ ਗਏ, ਪਰਿਵਾਰ ਦੀ ਕੋਈ ਖ਼ਬਰ ਨਾ ਮਿਲੀ, ਆਪ ਵੈਰੀ ਦੇ ਖੰਜਰ ਨਾਲ ਸ਼ਹੀਦੀ ਪਾ ਗਏ। ਪਰ ਆਪ ਨੇ ਇਹ ਸਭ ਨੂੰ ਇਕ ਨਾਟਕ ਦਾ ਹਿੱਸਾ ਮੰਨਿਆ ਤੇ ਬੜੀ ਖ਼ੁਸ਼ੀ ਨਾਲ ਆਪਣੇ ਕਿਰਦਾਰ ਨੂੰ ਨਿਭਾਇਆ।

ਮਹਾਨ ਕਵੀ ਸੰਤੋਖ ਸਿੰਘ ਗੁਰੂ ਜੀ ਦੀ ਦੇ ਬਾਰੇ ਲਿਖਦੇ ਹਨ –

**ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ।**
**ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।**
**ਪਾਪ ਹੀ ਪਰਪਕ ਜਾਤੇ ਧਰਮ ਧਸ ਨ ਜਾਤੇ**
**ਰਨ ਗਰਕ ਜਾਤੇ, ਸਾਹਿਤ ਬਿਧਾਨ ਕੀ।**
**ਦੇਵੀ ਦੇਵ ਦੇਹੁਰਾ ਸੰਤੋਖ ਸਿੰਘ ਦੂਰ ਦੂਰ ਹੋਤੇ।**
**ਰੀਤਿ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।**

ਵਾਹਿਗੁਰੂ ਗੋਬਿੰਦ ਪਾਵਨ ਪਰਮ ਸੂਰ ਮੂਰਤਿ ਨ ਹੋਤੀ ਜਓ ਪੈ ਕਰੁਣਾ ਨਿਧਾਨ ਕੀ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਵਾਲਿਆਂ ਲਿਖਿਆ ਸੀ–

ਇਹ ਕੋਈ ਰੱਬ ਦਾ ਆਕਾਰ ਜੀਵ ਰੂਪ ਨਹੀਂ,
ਇਹ ਮਨੁੱਖਤਾ ਦਾ ਲਹੂ ਭਿੱਜਾ ਸਰੀਰ ਹੈ।
ਹਿਰਦੇ ਵਿਚ ਬਚਿਆਂ ਲਈ ਪਿਆਰ ਹੈ,
ਪਤਨੀ ਲਈ ਪ੍ਰੇਮ ਹੈ, ਮਾਤਾ ਲਈ ਸਤਿਕਾਰ ਹੈ,
ਸਾਥੀਆਂ ਲਈ ਵਫ਼ਾ ਹੈ, ਮਨੁੱਖਤਾ ਲਈ ਦਰਦ ਹੈ,
ਜੀਵਨ ਲਈ ਜੋਸ਼ ਹੈ, ਗ਼ੁਲਾਮੀ ਲਈ ਘਿਰਣਾ ਹੈ,
ਜ਼ੁਲਮ ਲਈ ਤਕਰਾਰ ਹੈ, ਹੁਨਰ ਲਈ ਦਰਦ ਹੈ,
ਰੂਪ ਲਈ ਰਸ ਹੈ, ਇਨਸਾਫ਼ ਲਈ ਕੁਰਬਾਨੀ ਹੈ।

ਕਿਸੇ ਕਿਹਾ ਸੀ–

ਨਾ ਕਹੂ ਜਬ ਕੀ, ਨਾ ਕਹੂ ਤਬ ਕੀ,
ਮੈਂ ਕਹੂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ
ਸੁੰਨਤ ਹੋਤੀ ਸਬ ਕੀ।

ਸੁਨੰਤ ਹੋਣਾ ਯਾਨੀ ਮੁਸਲਮਾਨ ਹੋਣਾ।



## ਗੁਰਗੱਦੀ ਗ੍ਰੰਥ ਸਾਹਿਬ ਨੂੰ

ਪਹਿਲੇ ਚਾਰ ਗੁਰੂਆਂ ਨੇ ਗੁਰਗੱਦੀ ਸੰਗਤ ਵਿਚੋਂ ਗੁਣੀ ਸਿੱਖਾਂ ਨੂੰ ਦਿੱਤੀ। ਪਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਪੁੱਤਰ ਬਾਗ਼ੀ ਹੋ ਗਏ, ਗੁਰੂ-ਪਿਤਾ ਦੀ ਆਗਿਆ ਦਾ ਵਿਰੋਧ ਕਰਨ ਲੱਗੇ ਤੇ ਸੰਗਤਾਂ ਵਿਚ ਗ਼ਲਤ ਪ੍ਰਚਾਰ ਕਰਨ ਲੱਗੇ। ਸੰਗਤਾਂ ਵਿਚੋਂ ਵੀ ਕਈ ਸੋਚਣ ਲੱਗੇ ਕਿ ਉਸ ਨੂੰ ਗੁਰਗੱਦੀ ਕਿਉਂ ਮਿਲੀ, ਮੈਨੂੰ ਕਿਉਂ ਨਹੀਂ। ਇੱਦਾਂ ਸੰਗਤਾਂ ਦਾ ਇਕ-ਜੁਟ ਤੇ ਇਕ ਰਸ ਰਹਿਣਾ ਔਖਾ ਹੋ ਗਿਆ।

ਇਸ ਸਥਿਤੀ ਨੂੰ ਦੇਖਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਆਪਣੇ 11 ਸਾਲਾਂ ਦੇ ਸਾਹਿਬਜ਼ਾਦੇ ਹਰਿਗੋਬਿੰਦ (ਗੁਰੂ) ਨੂੰ ਗੁਰਗੱਦੀ ਬਖ਼ਸ਼ ਦਿੱਤੀ ਅਤੇ ਇਹੀ ਪ੍ਰੰਪਰਾ ਦਸਵੇਂ ਜਾਮੇ ਤੱਕ ਚਲਦੀ ਰਹੀ। ਇਸ ਦਾ ਲਾਭ ਇਹ ਹੋਇਆ ਕਿ ਸੰਗਤਾਂ ਨੇ ਸਮਝ ਲਿਆ ਕਿ ਗੁਰ-ਗੱਦੀ ਘਰੋਂ ਬਾਹਰ ਨਹੀਂ ਜਾਏਗੀ ਅਤੇ ਉਹ ਆਪਣੀ ਆਸ ਨਾ ਲਾਣ।

ਫਲਸਰੂਪ, ਸੰਗਤਾਂ ਵਿਚ ਆਸਾ-ਨਿਰਾਸਾ ਦੀ ਖੇਡ ਬੰਦ ਹੋ ਗਈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਸਨ ਅਤੇ ਵੰਸ਼ ਵਿਚ ਕੋਈ ਗੁਰਗੱਦੀ ਦਾ ਹੱਕਦਾਰ ਨਹੀਂ ਸੀ। ਸੰਗਤ ਵਿਚ ਬਹੁਤ ਗੁਣੀ ਸਨ (ਜਿੱਦਾਂ ਬਾਬਾ ਬੰਦਾ ਸਿੰਘ ਬਹਾਦਰ) ਪਰ ਉਨ੍ਹਾਂ ਵਿਚੋਂ ਕਿਸੇ ਨੂੰ ਚੁਣਨਾ ਖ਼ਤਰੇ ਤੋਂ ਖਾਲੀ ਨਹੀਂ ਸੀ। ਇਹ ਡਰ ਸੱਚ ਵੀ ਨਿਕਲਿਆ। ਜਦੋਂ ਬਾਅਦ ਵਿਚ ਕਈਆਂ ਨੇ ਬਾਬਾ ਬੰਦਾ ਸਿੰਘ ਨੂੰ ਗੁਰੂ ਮੰਨ ਲਿਆ ਤੇ ਅਤੇ ਕਈਆਂ ਨੇ ਨਹੀਂ – ਇਕ ਗੁੱਟ ਬੰਦਈ ਖ਼ਾਲਸਾ ਬਣ ਗਿਆ। ਇਸ ਲਈ ਗੁਰੂ ਜੀ ਨੇ ਬੜੀ ਦੂਰ-ਅੰਦੇਸ਼ੀ ਤੇ ਸਿਆਣਪ ਨਾਲ

ਇਕ ਪੂਰਨ ਨਿਰਣੈ ਲਿਆ। ਧਾਰਮਿਕ ਕਾਰਜਾਂ ਲਈ, ਪ੍ਰਭੂ ਪ੍ਰਾਪਤੀ ਲਈ, ਜੀਵਨ ਜਾਚ ਲਈ, ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਦਿੱਤੀ। ਇਹ ਪਹਿਲਾਂ ਵੀ ਸੰਗਤਾਂ ਤੇ ਗੁਰੂ-ਘਰ ਵੱਲੋਂ ਸਤਿਕਾਰਿਆ ਜਾਂਦਾ ਸੀ। ਇਸ ਵਿਚ ਆਪਣੇ ਪਿਤਾ-ਗੁਰੂ ਦੀ ਬਾਣੀ ਸ਼ਾਮਲ ਕਰਕੇ, ਗੁਰੂ ਗ੍ਰੰਥ ਸਾਹਿਬ ਨੂੰ 7 ਅਕਤੂਬਰ 1708 ਵਿਚ ਸਿੱਖਾਂ ਦਾ ਅਟਲ ਸਦੀਵੀ, ਗੁਰੂ ਸਥਾਪਤ ਕਰ ਦਿੱਤਾ, ਆਪ ਵੀ ਇਸ ਅੱਗੇ ਮੱਥਾ ਟੇਕਿਆ ਤੇ ਕਿਹਾ-

**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥**

ਅਤੇ ਪੰਥਕ ਤੇ ਸਮਾਜਿਕ ਰਹਿਨੁਮਾਈ ਪੰਜ ਪਿਆਰਿਆਂ ਦੀ ਸਰਬ-ਸੰਮਤੀ ਨਾਲ ਚੁਣੇ ਗੁਣਵਾਨਾਂ ਨੂੰ ਸੰਭਾਲ ਦਿੱਤੀ। ਇਦਾਂ ਸਮਾਜਕ ਮਾਮਲਿਆਂ ਲਈ ਸੰਗਤ ਵੱਲੋਂ ਚੁਣੇ ਪੰਜਾਂ ਪਿਆਰਿਆਂ ਦਾ ਆਦੇਸ ਲਾਜ਼ਮੀ ਹੋ ਗਿਆ। ਵੈਸੇ ਵੀ ਗੁਰੂ ਕਾਲ ਦੌਰਾਨ ਗੁਰੂ ਜੀ ਇਨ੍ਹਾਂ ਪੰਜ ਪਿਆਰਿਆਂ ਦਾ ਆਦੇਸ਼ ਆਪ ਵੀ ਮੰਨਦੇ ਰਹੇ ਸਨ ਤਾਂਕਿ ਸੰਗਤ ਵਿਚ ਇਨ੍ਹਾਂ ਦੀ ਉੱਚਤਾ ਪ੍ਰਵਾਨ ਹੋ ਸਕੇ। ਜੇ ਪੰਜ ਪਿਆਰਿਆਂ ਨੂੰ ਕਿਸੇ ਮਸਲੇ ਦਾ ਹਲ ਨਾ ਲੱਭੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੇਧ ਲੈਣ।
(ਉਪਰਲਾ ਵਿਸ਼ਲੇਸ਼ਣ (ANALYSIS) ਮੇਰਾ ਹੈ। ਜੇ ਕਿਸੇ ਨੂੰ ਪਸੰਦ ਨਾ ਆਏ ਤਾਂ ਮੈਂ ਖਿਮਾ ਮੰਗਦਾ ਹਾਂ। ਮੇਰਾ ਉਦੇਸ਼ ਪੰਥ ਜਾਂ ਇਤਿਹਾਸ 'ਤੇ ਟਿਪਣੀ ਕਰਨਾ ਬਿਲਕੁਲ ਨਹੀਂ)।

ਅੱਜ ਦੇ ਪਾਵਨ ਪੁਰਬ ਤੇ ਮੈਂ ਸੰਗਤਾਂ ਨੂੰ ਵਧਾਈ ਦਿੰਦਾ ਹੈ ਤੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜ ਪਿਆਰੇ ਗੁਣੀ, ਗਿਆਨਵਾਨ ਤੇ ਰਹਿਤਵਾਨ ਚੁਨਣ ਅਤੇ ਉਨ੍ਹਾਂ ਦੀ ਅਗਵਾਈ ਹੇਠਾਂ ਕੰਮ ਕਰਨ। ਇਹੀ ਰਾਹ ਹੈ। ਅੱਜ-ਕਲ੍ਹ ਪੰਜ ਪਿਆਰੇ ਸਿਰਫ਼ ਰਸਮੀ ਰਹਿ ਗਏ ਹਨ ਜਿਹੜੇ ਕੋਈ ਵੀ ਬੱਚੇ ਵੀ ਬਣ ਸਕਦੇ ਹਨ ਅਤੇ ਪ੍ਰਬੰਧਕ ਦੇ ਅਧੀਨ ਹੁੰਦੇ ਹਨ।

-ਜੋਗਿੰਦਰ ਸਿੰਘ ਸੇਠੀ
303/1, ਐਵਰੀ ਟਾਵਰ, ਜੁਹੂ ਕੋਲੀਵਾੜਾ
ਮੁੰਬਈ-400049. ਮੋਬਾਇਲ : 9833393536

**ਕਵਿਤਾ**

# ਕੁਦਰਤ ਨਾਲ ਖਿਲਵਾੜ



ਸਹਿਮੀਆਂ ਨੇ ਕੰਧਾਂ ਤੇ ਡਰੇ ਹੋਏ ਲੋਕ ਨੇ
ਰੁੱਖ ਵੀ ਉਦਾਸ ਜਾਪਣ, ਸੌਂ ਗਏ ਮੋਰ ਨੇ।

ਹਰ ਸ਼ੈਅ 'ਤੇ ਧੂੜ ਪਰਤ ਚੜ੍ਹ ਆਈ ਏ
ਹਵਾ ਵੀ ਤੇ ਧੂੰਏ ਅੱਗੇ ਰੋ ਕੇ ਹੀ ਆਈ ਏ।

ਹਸਪਤਾਲ ਪਿਆ ਸ਼ਾਹੂਕਾਰ ਤੜਫ ਰਿਹਾ ਏ
ਰੋਗੀ ਹੋਈ ਗਰੀਬ ਦਾ, ਸ਼ਹਿਰ ਧੁਖ ਰਿਹਾ ਏ।

ਧੁਖ ਰਹੇ ਸ਼ਹਿਰ ਨੂੰ ਨਾ ਮੱਲ੍ਹਮ ਕਿਸੇ ਲਾਈ ਏ
ਬੁੱਚੜਖਾਨੇ ਹੋਏ ਹਸਪਤਾਲ, ਛਿੱਲ ਪੂਰੀ ਲਾਹੀ ਏ।

ਹੌਲੀ ਹੌਲੀ ਕੈਂਸਰ ਦਾ ਤਾਪ ਚੜ੍ਹ ਰਿਹਾ ਏ
ਦੇਖਿਆ ਨਾ ਜੱਗ ਉਹਨੇ, ਛੇਤੀ ਤੁਰ ਗਿਆ ਏ।

ਪਰਾਲੀ ਬਾਲੀ ਧੂੰਏ ਨਾਲ, ਮਿੱਟੀ ਰਸਾਇਣਕ ਹੋ ਗਈ ਏ।
ਮੌਤ ਉਗੇ ਖੇਤ ਵਿੱਚੋਂ, ਜ਼ਿੰਦ ਸੂਲੀ 'ਤੇ ਖਲੋ ਗਈ ਏ।

ਪੰਜ ਪਾਣੀਆਂ ਦੇ ਅੰਮ੍ਰਿਤ 'ਚ ਜ਼ਹਿਰ ਕਿਸੇ ਰਲਾਈ ਏ।
ਸੋਕੇ ਕਾਰਣ ਕਈ ਥਾਈਂ ਪਈ ਹੋਈ ਦੁਹਾਈ ਏ।

ਅਗਨ ਭੇਟ ਹੋਇਆ ਜੰਗਲ, ਜੀਵ ਜੰਤੂ ਰਾਖ਼ ਹੋ ਗਏ
ਆਪਣਿਆਂ ਦੇ ਰਾਖੇ ਭੁੱਖ ਲਈ, ਕਾਤਲ ਆਪ ਹੋ ਗਏ।

ਲੱਗਿਆ ਏ ਰੋਗ ਭੈੜਾ, ਦਵਾ ਜਿਸ ਦੀ ਮੌਤ ਏ
ਬੀਮਾਰੀ ਇਸ ਜੀਵਨ 'ਚ ਬਣ ਗਈ ਖੜੌਤ ਏ।

ਦੁੱਧ, ਪਾਣੀ, ਸਬਜ਼ੀਆਂ, ਫਲਸਪਰੇਆਂ ਵਾਲੇ ਨੇ
ਜੰਮਦੇ ਬੁੱਢੇ ਹੋ ਰਹੇ, ਕੀ ਪੁੱਤ ਮਾਵਾਂ ਨੇ ਪਾਲੇ ਨੇ

ਕੁਦਰਤ ਨਾਲ ਖਿਲਵਾੜ ਕਰਦਾ, ਭੁਗਤ ਜੋ ਸਿਰ ਆਈ ਏ
ਦੇਖੋ ਹੰਕਾਰੀ ਇਨਸਾਨ ਦੀ ਇਨਸਾਨ ਨਾਲ ਲੜਾਈ ਏ

ਮਾਫ ਕਰੀਂ ਚੌਧਰ ਤੇਰੀ ਨੇ ਆਖ਼ਰ ਇੱਕ ਦਿਨ ਮੁੱਕ ਜਾਣਾ
ਪਾਣੀ ਬਿਨਾਂ ਰੁੱਖਾਂ ਕੀ, ਇਨਸਾਨ ਧਰਤ ਨੇ ਵੀ ਸੁੱਕ ਜਾਣਾ।

-ਡਾ. ਅਮਨਪ੍ਰੀਤ ਸਿੰਘ

# ਸੋਲ੍ਹਵੀਂ ਪਉੜੀ

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ 16 ॥

ਤੁਕ ਅਰਥ

**ਪੰਚ ਪਰਵਾਣ ਪੰਚ ਪਰਧਾਨੁ ॥**
**ਪੰਚੇ ਪਾਵਹਿ ਦਰਗਹਿ ਮਾਨੁ ॥**

ਪੰਚ – ਪੰਜ। ਪਰਵਾਣ – ਸਵੀਕਾਰ। ਪਰਧਾਨ – ਵਿਸ਼ੇਸ਼ ਸਥਾਨ। ਦਰਗਹਿ-ਦਰਬਾਰ ਵਿਚ। ਮਾਨ – ਸਤਿਕਾਰ।
ਪੰਜ ਵਿਕਾਰਾਂ ਨੂੰ ਜਿਤਣ ਵਾਲੇ ਦੀ ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੁੰਦੇ ਹਨ ਤੇ ਵਿਸ਼ੇਸ਼ ਸਥਾਨ ਪਾਂਦੇ ਹਨ।

**ਪੰਚੇ ਸੋਹਹਿ ਦਰਿ ਰਾਜਾਨੁ ॥**
**ਪੰਚਾ ਕਾ ਗੁਰ ਏਕ ਧਿਆਨੁ ॥**

ਸੋਹਹਿ – ਸੋਭਦੇ ਹਨ। ਦਰਿ – ਦਰਬਾਰ। ਗੁਰ – ਵਿਧੀ।
ਇਹ ਪੰਜ ਹੀ ਰਾਜਿਆਂ ਦੇ ਦਰਬਾਰ ਵਿਚ ਸੋਭਾ ਪਾਂਦੇ ਹਨ। ਇਨ੍ਹਾਂ ਪੰਜਾਂ ਵਿਕਾਰਾਂ ਨੂੰ ਜਿੱਤਣ ਦੀ ਵਿਧੀ ਸਿਰਫ਼ ਧਿਆਨ ਹੈ।

**ਜੇ ਕੋ ਕਹੈ ਕਰੈ ਵੀਚਾਰੁ ॥**
**ਕਰਤੇ ਕੈ ਕਰਣੈ ਨਾਹੀ ਸੁਮਾਰੁ ॥**

ਕਰਣੈ – ਕਿਰਤ। ਸੁਮਾਰ – ਗਿਣਤੀ।
ਕੋਈ ਵਿਚਾਰ ਕੇ ਵਾਹਿਗੁਰੂ ਦੀ ਕਿਰਤ ਬਾਰੇ ਨਹੀਂ ਦਸ ਸਕਦਾ ਕਿਉਂਕਿ ਕਰਤੇ ਦੀ ਕਿਰਤ ਦੀ ਗਿਣਤੀ ਨਹੀਂ ਹੋ ਸਕਦੀ।

**ਧੌਲੁ ਧਰਮੁ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

ਧੌਲੁ – ਬੈਲ। ਸੰਤੋਖ – ਸਬੱਰ। ਸੂਤਿ – ਟਿਕਾਣੇ ਸੰਭਾਲੀ ਰਖਣਾ।
ਮੰਨਿਆ ਜਾਂਦਾ ਹੈ ਕਿ ਧਰਤੀ ਨੂੰ ਇਕ ਬੈਲ ਨੇ ਆਪਣੇ ਸਿੰਗ ਉਪਰ ਚੁਕਿਆ ਹੋਇਆ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਵਿਚਾਰ ਠੀਕ ਨਹੀਂ। ਅਸਲ ਵਿਚ ਇਹ ਬੈਲ ਧਰਮ ਹੈ, ਜਿਹੜਾ ਵਾਹਿਗੁਰੂ ਨੇ ਦਇਆ ਕਰਕੇ ਬਖ਼ਸ਼ਿਆ ਹੈ ਅਤੇ ਇਸੇ ਧਰਮ (ਨੀਅਮ) ਕਰਕੇ ਹੀ ਧਰਤੀ ਸਬਰ ਨਾਲ ਇਕ ਸੂਤ ਵਿਚ ਟਿਕੀ ਹੋਈ ਹੈ।

**ਜੇ ਕੋ ਬੂਝੈ ਹੋਵੈ ਸਚਿਆਰੁ ॥**
**ਧਵਲੈ ਉਪਰਿ ਕੇਤਾ ਭਾਰੁ ॥**

ਜੇ ਕੋ – ਜਿਹੜਾ। ਬੂਝੈ – ਸਮਝ ਲਵੇ। ਸਚਿਆਰ – ਜਾਣਕਾਰ।
ਜਿਹੜਾ ਧਰਮ ਦੀ ਗੱਲ ਸਮਝ ਲੈਂਦਾ ਹੈ ਉਹੀ ਤੱਤ ਦਾ ਜਾਣਕਾਰ ਹੋ ਜਾਂਦਾ ਹੈ। ਜਿਹੜਾ ਇਹ ਨਹੀਂ ਮੰਨਦਾ ਉਹ ਦਸੇ ਕਿ ਕਿਹੜਾ ਧਰਤੀ ਦਾ ਭਾਰ ਚੁੱਕ ਸਕਦਾ ਹੈ।

**ਧਰਤੀ ਹੋਰੁ ਪਰੈ ਹੋਰੁ ਹੋਰੁ ॥**
**ਤਿਸ ਤੇ ਭਾਰੁ ਤਲੈ ਕਵਣ ਜੋਰੁ ॥**

ਤਲੈ – ਹੇਠਾ। ਜ਼ੋਰ – ਤਾਕਤ।
ਫਿਰ ਧਰਤੀ ਇਕ ਨਹੀਂ ਕਈ ਧਰਤੀਆਂ ਹਨ। ਉਨ੍ਹਾਂ ਧਰਤੀਆਂ ਦੇ ਭਾਰ ਥਲੇ ਕਿਹੜੀ ਤਾਕਤ ਹੈ – ਇਹ ਬਲਦ ਤਾਂ ਹੋ ਨਹੀਂ ਸਕਦਾ।

**ਜੀਅ ਜੰਤ ਰੰਗਾ ਕੇ ਨਾਵ ॥**
**ਸਭਨਾ ਲਿਖਿਆ ਵੁੜੀ ਕਲਾਮ ॥**

ਨਾਵ – ਨਾਮ। ਲਿਖਿਆ – ਤਕਦੀਰ ਲਿਖੀ।
ਵੁੜੀ – ਚਲਦੀ ਹੋਈ। ਕਲਾਮ – ਕਲਮ।
ਇਨ੍ਹਾਂ ਧਰਤੀਆਂ ਉਪਰ ਕਈ ਰੰਗਾਂ ਤੇ ਨਾਵਾਂ ਦੇ ਜੀਅ-ਜੰਤ ਵਸਦੇ ਹਨ ਅਤੇ ਇਨ੍ਹਾਂ ਦੀਆਂ ਤਕਦੀਰਾਂ ਵਾਹਿਗੁਰੂ

ਦੀ ਚਲਾਈ ਕਲਮ ਰਾਹੀਂ ਲਿਖੀਆਂ ਗਈਆਂ ਹਨ।

**ਏਹੁ ਲੇਖਾ ਲਿਖਿ ਜਾਣੈ ਕੋਇ ॥**

**ਲੇਖਾ ਲਿਖਿਆ ਕੇਤਾ ਹੋਇ ॥**

ਲੇਖਾ - ਕੁਦਰਤਿ ਦਾ ਹਿਸਾਬ। ਜਾਣੈ - ਜਾਨਣਾ। ਕੋਇ - ਕੋਈ।

ਵਾਹਿਗੁਰੂ ਦੀ ਕੁਦਰਤਿ ਦਾ ਹਿਸਾਬ ਕੌਣ ਲਿਖਣਾ ਜਾਣਦਾ ਹੈ ਅਤੇ ਜੇ ਲਿਖ ਵੀ ਲਿਆ ਜਾਏ ਤਾਂ ਅੰਦਾਜ਼ਾ ਲਾਵੋ ਕਿ ਇਹ ਲਿਖਤ ਕਿੰਨੀ ਵੱਡੀ ਤੇ ਵਿਸ਼ਾਲ ਹੋਏਗੀ।

**ਕੇਤਾ ਤਾਣੁ ਸੁਆਲਿਹੁ ਰੂਪੁ ॥**

**ਕੇਤੀ ਦਾਤਿ ਜਾਣੈ ਕੌਣੁ ਕੂਤੁ ॥**

ਤਾਣੁ - ਸ਼ਕਤੀ। ਸੁਆਲਿਹੁ - ਸਲਾਹੁਣ ਜੋਗ। ਰੂਪੁ - ਸੁੰਦਰਤਾ। ਕੂਤੁ - ਅੰਦਾਜ਼ਾ।

ਵਾਹਿਗੁਰੂ ਦੀ ਸ਼ਕਤੀ ਬੇਅੰਤ ਹੈ ਅਤੇ ਉਸ ਦੀ ਸੁੰਦਰਤਾ ਸਲਾਹੁਣਜੋਗ ਹੈ। ਉਸ ਵਾਹਿਗੁਰੂ ਦੀਆਂ ਦਾਤਾਂ ਦਾ ਅੰਦਾਜ਼ਾ ਕੌਣ ਲਾ ਸਕਦਾ ਹੈ?

**ਕੀਤਾ ਪਸਾਉ ਏਕੋ ਕਵਾਉ ॥**

**ਤਿਸ ਤੇ ਹੋਏ ਲਖ ਦਰੀਆਉ ॥**

ਪਸਾਉ - ਫੈਲਾਉ। ਕਵਾਉ - ਹੁਕਮ।

ਇਹ ਬੇਅੰਤ ਵਿਸ਼ਾਲ ਸੁੰਦਰ ਫੈਲਾਉ ਵਾਹਿਗੁਰੂ ਨੇ ਇਕੋ ਹੁਕਮ ਰਾਹੀਂ ਕਰ ਦਿੱਤਾ ਹੈ।

**ਕੁਦਰਤਿ ਕਵਣ ਕਹਾ ਵੀਚਾਰੁ ॥**

**ਵਾਰਿਆ ਨ ਜਾਵਾ ਏਕ ਵਾਰ ॥**

ਕਵਣ - ਕਿੰਦਾਂ। ਵਾਰਿਆ - ਕੁਰਬਾਨ ਹੋਣਾ।

ਵਾਹਿਗੁਰੂ ਦੀ ਵਿਸ਼ਾਲ ਸੁੰਦਰ ਕਿਰਤ ਨੂੰ ਵਿਚਾਰਾਂ ਰਾਹੀਂ ਨਹੀਂ ਦਰਸਾਇਆ ਜਾ ਸਕਦਾ। ਗੁਰੂ ਜੀ ਕਹਿੰਦੇ ਹਨ ਕਿ ਮੇਰੀ ਤਾਂ ਇੰਨੀ ਵੀ ਹਸਤੀ ਨਹੀਂ ਕਿ ਮੈਂ ਇਸ ਉਪਰ ਇਕ ਵਾਰੀਂ ਵੀ ਕੁਰਬਾਨ ਹੋ ਸਕਾਂ।

**ਜੋ ਤੁਧ ਭਾਵੈ ਸਾਈ ਭਲੀ ਕਾਰ ॥**

**ਤੂੰ ਸਦਾ ਸਲਾਮਤਿ ਨਿਰੰਕਾਰ ॥**

ਸਲਾਮਤ - ਅਟਲ। ਨਿਰੰਕਾਰ - ਆਕਾਰ ਰਹਿਤ।

ਹਮੇਸ਼ਾ ਕਾਇਮ ਰਹਿਣ ਵਾਲੇ ਅਟਲ ਵਾਹਿਗੁਰੂ, ਜੋ ਤੈਨੂੰ ਭਾਵ ਅਰਥ

ਵਾਹਿਗੁਰੂ ਦੀ ਦਰਗਾਹ ਵਿਚ ਕੌਣ ਪਰਵਾਨ ਹੈ?

ਗੁਰੂ ਜੀ ਦੱਸਦੇ ਹਨ ਕਿ ਪੰਚ ਸਭਨਾ ਵਿਚ ਮਕਬੂਲ (ਪਰਵਾਣ) ਹੁੰਦੇ ਹਨ, ਪੰਚ ਹੀ ਆਗੂ (ਪਰਧਾਨ) ਹੁੰਦੇ ਹਨ, ਪੰਚ ਜੀ ਵਾਹਿਗੁਰੂ ਦੀ ਦਰਗਾਹ ਵਿਚ ਮਾਨ ਪਾਂਦੇ ਹਨ ਅਤੇ ਪੰਚ ਜੀ ਰਾਜ ਦਰਬਾਰ (ਦਰਿ ਰਾਜਾਨੁ) ਵਿਚ ਸੋਭਦੇ ਹਨ (ਸੋਹਹਿ)। ਇਹ ਪੰਚ ਕੌਣ ਹਨ ਅਤੇ ਪੰਚ ਦਾ ਅਰਥ ਕੀ ਹੈ?

ਇਹ ਸ਼ਬਦ ਸਿਰਫ਼ 'ਪੰਚਾਂ' ਦੀ ਉਪਮਾ ਕਰਦਾ ਹੈ, 'ਪੰਚਾਂ' ਦਾ ਅਰਥ ਨਹੀਂ।

'ਪੰਚ' ਸ਼ਬਦ ਦੇ ਦੋ ਅਰਥ ਕੀਤੇ ਜਾ ਸਕਦੇ ਹਨ। ਪਹਿਲਾ, ਉਹ ਮਨੁੱਖ ਜਿਸ ਨੇ ਆਪਣੀ ਆਤਮਾ ਨੂੰ ਪਹਿਚਾਣ ਲਿਆ ਹੈ, ਆਪਣੇ ਨਿਜ-ਸਰੂਪ ਨੂੰ ਸਮਝ ਲਿਆ ਹੈ।

ਇਹ ਸ਼ਬਦ ਜਪੁ ਜੀ ਸਾਹਿਬ ਵਿਚ 'ਸੁਣਿਐ' ਤੇ 'ਮੰਨੇ' ਦੀਆਂ ਅੱਠ ਪਉੜੀਆਂ ਦੇ ਫੌਰਨ ਨੌਂਵੀ ਪਉੜੀ ਦੇ ਵਿਚ ਆਂਦਾ ਹੈ। ਇਸ ਲਈ ਪੰਚ ਉਹ ਗੁਰਸਿੱਖ ਹੈ ਜਿਸ ਨੇ ਗੁਰ ਦੇ ਉਪਦੇਸ਼ ਨੂੰ ਧਿਆਨ ਨਾਲ ਸੁਣਿਆ, ਸ਼ਰਧਾ ਨਾਲ ਮੰਨਿਆ ਤੇ ਕਮਾਇਆ।

'ਪੰਚ' ਦਾ ਦੂਸਰਾ ਅਰਥ ਹੈ ਪੰਜ (FIVE), ਯਾਨੀ ਉਹ ਮਨੁੱਖ ਜਿਸ ਨੇ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਉੱਪਰ ਕਾਬੂ ਪਾ ਲਿਆ ਹੈ; ਅਤੇ ਪੰਜ ਗੁਣ (ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ) ਧਾਰਨ ਕਰ ਲਏ ਹਨ:

- **ਸਤੁ ਸੰਤੋਖ ਦਇਆ ਧਰਮੁ ਅਰਥੁ ਸਮਰਥੁ ਸਮਾਈ ॥**

ਇਨ੍ਹਾਂ ਪੰਜ ਅਉਗੁਣਾਂ ਬਾਰੇ ਗੁਰਬਾਣੀ ਇੱਦਾਂ ਦਸਦੀ ਹੈ -

- **ਕਾਮੁ ਕ੍ਰੋਧੁ ਅਹੰਕਾਰੁ ਸਾਧਿ ਲੋਭ ਮੋਹ ਦੀ ਜੋਹ ਮਿਟਾਈ ॥** (ਭਾਈ ਗੁਰਦਾਸ ਜੀ)

ਇਨ੍ਹਾਂ ਪੰਜ ਅਉਗੁਣਾਂ ਦਾ ਸਾਂਝਾ ਨਾਂ 'ਵਾਸਨਾ' ਹੈ। ਸਾਨੂੰ ਕੁਝ ਚਾਹੀਦਾ ਹੈ (ਕਾਮਨਾ)। ਉਹ ਮਿਲਦੀ ਨਹੀਂ ਤਾਂ ਸਾਨੂੰ ਕ੍ਰੋਧ (ਗੁੱਸਾ) ਆਂਦਾ ਹੈ। ਜੇ ਉਹ ਮਿਲ ਜਾਏ ਤਾਂ ਉਸ ਦੇ ਹੋਰ ਹੋਰ ਆਣ ਦੀ ਚਾਹ (ਲੋਭ) ਜਾਗਦੀ ਹੈ। ਜੋ ਮਿਲਦਾ ਜਾਂਦਾ ਹੈ ਉਸ ਦੇ ਬਣੇ ਰਹਿਣ ਦੀ ਇੱਛਾ (ਮੋਹ) ਪਨਪਦੀ ਹੈ ਅਤੇ ਸਾਡੇ ਅੰਦਰ ਆਪਣੀਆਂ ਕਾਮਨਾਵਾਂ ਤੇ ਇਨ੍ਹਾਂ ਦੀਆਂ ਪ੍ਰਾਪਤੀਆਂ ਦਾ ਮਾਣ (ਅਹੰਕਾਰ) ਜਾਗਦਾ ਹੈ। ਸੋ ਵਾਸ਼ਨਾਵਾਂ ਇਨ੍ਹਾਂ ਕਾਮਨਾਵਾਂ ਦਾ ਫੈਲਾਉ ਹੀ ਹੈ। ਇਸੇ ਲਈ ਗੁਰਬਾਣੀ ਵਿਚ ਇਨ੍ਹਾਂ ਪੰਜਾਂ ਵਿਕਾਰਾਂ ਦਾ ਮੋਢੀ ਕਾਮ ਨੂੰ ਹੀ ਮੰਨਿਆ ਗਿਆ ਹੈ ਅਤੇ ਇਸ (ਕਾਮ) ਦਾ ਜ਼ਿਕਰ ਹੋਰ ਅਉਗੁਣਾਂ ਤੋਂ ਪਹਿਲਾਂ ਆਂਦਾ ਹੈ ਜਿੱਦਾਂ -

- **ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥** (ਅੰਗ 210)

- **ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓਰੀ ॥** (ਅੰਗ 384)

ਇਨ੍ਹਾਂ ਵਾਸ਼ਨਾਵਾਂ ਦਾ ਧੂੰਆ ਸਾਡੀ ਆਤਮਕ ਜੋਤਿ ਉੱਪਰ ਫੈਲਿਆ ਹੋਇਆ ਹੈ ਜਿਸ ਕਾਰਣ ਸਾਨੂੰ ਆਪਣਾ ਨਿਜ ਸਰੂਪ ਨਹੀਂ ਦਿਸਦਾ। ਇਹ ਕਾਮ ਰਾਮ ਨੂੰ ਢੱਕ ਲੈਂਦਾ ਹੈ। ਰੱਬੀ ਜੋਤ ਸਦਾ ਤੋਂ ਹੈ ਤੇ ਕਾਮ ਦਾ ਧੂੰਆ ਆਰਜੀ ਹੈ, ਅਸਥਾਈ ਹੈ – ਅੱਜ ਹੈ, ਕਲ੍ਹ ਨਹੀਂ ਰਹੇਗਾ। ਪਰ ਵਾਸ਼ਨਾ ਦੇ ਧੂੰਏਂ ਦਾ ਹੋਣਾ, ਸਿਰਫ਼ ਇਹੀ ਦਰਸਾਂਦਾ ਹੈ ਕਿ ਕਿਤੇ ਜੋਤ ਲੁੱਕੀ ਪਈ ਹੈ। ਧੂੰਆ ਹੈ ਤਾਂ ਜੋਤ (ਅੱਗ) ਵੀ ਜ਼ਰੂਰ ਹੋਏਗੀ। ਅੱਗ ਬਿਨਾ ਧੂੰਆਂ ਨਹੀਂ ਹੋ ਸਕਦੀ ਪਰ ਧੂੰਆਂ ਬਿਨਾ ਅੱਗ ਹੋ ਸਕਦਾ ਹੈ। ਜੇ ਲਕੜੀ ਵਿਚ ਵਿਕਾਰਾਂ ਦੀ ਗਿਲ ਨਾ ਹੋਏ, (ਯਾਨੀ ਲਕੜੀ ਸੁੱਕੀ ਹੋਏ) ਤਾਂ ਧੂੰਆਂ ਨਹੀਂ ਬਣਦਾ। ਸ਼ੁਧ ਜੋਤਿ ਪ੍ਰਗਟ ਹੁੰਦੀ ਹੈ। ਆਮ ਕਰਕੇ ਸਾਡੇ ਅੰਦਰ ਵਾਸ਼ਨਾ ਦਾ ਧੂੰਆਂ ਬਣਿਆ ਰਹਿੰਦਾ ਹੈ ਜਿਸ ਕਾਰਣ ਸਾਨੂੰ ਜੋਤਿ ਨਜ਼ਰ ਨਹੀਂ ਆਂਦੀ। ਹਵਨ-ਕੁੰਡ ਦੀ ਅਗਨੀ ਵਿਚ ਧੂੰਆਂ ਤੇ ਅੱਗ ਹੈ। ਇਹ ਪ੍ਰਤੀਕ ਹਨ ਦਰਸਾਣ ਲਈ ਕਿ ਵਾਸ਼ਨਾ ਦੇ ਧੂੰਏਂ ਦੇ ਨਾਲ ਨਾਲ ਅਗਨੀ (ਜੋਤਿ) ਵੀ ਹੈ। ਧੂੰਏਂ ਨੂੰ ਹਟਾ ਦਿਉਗੇ ਤਾਂ ਸ਼ੁਧ ਅਗਨੀ ਦਿਸਣ ਲੱਗੇਗੀ।

ਇਕ ਸਿਆਣੇ ਨੇ ਕਿਹਾ ਸੀ ਕਿ ਜੋ ਹੈ (ਆਤਮਾ) ਉਹ ਸਦਾ ਤੋਂ ਹੀ ਹੈ। ਜੋ ਨਹੀਂ ਹੈ (ਵਾਸ਼ਨਾ), ਉਹ ਕਦੀਂ ਵੀ ਨਹੀਂ ਸੀ। ਉਸ ਦਾ ਕਹਿਣਾ ਸੀ ਕਿ ਵਾਸ਼ਨਾ ਕਦੀਂ ਨਹੀਂ ਸੀ, ਇਸ ਲਈ ਕਦੀਂ ਨਹੀਂ ਰਹੇਗੀ। ਇਸ ਗੱਲ ਦੀ ਪੁਸ਼ਟੀ ਮਹਾਤਮਾ ਬੁੱਧ ਨੇ ਕੀਤੀ। ਜਦੋਂ ਉਸ ਨੂੰ ਆਪਣੀ ਜੋਤਿ ਦੇ ਦਰਸ਼ਨ ਹੋਏ ਤਾਂ ਲੋਕਾਂ ਪੁੱਛਿਆ ਕਿ ਉਸ ਨੇ ਕੀ ਪਾਇਆ? ਉਸ ਕਿਹਾ "ਪਾਇਆ ਕੁਝ ਵੀ ਨਹੀਂ, ਉਹ ਤਾਂ ਸਦਾ ਤੋਂ ਸੀ। ਸਿਰਫ਼ ਪ੍ਰਗਟ ਹੋ ਗਈ ਅਤੇ ਜੋ ਨਹੀਂ ਸੀ (ਵਾਸ਼ਨਾ) ਪਰ ਲੱਗਦਾ ਸੀ ਕਿ ਹੈ, ਉਹ ਚਲੀ ਗਈ।" ਇੱਦਾਂ ਹੀ ਇਹ ਜੋਤਿ ਗੁਰੂ ਵਿਚ ਪ੍ਰਗਟ ਹੋ ਗਈ ਹੈ, ਪਰ ਸਾਡੇ ਅੰਦਰ ਅਪ੍ਰਗਟ ਹੈ। ਗੁਰਬਾਣੀ ਸਮਝਾਂਦੀ ਹੈ ਕਿ ਜਿੱਦਾਂ ਪ੍ਰਗਟ ਲਕੜ ਵਿਚ ਅੱਗ ਅਪ੍ਰਗਟ ਜਾਂ ਪ੍ਰਗਟ ਦੁੱਧ ਵਿਚ ਅਪ੍ਰਗਟ ਘਿਉ ਹੁੰਦਾ ਹੈ, ਇੱਦਾਂ ਹੀ ਪ੍ਰਗਟ ਵਾਸ਼ਨਾਵਾਂ ਵਿਚ ਅਪ੍ਰਗਟ ਜੋਤਿ (ਆਤਮਾ) ਹੈ –

- **ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**
  **ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥** (ਅੰਗ 617)

ਜਾਂ ਜਿੱਦਾਂ ਪ੍ਰਗਟ ਫੁੱਲ ਵਿਚ ਅਪ੍ਰਗਟ ਖ਼ੁਸ਼ਬੋ ਹੁੰਦੀ ਹੈ ਜਾਂ ਪ੍ਰਗਟ ਸ਼ੀਸ਼ੇ ਵਿਚ ਅਪ੍ਰਗਟ ਪਰਛਾਈ (ਸਾਮ੍ਹਣੇ ਆਣ ਨਾਲ ਹੀ ਦਿਸਦੀ ਹੈ)। ਇੱਦਾਂ ਹੀ ਸਾਡੇ ਪ੍ਰਗਟ ਸਰੀਰ-ਮਨ ਅੰਦਰ ਅਪ੍ਰਗਟ ਜੋਤਿ ਹੈ–

- **ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
  **ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥** (ਅੰਗ 684)

ਵਾਸ਼ਨਾ ਦਾ ਪਹਿਲਾ ਗੁਣ ਹੈ ਕਿ ਇਹ ਕਦੀਂ ਵੀ ਪੂਰੀ ਨਹੀਂ ਹੁੰਦੀ। ਸਿਆਣਿਆਂ ਨੇ ਕਿਹਾ ਹੈ ਕਿ ਵਾਸ਼ਨਾ ਇਕ ਐਸੇ ਲੋਟੇ ਵਾਂਗ ਹੈ ਜਿਸ ਦਾ ਤੱਲਾ ਨਹੀਂ ਜਾਂ ਇਕ ਐਸੀ ਬਾਲਟੀ ਹੈ ਜਿਸ ਦੇ ਤੱਲੇ ਵਿਚ ਛੇਦ ਹਨ। ਇਹ ਲੋਟਾ ਜਾਂ ਬਾਲਟੀ ਕਦੀਂ ਵੀ ਨਹੀਂ ਭਰਦੀ ਕਿਉਂਕਿ ਇਸ ਵਿਚ ਕਿੰਨਾ ਕੁਝ ਵੀ ਪਾਉ ਉਹ ਹੇਠੋਂ ਬਾਹਰ ਵਗੀ ਜਾਂਦਾ ਹੈ ਤੇ ਲੋਟਾ/ਬਾਲਟੀ ਖ਼ਾਲੀ ਹੀ ਰਹਿੰਦੀ ਹੈ।

ਇਕ ਰਾਜਾ ਹਜ਼ਾਰ ਸਾਲਾਂ ਤੱਕ ਜੀਉਂਦਾ ਰਿਹਾ। ਉਸ ਕੋਲ ਸਭ ਕੁਝ ਸੀ ਪਰ ਵਾਸ਼ਨਾ ਦਾ ਅੰਤ ਨਹੀਂ ਸੀ। ਯਮਰਾਜ ਰਾਜੇ ਨੂੰ ਲੈਣ ਆਇਆ। ਰਾਜਾ ਕਹਿਣ ਲੱਗਾ "ਮੈਨੂੰ ਸੌ ਸਾਲ ਹੋਰ ਜੀ ਲੈਣ ਦਿਉ।" ਯਮਰਾਜ ਨੇ ਕਿਹਾ "ਮੂਰਖਾ ਤੂੰ ਸਮਝਦਾ ਕਿਉਂ ਨਹੀਂ। ਤੈਨੂੰ ਕਿਉਂ ਲੱਗਦਾ ਹੈ ਕਿ ਜਿਹੜੀ ਤ੍ਰਿਸ਼ਨਾ 1000 ਸਾਲਾਂ ਤੱਕ ਪੂਰੀ ਨਹੀਂ ਹੋ ਸਕੀ, ਹੋਰ ਸੌ ਸਾਲਾਂ ਵਿਚ ਪੂਰੀ ਹੋ ਜਾਏਗੀ। ਇਸ ਦੇ ਗੁਣ ਨੂੰ ਸਮਝ। ਇਹ ਹਮੇਸ਼ਾ ਅਪੂਰਤ ਹੀ ਰਹਿੰਦੀ ਹੈ।" ਸਾਡੀ ਹਾਲਤ ਉਸ ਯਾਤਰੀ ਵਾਂਗ ਹੈ ਜਿਹੜਾ ਦੂਰ ਧਰਤੀ ਤੇ ਆਕਾਸ਼ ਨੂੰ ਮਿਲਦਾ ਦੇਖਦਾ ਹੈ ਅਤੇ ਸਮਝਦਾ ਹੈ ਕਿ ਉਹ ਉਸ ਸੰਧੀ-ਸਥਾਨ ਤੱਕ ਅਪੜ ਜਾਏਗਾ। ਪਰ ਜਿਉਂ ਜਿਉਂ ਉਹ ਉਸ ਵੱਲ ਵਧਦਾ ਜਾਂਦਾ ਹੈ ਉਹ ਮਿਲਣ-ਰੇਖਾ ਅੱਗੇ ਅੱਗੇ ਵਧਦੀ ਜਾਂਦੀ ਹੈ। ਉਸ ਰੇਖਾ ਤੱਕ ਉਹ ਕਦੀਂ ਵੀ ਨਹੀਂ ਪਹੁੰਚ ਸਕਦਾ। ਇਹ ਰੇਖਾ ਇਕ ਭਰਮ ਹੈ, ਮਨ ਦਾ ਜਾਲ ਹੈ। ਇੱਦਾਂ ਹੀ ਸਾਡੀ ਤ੍ਰਿਸ਼ਨਾ (ਮਾਇਆ) ਦੀ ਮੰਗ ਪੂਰੀ ਨਹੀਂ ਹੁੰਦੀ, ਨਹੀਂ ਹੋ ਸਕਦੀ, ਭਾਵੇਂ ਇਸ ਨੂੰ ਤਲਾਸ਼ਣ ਵਾਲਾ ਸਰੀਰ ਪੂਰਾ ਹੋ ਜਾਂਦਾ ਹੈ। ਗੁਰਬਾਣੀ ਸਮਝਾਂਦੀ ਹੈ –

- **ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥**

**ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥** (ਅੰਗ 793)

- **ਪੂਰਨ ਭਏ ਨ ਕਾਮ ਮੋਹਿਆ ਮਾਇਆ॥** (ਅੰਗ 707)

ਜੋ ਮਿਲ ਜਾਂਦਾ ਹੈ ਉਸ ਨਾਲ ਇਸ ਦੀ ਤ੍ਰਿਪਤੀ ਨਹੀਂ ਹੁੰਦੀ। ਜੋ ਹੈ ਉਸ ਦਾ ਸੁੱਖ ਇਸ ਨੂੰ ਨਹੀਂ; ਜੋ ਨਹੀਂ ਹੈ, ਉਸ ਦੀ ਚਾਹ ਹੈ। ਜਿਸ ਕੋਲ ਬਹੁਤ ਹੈ ਉਸ ਦੀ ਹੋਰ ਹੋਰ ਦੀ ਮੰਗ ਹੈ, ਤੇ ਮੰਗ ਪੂਰੀ ਹੋ ਜਾਣ ਬਾਅਦ ਇਸ ਦੇ ਖੁਸ ਜਾਣ ਦੀ ਚਿੰਤਾ ਲੱਗੀ ਰਹਿੰਦੀ ਹੈ। ਜਿਸ ਕੋਲ ਘੱਟ ਹੈ ਉਹ ਹੋਰ ਹੋਰ ਦੀ ਤਲਾਸ਼ ਵਿਚ ਭਟਕਦਾ ਫਿਰਦਾ ਹੈ। ਤ੍ਰਿਪਤੀ ਕਿਤੇ ਵੀ ਨਹੀਂ -

- **ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥**
  **ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥** (ਅੰਗ 1019)
- **ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥**
  (ਅੰਗ 1093)

ਇਸ ਕਾਰਣ ਜੋ ਹੈ, ਉਸ ਦਾ ਸੁੱਖ ਮਨੁੱਖ ਮਾਣ ਨਹੀਂ ਸਕਦਾ ਕਿਉਂਕਿ ਉਹ ਉਸ ਦੀ ਤਲਾਸ਼ ਵਿਚ ਭੱਜਾ ਫਿਰਦਾ ਹੈ ਜੋ ਉਸ ਕੋਲ ਨਹੀਂ।

ਵਾਸ਼ਨਾ ਦਾ ਦੂਸਰਾ ਰੂਪ ਇਹ ਹੈ ਕਿ ਇਹ ਸਾਨੂੰ ਆਪਣੇ ਜੋਤਿ ਸਰੂਪ ਨੂੰ ਭੁਲਾਈ ਰੱਖਦੀ ਹੈ। ਇਸ ਅਗਿਆਨ (ਵਾਸ਼ਨਾ) ਦੀ ਭੱਜ-ਦੌੜ ਵਿਚ ਅਸੀਂ ਭੁੱਲ ਜਾਂਦੇ ਹਾਂ ਕਿ ਸਾਡਾ ਜੀਵਨ ਮਨੋਰਥ ਕੀ ਹੈ ਅਤੇ ਅਸੀਂ ਕਿਧਰ ਜਾ ਰਹੇ ਹਾਂ। ਇਹ ਵਾਸ਼ਨਾ ਸਾਨੂੰ ਸਾਡੇ ਸਰੀਰ ਤੇ ਇਸ ਦੇ ਸੰਬੰਧਾਂ ਵਿਚ ਐਸੀ ਉਲਝਾ ਦਿੰਦੀ ਹੈ ਕਿ ਅਸੀਂ ਆਪਣੇ ਨਿਜ ਸਰੂਪ ਨੂੰ ਯਾਦ ਹੀ ਨਹੀਂ ਕਰਦੇ। ਇਸੇ ਲਈ ਗੁਰਬਾਣੀ ਸਾਨੂੰ ਜਾਗ ਕੇ ਦੇਖਣ ਤੇ ਸਮਝਣ ਲਈ ਕਹਿੰਦੀ ਹੈ-

- **ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥**
  **ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥** ਰਹਾਉ॥
  **ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥**
  **ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮਹਿ ਦੀਨਾ॥** (ਅੰਗ 726)

ਗੁਰੂ ਜੀ ਕਹਿੰਦੇ ਹਨ ਕਿ ਵਾਸ਼ਨਾ ਦੀ ਭੱਜ-ਦੌੜ ਸਭ ਸੁਪਨੇ ਮਾਤਰ ਹਨ ਜਿਨ੍ਹਾਂ ਦਾ ਕੋਈ ਅਸਤਿਤਵ ਨਹੀਂ। ਸਿੱਖ ਨੂੰ ਪ੍ਰਭੂ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ ਤਾਂਕਿ ਉਹ ਆਪਣੀ ਆਤਮਾ/ਪ੍ਰਮਾਤਮਾ ਨੂੰ ਪ੍ਰਗਟ ਕਰ ਸਕੇ -

- **ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥**
  (ਅੰਗ 727)

ਅਸੀਂ ਆਪਣੀ ਪਹਿਚਾਨ ਭੁੱਲ ਗਏ ਹਾਂ। ਪਰ ਪ੍ਰਭੂ ਦੇ ਗੁਣ ਗਾਇਨ ਨਾਲ, ਸਿਮਰਨ-ਧਿਆਨ ਨਾਲ, ਸਾਨੂੰ ਆਪਣੀ ਪਹਿਚਾਨ ਹੋ ਜਾਂਦੀ ਹੈ - ਕਿਸੇ ਸਿਪਾਹੀ ਦੀ ਸੱਟ ਲੱਗਣ ਕਾਰਣ ਯਾਦਾਸ਼ਤ ਚਲੀ ਗਈ ਸੀ। ਉਸ ਨੂੰ ਆਪਣਾ ਨਾਂ-ਪਤਾ-ਟਿਕਾਣਾ ਸਭ ਭੁੱਲ ਗਿਆ ਸੀ। ਉਸ ਦਾ ਪਹਿਚਾਨ ਪੱਤਰ (IDENTITY CARD) ਵੀ ਗੁੰਮ ਗਿਆ ਸੀ। ਕਿਸੇ ਮਨੋਵਿਗਿਆਨਕ ਨੇ ਕਿਹਾ ਇਸ ਨੂੰ ਪਿੰਡ ਪਿੰਡ ਲਿਜਾਉ। ਜਦੋਂ ਉਸ ਨੂੰ ਉਸ ਪਿੰਡ ਲਿਜਾਇਆ ਗਿਆ ਜਿਸ ਦਾ ਉਹ ਵਾਸੀ ਸੀ, ਤਾਂ ਸਿਪਾਹੀ ਤੁਰੰਤ ਦੌੜ ਪਿਆ ਅਤੇ ਬਿਨਾ ਰੁਕੇ ਜਾਂ ਕਿਸੇ ਕੋਲੋਂ ਪੁੱਛੇ, ਆਪਣੇ ਘਰ ਪਹੁੰਚ ਗਿਆ। ਬਸ ਇਹੀ ਹਾਲਤ ਸਾਡੀ ਹੈ। ਅਸੀਂ ਵਾਸ਼ਨਾ ਅਧੀਨ ਆਪਣਾ ਨਿਜ ਰੂਪ ਭੁੱਲ ਗਏ ਹਾਂ। ਪਰ ਜਦੋਂ ਭਗਤੀ-ਧਿਆਨ ਰਾਹੀਂ ਅਸੀਂ ਆਪਣੇ ਨਿਜ-ਘਰ ਸਾਮ੍ਹਣਿਓਂ ਲਘਾਂਗੇ ਤਾਂ ਸਾਨੂੰ ਇਸ ਦੀ ਪਹਿਚਾਨ ਆਪੇ ਹੀ ਹੋ ਜਾਏਗੀ। ਅਸੀਂ ਆਪੇ ਹੀ ਉਸ ਵੱਲ ਦੌੜ ਪਵਾਂਗੇ। ਪੂਜਾ-ਆਰਜਾ, ਪਾਠ-ਕੀਰਤਨ, ਉਸ ਨੂੰ ਯਾਦ ਦੁਆਣ ਲਈ ਹੈ, ਜੋ ਸਾਨੂੰ ਭੁਲਿਆ ਹੋਇਆ ਹੈ। ਕੁਝ ਕਾਰਨਾਂ ਕਰਕੇ ਸਾਡਾ ਵਾਸਤਾ ਵਾਸ਼ਨਾ ਨਾਲ ਪੈ ਗਿਆ ਹੈ ਅਤੇ ਅਸੀਂ ਇਸੇ ਨਾਲ ਚਿਪਕ ਕੇ ਬੈਠ ਗਏ ਹਾਂ। ਸਿਮਰਨ ਉਹ ਵਿਧੀ ਹੈ ਜਿਸ ਨਾਲ ਵਾਸ਼ਨਾ ਦਾ ਧੂੰਆਂ ਹਟਦਾ ਹੈ ਅਤੇ ਸਾਨੂੰ ਉਹ ਚੇਤੇ ਆਣ ਲੱਗਦਾ ਹੈ ਜੋ ਅਸੀਂ ਸਦਾ ਤੋਂ ਸਾਂ। ਜਦੋਂ ਉਹ ਚੇਤੇ ਆ ਜਾਂਦਾ ਹੈ ਤਾਂ ਸਾਰੇ ਦੁੱਖ (ਕਲ-ਕਲੇਸ਼) ਦੂਰ ਹੋ ਜਾਂਦੇ ਹਨ ਅਤੇ ਸੁੱਖ ਦੀ ਬਰਖਾ ਹੋਣ ਲੱਗਦੀ ਹੈ। ਇਸੇ ਲਈ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਵਿਚ ਹੀ ਸਿਮਰਨ ਦੀ ਮਹਿਮਾ ਗਾਈ ਗਈ ਹੈ-

- **ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥**
  **ਕਲਿ ਕਲੇਸ ਤਨ ਮਾਹਿ ਮਿਟਾਵਉ॥** (ਅੰਗ 262 )

ਅਸੀਂ ਵਾਸ਼ਨਾ ਦੇ ਐਨੇ ਗ਼ੁਲਾਮ ਹੋ ਗਏ ਹਾਂ ਕਿ ਸੱਚ ਵੱਲ ਦੇਖਣ ਦੀ ਸਾਡੀ ਹਿੰਮਤ ਹੀ ਟੁੱਟ ਗਈ ਹੈ। ਅਸੀਂ ਅੱਖਾਂ ਚੁੱਕ ਕੇ ਸਤਿ ਨੂੰ ਪਹਿਚਾਨਣਾ ਹੀ ਨਹੀਂ ਚਾਹੁੰਦੇ। ਉਸੇ ਗ਼ਲਤੀ ਨੂੰ ਅਸੀਂ ਬਾਰ-ਬਾਰ ਦੁਹਰਾਈ ਜਾਂਦੇ ਹਾਂ। ਅਸੀਂ ਕ੍ਰੋਧ ਕਰਕੇ ਦੇਖ ਲਿਆ। ਕੀ ਪ੍ਰਾਪਤੀ ਹੋਈ ਸਿਵਾਏ ਆਪਣੀ ਸਿਹਤ ਖ਼ਰਾਬ ਕਰਨ ਦੇ? ਅਸੀਂ ਕਾਮੁਕ ਕ੍ਰਿਆ ਕੀਤੀ। ਪਰ ਕੀ ਪ੍ਰਾਪਤੀ ਹੋਈ ਸਿਵਾਏ

ਬੀਮਾਰੀ ਸਿਹੜਣ ਦੇ ਤੇ ਬਦਨਾਮੀ ਖੱਟਣ ਦੇ? ਅਸੀਂ ਬਹੁਤ ਧਨ ਕਮਾ ਕੇ ਦੇਖ ਲਿਆ। ਪਰ ਕਿਸੇ ਕੰਮ ਨਾ ਆਇਆ (ਜੀਊਂਦਿਆਂ ਜਾਂ ਮਰਨ ਬਾਅਦ) ਸਿਵਾਏ ਬੱਚਿਆਂ ਵਿਚਕਾਰ ਲੜਾਈਆਂ-ਝਗੜਿਆਂ, ਖ਼ੂਨ-ਖ਼ਰਾਬੇ, ਮੁਕਦਮੇ-ਬਾਜ਼ੀ ਦੇ? ਸਿਕੰਦਰ ਨੇ ਸਾਰੀ ਦੁਨੀਆ ਜਿੱਤ ਲਈ ਪਰ ਕੀ ਪ੍ਰਾਪਤ ਹੋਇਆ? ਪ੍ਰਦੇਸ ਵਿਚ ਜੁਆਨੀ ਦੀ ਉਮਰੇ ਮਰ ਗਿਆ!! ਇਸੇ ਲਈ ਗੁਰਬਾਣੀ ਸਮਝਾਂਦੀ ਹੈ –

- **ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥** (ਅੰਗ 417)
- **ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥** (ਅੰਗ 536)

ਸੁੱਖ ਨਾ ਵਾਸ਼ਨਾ ਦੀ ਪੂਰਤੀ ਵਿਚ ਹੈ ਨਾ ਅਪੂਰਤੀ ਵਿਚ। ਪਰ ਸਾਨੂੰ ਇੰਦ੍ਰੀਆਂ ਦੀ ਗ਼ੁਲਾਮੀ ਐਨੀ ਪਸੰਦ ਹੈ ਕਿ ਇਸ ਨੂੰ ਕਿਸੇ ਵੀ ਕੀਮਤ ਤੇ ਛੱਡਣਾ ਨਹੀਂ ਚਾਹੁੰਦੇ। ਜਦੋਂ ਫਰਾਂਸ ਵਿਚ ਇਨੰਕਲਾਬ ਆਇਆ (FRENCH REVOLUTION) ਤਾਂ ਇਨੰਕਲਾਬੀਆਂ ਨੇ ਸਾਰੇ ਕੈਦੀ ਜੇਲ੍ਹਾਂ ਤੋਂ ਛੱਡ ਦਿੱਤੇ। ਪਰ ਹੈਰਾਨਗੀ ਦੀ ਗ਼ਲ ਸੀ ਕਿ ਬਹੁਤੇ ਕੈਦੀ ਜੇਲ੍ਹ ਤੋਂ ਬਾਹਰ ਜਾਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਦੇ ਪੈਰਾਂ ਉੱਪਰ ਬੇੜੀਆਂ ਪਈਆਂ ਹੋਈਆਂ ਸਨ ਤੇ ਹੱਥਾਂ 'ਤੇ ਹਥਕੜੀਆਂ। ਸਭ ਕੱਟ ਦਿੱਤੀਆਂ ਗਈਆਂ ਸਨ। ਉਨ੍ਹਾਂ ਨੂੰ ਕਿਹਾ ਗਿਆ ਕਿ ਹੁਣ ਤੁਸੀਂ ਆਜ਼ਾਦ ਹੋ। ਪਰ ਉਨ੍ਹਾਂ ਨੂੰ ਆਪਣੀ ਗ਼ੁਲਾਮੀ ਪਿਆਰੀ ਸੀ। ਉਹ ਇਸ ਦੇ ਐਨੇ ਆਦੀ ਹੋ ਗਏ ਸਨ ਕਿ ਮਨ ਨੂੰ ਗ਼ੁਲਾਮੀ ਨਾਲ ਹੀ ਪਿਆਰ ਹੋ ਗਿਆ ਸੀ।

ਇੱਦਾਂ ਹੀ ਕੋਈ ਧਰਮ ਗੁਰੂ ਆਂਦਾ ਹੈ, ਆਜ਼ਾਦੀ ਦੀ ਗੱਲ ਕਰਦਾ ਹੈ, ਮੋਖ-ਮੁਕਤੀ ਦੀ ਗੱਲ ਕਰਦਾ ਹੈ, ਮਾਇਆ ਦੀ ਅਸਾਰਤਾ ਦੀ ਗੱਲ ਕਰਦਾ ਹੈ। ਪਰ ਸਾਨੂੰ ਸਮਝ ਨਹੀਂ ਆਂਦੀ ਜਾਂ ਅਸੀਂ ਸਮਝਣਾ ਹੀ ਨਹੀਂ ਚਾਹੁੰਦੇ। ਗੁਰੂ ਗੋਬਿੰਦ ਸਿੰਘ ਜੀ ਗ਼ਰੀਬ-ਲਿਤਾੜੇ ਤੇ ਦਰਿਦ੍ਰ ਲੋਕਾਂ ਨੂੰ ਪਾਤਸ਼ਾਹੀਆਂ ਬਖ਼ਸ਼ਦੇ ਹਨ ਪਰ ਬਹੁਤੇ ਲੈਣ ਨੂੰ ਤਿਆਰ ਨਹੀਂ ਕਿਉਂਕਿ ਉਨ੍ਹਾਂ ਨੂੰ ਗ਼ੁਲਾਮੀ ਦਾ ਹੀ ਜੀਵਨ ਪਸੰਦ ਹੈ। ਗ਼ੁਲਾਮੀ ਨਾਲ ਐਸੇ ਚਿਪਕ ਗਏ ਹਨ ਕਿ ਆਜ਼ਾਦੀ ਦੀ ਹਵਾ ਰਾਸ ਨਹੀਂ ਆਂਦੀ ਪਰ ਪਸ਼ੂ-ਪੰਖੀਆਂ ਨੂੰ ਆਪਣੀ ਆਜ਼ਾਦੀ ਦੀ ਸਮਝ ਹੈ। ਉਸ ਦਾ ਪਿੰਜਰਾ ਖੋਲ੍ਹ ਦਿਉ ਤਾਂ ਉਹ ਤੁਰੰਤ ਬਿਨਾ ਵਿਚਾਰੇ ਬਾਹਰ ਉਡ ਜਾਂਦਾ ਹੈ। ਪਰ ਬੁਧੀ ਦਾ ਮਾਲਕ ਮਨੁੱਖ ਇੱਦਾਂ ਨਹੀਂ ਕਰ ਸਕਦਾ!! ਸਾਡੇ ਨਾਲੋਂ ਪੰਛੀ ਸਿਆਣਾ ਹੈ।

ਜੇ ਕਦੀਂ ਕੋਈ ਆਪਣੇ ਧਰਮ ਗੁਰੂ ਦੀ ਸੱਚੀ ਗੱਲ ਸੁਣਦਾ ਵੀ ਹੈ ਤਾਂ ਉਹ ਉਸ ਗੱਲ ਨੂੰ ਸਮਝਣਾ ਨਹੀਂ ਚਾਹੁੰਦਾ। ਉਸ ਨੂੰ ਗ਼ਲਤ ਹੀ ਪਸੰਦ ਹੈ। ਇਸ ਲਈ ਉਹ ਗ਼ਲਤ ਨੂੰ ਹੀ ਸਮਝਦਾ ਤੇ ਕਰਦਾ ਹੈ। ਇਸ ਕਾਰਣ ਸਾਡੀ ਆਤਮਾ ਦੇ ਦਰਪਣ ਉੱਪਰ ਅਗਿਆਨ ਦੀ ਮੈਲ ਜੰਮੀ ਰਹਿੰਦੀ ਹੈ। ਪਰ ਸਾਨੂੰ ਇਹ ਸੂਖਮ ਮੈਲ ਦਿਸਦੀ ਨਹੀਂ, ਸਿਰਫ਼ ਦਰਪਣ ਹੀ ਦਿਸਦਾ ਹੈ। ਇਸ ਕਾਰਣ ਅਸੀਂ ਦਰਪਣ ਨਾਲ ਹੀ ਲੜਣਾ-ਝਗੜਣਾ ਸ਼ੁਰੂ ਕਰ ਦਿੰਦੇ ਹਾਂ। ਅਸੀਂ ਸਮਝਦੇ ਹਾਂ ਕਿ ਸਾਡੇ ਦੁੱਖ ਦਾ ਕਾਰਣ ਸ਼ਾਇਦ ਸਰੀਰ (ਦਰਪਣ) ਤੇ ਇਸ ਦੀਆਂ ਗਿਆਨ ਇੰਦ੍ਰੀਆਂ ਹਨ। ਅਸੀਂ ਭੁੱਲ ਜਾਂਦੇ ਹਾਂ ਕਿ ਸਾਨੂੰ ਸਾਡੀ ਆਤਮ-ਜੋਤ ਨਾ ਦਿਸਣ ਦਾ ਕਾਰਣ ਸਰੀਰ ਨਹੀਂ ਬਲਕਿ ਮਨ ਹੈ।

ਮਨ ਨੇ ਆਤਮਾ ਨੂੰ ਢਕਿਆ ਹੋਇਆ ਹੈ, ਸਰੀਰ ਜਾਂ ਇੰਦ੍ਰੀਆਂ ਨੇ ਨਹੀਂ। ਇਸੀ ਗ਼ਲਤ ਧਾਰਨਾ ਕਰਕੇ ਕਈ ਸਾਧੂ-ਸੰਨਿਆਸੀ ਗ਼ਲਤ ਰਾਹ 'ਤੇ ਤੁਰ ਪੈਂਦੇ ਹਨ: ਜੇ ਕਾਮ ਨੂੰ ਜਿਤਣਾ ਹੈ ਤਾਂ ਕਾਮ-ਇੰਦ੍ਰੀ ਨੂੰ ਕੱਟ ਦਿਉ; ਜੇ ਅੱਖਾਂ ਗੰਦੇ ਨਾਚ-ਤਮਾਸ਼ੇ ਦੇਖਦੀਆਂ ਹਨ ਤਾਂ ਅੱਖਾਂ ਕੱਢ ਦਿਉ; ਜੇ ਕੰਨ ਅਸ਼ਲੀਲ ਸੁਣਦੇ ਹਨ ਤਾਂ ਕੰਨਾਂ ਵਿਚ ਤੇਜ਼ਾਬ ਪਾ ਦਿਉ; ਜੇ ਸਰੀਰ ਲੋਭ-ਮੋਹ ਕਰਦਾ ਹੈ ਤਾਂ ਸਰੀਰ ਨੂੰ ਦੁਖਾਉ – ਗਰਮੀ ਵਿਚ ਧੁੱਪ ਵਿਚ ਖਲੋਵੋ, ਸਰਦੀ ਵਿਚ ਨੰਗੇ ਪੈਰੀਂ ਫਿਰੋ, ਭੁੱਖੇ ਰਹੋ, ਅੱਲ-ਮਲ ਖਾਉ, ਜੰਗਲਾਂ ਵਿਚ ਫਿਰੋ, ਆਦਿ। ਇਸੇ ਕਾਰਣ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਤੀਰਥਾਂ ਦਾ ਭ੍ਰਮਣ ਕਰਨਾ, ਵਰਤ ਰੱਖਣੇ, ਤੱਪ ਕਰਨੇ, ਜਟਾ ਰੱਖਣੀਆਂ, ਆਸਣ ਲਾਣੇ, ਤਿਆਗੀ ਬਨਣਾ, ਸਭ ਮੂੰਹ ਕਾਲਾ ਕਰਨ ਤੁਲ ਹੈ –

- **ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥**
  **ਦੇਸ ਫਿਰਿਓ ਕਰ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ॥**
  **ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ॥**
- **ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ॥** (252 ਅਕਾਲ ਉਸਤਤਿ)

ਅਸੀਂ ਭੁੱਲ ਜਾਂਦੇ ਹਾਂ ਕਿ ਵਾਸ਼ਨਾ ਮਨ ਅੰਦਰ ਹੈ, ਸਰੀਰ ਅੰਦਰ ਨਹੀਂ। ਜਦੋਂ ਮਨ ਮੰਗ ਕਰਦਾ ਹੈ ਤਾਂ ਹੀ ਸਰੀਰ ਤੇ ਇੰਦ੍ਰੀਆਂ ਕੰਮ ਕਰਦੀਆਂ ਹਨ। ਜੇ ਮਨ ਦਾ ਸਾਥ ਟੁੱਟ ਜਾਏ ਤਾਂ ਅੱਖਾਂ ਦੇਖਦੇ ਹੋਏ ਵੀ ਨਹੀਂ ਦੇਖ ਸਕਦੀਆਂ ਤੇ ਕੰਨ ਖੁਲ੍ਹੇ ਹੋਣ ਦੇ ਬਾਵਜੂਦ ਨਹੀਂ ਸੁਣ ਸਕਦੇ। ਇਸ ਲਈ ਗਿਆਨ ਇੰਦ੍ਰੀਆਂ ਨਸ਼ਟ ਕਰਨ ਜਾਂ ਸਰੀਰ ਨੂੰ ਦੁਖਾਣ ਨਾਲ, ਵਾਸ਼ਨਾ ਨਹੀਂ ਮਿੱਟਦੀ। ਬਲਕਿ ਇਹ ਹੋਰ ਅੰਦਰ ਚਲੀ ਜਾਂਦੀ ਹੈ। ਇਹੀ ਕਾਰਣ ਹੈ ਕਿ ਜਦੋਂ ਕੋਈ ਆਪਣੀਆਂ ਅੱਖਾਂ ਜਾਂ ਕੰਨਾਂ ਨੂੰ ਨਸ਼ਟ ਕਰ ਦੇਂਦਾ ਹੈ ਤਾਂ ਉਹ ਆਪਣੇ ਮਨ ਦੀਆਂ ਅੱਖਾਂ/ਕੰਨਾਂ ਰਾਹੀਂ ਦੇਖਣ/ਸੁਣਣ ਲੱਗਦਾ ਹੈ। ਜੋ ਹਲੀਂ ਤੱਕ ਦੇਖਿਆ-ਸੁਣਿਆ ਸੀ ਉਸੇ ਨੂੰ ਹੀ ਮਨ ਬਦਲ ਬਦਲ ਕੇ, ਹੋਰ ਹੋਰ ਰਸ ਭਰ ਕੇ, ਦਿਖਾਂਦਾ/ਸੁਣਾਂਦਾ ਰਹਿੰਦਾ ਹੈ। ਇਸੀ ਕਾਰਣ ਸਾਨੂੰ ਸੁਪਨਿਆਂ ਵਿਚ ਸੁੰਦਰ ਨਜ਼ਾਰੇ ਦਿਸਦੇ ਹਨ। ਭਾਵੇਂ ਨੀਂਦ ਵਿਚ ਇੰਦ੍ਰੀਆਂ ਕੰਮ ਨਹੀਂ ਕਰਦੀਆਂ ਪਰ ਮਨ ਤਾਂ ਚਾਲੂ ਰਹਿੰਦਾ ਹੈ। ਇਹੀ ਪੁਰਾਣੇ ਅਨੁਭਵਾਂ ਨੂੰ ਬਦਲ ਬਦਲ ਕੇ ਦਰਸਾਂਦਾ ਰਹਿੰਦਾ ਹੈ।

ਕਈ ਭਲੇ ਆਦਮੀ ਵਾਸ਼ਨਾ ਤੋਂ ਬਚਣ ਲਈ, ਬੜੇ ਸੋਚ-ਵਿਚਾਰ ਕੇ ਫੂਕ-ਫੂਕ ਕੇ ਕੰਮ ਕਰਦੇ ਹਨ ਤਾਂਕਿ ਕਿਤੇ ਗ਼ਲਤ ਨਾ ਹੋ ਜਾਏ। ਪਰ ਬਹੁਤ ਵਿਚਾਰਨ ਦਾ ਅਸਰ ਕਈ ਵਾਰੀਂ ਉਲਟਾ ਪੈ ਜਾਂਦਾ ਹੈ। ਯਾਨੀ ਅਸੀਂ ਜਿਸ ਕਰਮ ਤੋਂ ਬਚਣਾ ਚਾਹੁੰਦੇ ਹਾਂ ਉਹੀ ਸਾਡੇ ਕੋਲੋਂ ਹੋ ਜਾਂਦਾ ਹੈ। ਕਿਉਂਕਿ ਧਿਆਨ ਦੀ ਸਾਰੀ ਊਰਜਾ ਗ਼ਲਤ ਤੋਂ ਬਚਣ ਵਿਚ ਲੱਗ ਜਾਂਦੀ ਹੈ। ਇਹੀ ਕਾਰਣ ਹੈ ਕਿ ਨਵਾਂ ਸਾਈਕਲ ਜਾਂ ਕਾਰ ਚਲਣੀ ਸਿਖਣ ਵਾਲਾ ਉਸੇ ਨਾਲ ਟਕਰਾ ਜਾਂਦਾ ਹੈ ਜਿਸ ਤੋਂ ਉਹ ਬਚਣਾ ਚਾਹੁੰਦਾ ਸੀ। ਇਸੇ ਲਈ ਗੁਰਬਾਣੀ ਦਾ ਬਹੁਤਾ ਜ਼ੋਰ ਗੁਣ ਗਾਣ ਤੇ ਹੈ, ਅਉਗੁਣ ਤੋਂ ਬਚਣ ਉੱਪਰ ਨਹੀਂ। ਗੁਰਬਾਣੀ ਸਕਾਰਾਤਮਕ (POSITIVE) ਗੁਣਾਂ ਨੂੰ ਕਮਾਣ ਦੀ ਗੱਲ ਕਰਦੀ ਹੈ ਨਕਾਰਾਤਮਕ (NEGATIVE) ਅਉਗੁਣਾਂ ਤੋਂ ਬਚਣ ਦੀ ਨਹੀਂ। ਗੁਣ ਆਣਗੇ ਤਾਂ ਅਉਗੁਣ ਆਪੇ ਹੀ ਚਲੇ ਜਾਣਗੇ ਕਿਉਂਕਿ ਸਾਰੀ ਸ਼ਕਤੀ ਗੁਣ ਕਮਾਣ ਵਿਚ ਲੱਗ ਜਾਏਗੀ। ਅਉਗੁਣਾਂ ਲਈ ਕੋਈ ਸ਼ਕਤੀ ਹੀ ਨਹੀਂ ਬਚੇਗੀ। ਅਉਗੁਣ ਸਾਡੇ ਸੁਭਾਅ ਦਾ ਹਿੱਸਾ ਨਹੀਂ। ਆਪਣੇ ਨਿਰਮਲ ਸੁਭਾਉ ਨੂੰ ਪਹਿਚਾਣੋ, ਮੈਲ ਦੀ ਚਿੰਤਾ ਨਾ ਕਰੋ। ਗੁਰਬਾਣੀ ਦਸਦੀ ਹੈ-

- **ਵਿਣੁ ਗੁਣ ਕੀਤੇ ਭਗਤਿ ਨ ਹੋਇ॥** (ਅੰਗ 4)
- **ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥** (ਅੰਗ 361)

ਪਰ ਬਹੁਤੇ ਧਰਮ-ਗੁਰਆਂ ਦੇ ਪ੍ਰਚਾਰ ਜਾਂ ਸਾਡੇ ਗ਼ਲਤ ਸਮਝਣ ਕਾਰਣ, ਲੋਕਾਂ ਨੂੰ ਦਮਨ ਹੀ ਸਹੀ ਰਾਹ ਲੱਗਦਾ ਹੈ। ਪਰ ਗੁਰਮਤਿ ਅਨੁਸਾਰ ਦਮਨ ਦੀ ਕ੍ਰਿਆ ਗ਼ਲਤ ਹੈ। ਪਰ ਜਦੋਂ ਤੱਕ ਕੋਈ ਗ਼ਲਤ ਨੂੰ ਗ਼ਲਤ ਕਰਕੇ ਨਾ ਸਮਝੇ, ਉਹ ਗ਼ਲਤ ਤੋਂ ਕਿੱਦਾਂ ਛੁਟਕਾਰਾ ਪਾ ਸਕਦਾ ਹੈ, ਉਸ ਨੂੰ ਠੀਕ ਰਾਹ ਕਿੱਦਾਂ ਦਰਸਾਇਆ ਜਾ ਸਕਦਾ ਹੈ? ਜੇ ਬੀਮਾਰ ਆਪਣੀ ਬੀਮਾਰੀ ਨੂੰ ਸਵੀਕਾਰ ਹੀ ਨਾ ਕਰੇ ਤਾਂ ਉਸ ਦੀ ਬੀਮਾਰੀ ਦਾ ਇਲਾਜ ਕਿੱਦਾਂ ਹੋ ਸਕਦਾ ਹੈ? ਜੇ ਗ਼ਲਤ ਨੂੰ ਠੀਕ ਮੰਨ ਲਿਆ ਜਾਏ ਤਾਂ ਸੁਧਾਰ ਕਿੱਦਾਂ ਹੋ ਸਕਦਾ ਹੈ?

ਸਿੱਖਾਂ ਵਿਚ ਮੂਰਤੀ ਪੂਜਾ ਮਨ੍ਹਾਂ ਹੈ। ਮੁੰਬਈ ਦੇ ਕਈ ਗੁਰਦੁਆਰਿਆਂ ਦੇ ਪ੍ਰਬੰਧਕ ਆਪਣੇ ਘਰਾਂ ਵਿਚ ਹਰ ਸਾਲ ਗਨਪਤੀ ਦੀ ਮੂਰਤੀ ਸਥਾਪਤ ਕਰਦੇ ਹਨ ਅਤੇ ਉਸ ਦੀ ਪੂਜਾ ਕਰਦੇ ਹਨ!! ਬਾਹਰ ਜ਼ੋਰ ਨਾਲ ਨਾਹਰਾ ਮਾਰਦੇ ਹਨ "ਹਮ ਹਿੰਦੂ ਨਹੀਂ" ਪਰ ਅੰਦਰ ਗੁਰਸਿੱਖੀ ਵਿਰੁੱਧ ਹਿੰਦੂ ਕ੍ਰਿਆਵਾਂ ਅਪਨਾਂਦੇ ਹਨ। ਸਾਨੂੰ ਇਸ ਗੱਲ ਦੀ ਚਿੰਤਾ ਛੱਡ ਦੇਣੀ ਚਾਹੀਦੀ ਹੈ ਕਿ ਲੋਕੀਂ ਸਾਨੂੰ ਹਿੰਦੂ ਸਮਝਦੇ ਹਨ, ਨਾ ਹੀ ਸਾਨੂੰ ਇਨ੍ਹਾਂ ਵਿਰੁੱਧ ਕੋਈ ਮੋਰਚੇ ਖੋਲ੍ਹਣ ਦੀ ਲੋੜ ਹੈ। ਲੋੜ ਹੈ ਆਪਣੇ ਨੂੰ ਸੰਭਾਲਣ ਦੀ, ਆਪਣੇ ਅੰਦਰਲੇ ਕਚਰੇ ਨੂੰ ਬਾਹਰ ਕੱਢਣ ਤੇ ਸ਼ੁੱਧ ਸਰੂਪ ਗੁਰਬਾਣੀ ਨੂੰ ਸਮਝਣ ਦੀ ਤੇ ਅਪਨਾਣ ਦੀ। ਦੂਸਰਿਆਂ ਨਾਲ ਨਹੀਂ, ਆਪਣੇ ਨਾਲ ਲੜੋ। ਜੇ ਅੰਦਰ ਬਦਲਾਹਟ ਨਹੀਂ ਤਾਂ ਬਾਹਰਲੇ ਕਰਮ ਮਿਥਿਆ ਹਨ। ਜੇ ਅੰਦਰ ਮੂਰਤੀ-ਪੂਜਾ ਦੀ ਚਾਹ ਹੈ ਤਾਂ ਇਸ ਚਾਹ ਦੇ ਦਮਨ ਨਾਲ ਕੀ ਹੋਏਗਾ? ਸਵਾਲ ਸਹੀ ਸਮਝਣ ਦਾ ਹੈ, ਦਮਨ ਦਾ ਨਹੀਂ, ਸਵਾਲ ਸਰੀਰਕ ਕਰਮ ਦਾ ਨਹੀਂ ਬਲਕਿ ਆਪਣੇ ਅੰਦਰਲੇ ਵਿਚਾਰਾਂ ਨੂੰ ਸਮਝਣ ਦਾ ਹੈ।

ਸਮਝੋ, ਬੁਰਾਈ ਤੋਂ ਨਾ ਭਜਣਾ ਠੀਕ ਹੈ ਨਾ ਇਸ ਨੂੰ ਦਮਨ ਕਰਨਾ। ਅਤੇ ਨਾ ਹੀ ਵਾਸ਼ਨਾ ਨੂੰ ਅਧੂਰਾ ਛੱਡਣਾ ਹੈ। ਜੇ ਸਿੱਖ ਦਾ ਮਨ ਕਰਦਾ ਹੈ ਕਿ ਮੂਰਤੀ-ਪੂਜਾ ਕਰਨੀ ਹੈ ਤਾਂ ਮੇਰੇ ਤੁਹਾਡੇ ਕਹੇ ਤੇ ਉਹ ਚਾਹ ਅਧੂਰੀ ਛੱਡ ਦੇਵੇਗਾ। ਜੇ ਕਰੇਗਾ ਤਾਂ ਗੁਰਮਤਿ ਦੀ ਉਲੰਘਣਾ ਹੋਏਗੀ ਤੇ ਜੇ ਛੱਡ ਦੇਵੇਗਾ ਤਾਂ ਪਾਖੰਡੀ ਬਣਿਆ ਰਹੇਗਾ ਕਿਉਂਕਿ

ਅੰਦਰੋਂ ਮੂਰਤੀ-ਪੂਜਾ ਦੀ ਚਾਹ ਬਣੀ ਰਹੇਗੀ। ਮੂਰਤੀ ਸੰਬੰਧੀ ਗੁਰਮਤਿ ਗਿਆਨ ਕੱਠਾ ਕਰੋ, ਇਸ ਉੱਪਰ ਵਿਚਾਰੋ, ਆਪਣੇ ਅਨੁਭਵ 'ਤੇ ਝਾਤੀ ਮਾਰੋ। ਜਦੋਂ ਗੱਲ ਗ਼ਲਤ ਨਜ਼ਰ ਆਣ ਲਗੇਗੀ ਤਾਂ ਇਸ ਨੂੰ ਛੱਡਣ ਵਿਚ ਦੇਰ ਨਹੀਂ ਲਗੇਗੀ।

(ਗੁਰੂ) ਅੰਗਦ ਦੇਵ ਜੀ ਕਈ ਸਾਲਾਂ ਤੱਕ ਮੂਰਤੀ-ਪੂਜਾ ਕਰਦੇ ਰਹੇ। ਆਪ ਜੀ ਸ਼ਰਧਾਲੂਆਂ ਦੇ ਜੱਥੇਦਾਰ ਸਨ ਅਤੇ ਹਰ ਸਾਲ ਦੇਵੀ ਦੀ ਪੂਜਾ ਲਈ ਪਹਾੜ ਤੇ ਜੱਥਾ ਲੈ ਕੇ ਜਾਂਦੇ ਸਨ। ਪਰ ਮਨ ਦੇ ਕਿਸੇ ਕੋਨੇ ਵਿਚ ਅਸ਼ਰਧਾ ਬਣੀ ਪਈ ਸੀ। ਇਕ ਦਿਨ ਭਾਈ ਜੋਧ ਜੀ ਗੁਰਬਾਣੀ ਪੜ੍ਹ ਰਹੇ ਸਨ **"ਜਿਤੁ ਕੀਤਾ ਪਾਇਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥"** ਬਸ ਸੁਣਦੇ ਸਾਰ ਭੋਗ ਤੇ ਦਮਨ ਦੋਵੇਂ ਛੁਟ ਗਏ। ਗੁਰੂ ਨਾਨਕ ਦੇਵ ਜੀ ਦੇ ਚਰਨੀਂ ਪਏ ਅਤੇ ਫਿਰ ਗੁਰੂ ਵਾਲੇ ਹੀ ਬਣ ਕੇ ਰਹਿ ਗਏ। ਇੱਦਾਂ ਹੀ (ਗੁਰੂ) ਅਮਰਦਾਸ ਜੀ ਸਨ। ਕਰਮ-ਕਾਂਡਾਂ ਵਿਚ ਯਕੀਨ ਰੱਖਦੇ ਸਨ ਅਤੇ ਮੂਰਤੀ-ਪੂਜਾ ਵਿਚ ਮੁਕਤੀ ਸਮਝਦੇ ਸਨ। ਹਰ ਸਾਲ ਗੰਗਾ ਇਸ਼ਨਾਨ ਲਈ ਜਾਂਦੇ ਸਨ। ਪਰ ਇਹ ਕਰਮ ਅੰਦਰ ਗਹਿਰਾ ਨਹੀਂ ਉਤਰ ਰਿਹਾ ਸੀ। ਲੱਗਦਾ ਸੀ ਕਿ ਤੀਰਥ ਯਾਤਰਾ ਜਾਂ ਪੂਜਾ ਕਿਤੇ ਪਹੁੰਚਾ ਨਹੀਂ ਰਹੇ ਸਨ। ਪਰ ਆਪ ਜੀ ਨੇ ਇਸ ਵਿਚਾਰ ਨੂੰ ਕਿਤੇ ਦਮਨ ਰਾਹੀਂ ਦਫ਼ਨ ਕਰ ਦਿੱਤਾ ਤੇ ਕਰਮ-ਕਾਂਡ ਵਿਚ ਉਲਝੇ ਰਹੇ। ਇਕ ਵਾਰੀਂ ਬੀਬੀ ਅਮਰੋ ਗੁਰਬਾਣੀ ਪੜ੍ਹ ਰਹੀ ਸੀ ਜਿਸ ਨੂੰ ਸੁਣ ਕੇ ਜੀਵਨ ਨੇ ਪਲਟਾ ਖਾ ਲਿਆ।

ਇਸ ਲਈ ਲੋੜ ਹੈ ਸਮਝਣ ਦੀ ਤੇ ਅਨੁਭਵ ਕਰਨ ਦੀ। ਆਪਣੇ ਵਿਚਾਰਾਂ ਪ੍ਰਤੀ ਜਾਗਣ ਦੀ, ਆਪਣੇ ਕਰਮਾਂ ਨੂੰ ਘੋਖਣ ਦੀ। ਇਸੇ ਲਈ ਗੁਰੂ ਜੀ ਕਹਿੰਦੇ ਹਨ ਕਿ ਪੰਜਾ (ਪੰਚਾ) ਵਿਕਾਰਾਂ ਦੇ ਮਿਟਾਣ ਦਾ ਗੁਰ (ਗੁਰੁ) ਧਿਆਨ ਕਰਨਾ ਹੈ। ਵਾਸ਼ਨਾਵਾਂ ਨਾਲ ਵੱਖਰਾ ਵੱਖਰਾ ਲੜਨ ਦੀ ਲੋੜ ਨਹੀਂ। ਇਕ ਇਕ ਕਰਕੇ ਜੂਝਣਾ ਬੇਅਰਥ ਹੈ। ਵਾਸ਼ਨਾਵਾਂ ਅੰਤ-ਹੀਨ ਹਨ, ਇਨ੍ਹਾਂ ਨਾਲ ਇਕ ਇਕ ਕਰਕੇ ਨਹੀਂ ਲੜਿਆ ਜਾ ਸਕਦਾ। ਇੱਦਾਂ ਨਹੀਂ ਕਿ ਪਹਿਲਾਂ ਕਾਮ ਵਾਸ਼ਨਾ ਜਿੱਤ ਲਈਏ ਤੇ ਫਿਰ ਦੂਜੀ ਨੂੰ ਜਿੱਤਣ ਦਾ ਜਤਨ ਕਰੀਏ। ਗੁਰੂ ਜੀ ਇਕੋ ਪਾਸੇ ਧਿਆਨ ਦੇਣ ਲਈ ਕਹਿੰਦੇ ਹਨ। ਉਧਰ ਧਿਆਨ ਦਿਉ ਜਿੱਥੋਂ ਇਹ ਨਿਕਲਦੀਆਂ ਹਨ, ਜਨਮ ਲੈਂਦੀਆਂ ਹਨ। ਇਸ ਲਈ ਆਪਣੇ ਜੀਵਨ ਢੰਗ ਤੇ ਧਿਆਨ ਦਿਉ, ਆਪਣੇ ਮਨ ਦੀ ਦੌੜ ਉਪਰ ਧਿਆਨ ਦਿਉ, ਆਪਣੀਆਂ ਪ੍ਰਾਪਤੀਆਂ ਤੇ ਅਪ੍ਰਾਪਤੀਆਂ ਤੇ ਧਿਆਨ ਦਿਉ। ਧਿਆਨ ਦਿਉ ਕਿ ਮੰਜ਼ਲ ਕਿੱਥੇ ਹੈ, ਰਾਹ ਕਿਹੜਾ ਹੈ ਅਤੇ ਅਸੀਂ ਯਾਤਰਾ ਕਿਧਰ ਦੀ ਕਰ ਰਹੇ ਹਾਂ। ਧਿਆਨ ਦਿਉ ਕਿ ਅਸੀਂ ਬੋਲ ਕੀ ਰਹੇ ਹਾਂ, ਦੇਖ ਕੀ ਰਹੇ ਹਾਂ, ਸੁਣ ਕੀ ਰਹੇ ਹਾਂ, ਕਰ ਕੀ ਰਹੇ ਹਾਂ। ਜਾਂ ਕਿਧਰ ਜਾ ਰਹੇ ਹਾਂ, ਕੀ ਖਾ ਰਹੇ ਹਾਂ, ਪਹਿਨ ਕੀ ਰਹੇ ਹਾਂ। ਭਾਈ ਗੁਰਦਾਸ ਜੀ ਇਨ੍ਹਾਂ ਸਾਰੇ ਕਰਮਾਂ ਉਪਰ ਧਿਆਨ ਦੇਣ ਲਈ ਕਹਿੰਦੇ ਹਨ। ਆਪ ਜੀ 9ਵੀਂ ਵਾਰ ਵਿਚ ਬੜਾ ਸੁੰਦਰ ਲਿਖਦੇ ਹਨ -

- **ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ॥**
  **ਗੁਰਮੁਖਿ ਅਖੀ ਦੇਖਣਾ ਬ੍ਰਹਮ ਧਿਆਨ ਧਰੈ ਆਪੁ ਆਪੈ॥**
  **ਗੁਰਮੁਖਿ ਸੁਨਣਾ ਸੁਰਤਿ ਕਰਿ ਪੰਚ ਸਬਦੁ ਗੁਰ ਸਬਦਿ ਅਲਾਪੈ॥**
  **ਗੁਰਮੁਖਿ ਕਿਰਤ ਕਮਾਵਣੀ ਨਮਸਕਾਰੁ ਡੰਡਉਤਿ ਸਿਞਾਪੈ॥**
  **ਗੁਰਮੁਖਿ ਮਾਰਗਿ ਚਲਣਾ ਪਰਦਖਣਾ ਪੂਰਨ ਪਰਤਾਪੈ॥**
  **ਗੁਰਮੁਖਿ ਖਾਣਾ ਪੈਨਣਾ ਜੋਗ ਭੋਗ ਸੰਜੋਗ ਪਛਾਪੈ॥**
  **ਗੁਰਮੁਖਿ ਸਵਣੁ ਸਮਾਧਿ ਹੈ ਆਪੈ ਆਪਿ ਨ ਥਾਪਿ ਉਥਾਪੈ॥**
  **ਘਰਬਾਰੀ ਜੀਵਨ ਮੁਕਤਿ ਲਹਿਰ ਨਹੀਂ ਭਵ ਲੋਭ ਵਿਆਪੈ॥**
  **ਪਾਰਿ ਪਏ ਲੰਘਿ ਵਰੈ ਸਰਾਪੈ॥** (ਅੰਗ 18)

ਮੇਰੀ ਸਮਝੇ ਭਾਈ ਜੀ ਕਹਿੰਦੇ ਹਨ -

- ਗੁਰਮਤਿ ਮਾਲਾ ਫੇਰਨਾ ਨਹੀਂ, ਮਿੱਠਾ ਬੋਲਣਾ ਹੈ।
- ਗੁਰਮਤਿ ਅੱਖਾਂ ਮੀਟ ਕੇ ਬਗਲ ਸਮਾਧੀ ਲਾਣਾ ਨਹੀਂ, ਆਪਣੇ ਕਰਮਾਂ ਨੂੰ ਦੇਖਣਾ ਹੈ।
- ਗੁਰਮਤਿ ਕੰਨਾਂ ਵਿਚ ਬੁਜੇ ਤੁਨ ਕੇ ਪੰਜ-ਨਾਦ ਸੁਨਣਾ ਨਹੀਂ, ਮਨ ਨਾਲ ਗੁਰ ਸ਼ਬਦ ਸੁਨਣਾ ਹੈ।
- ਗੁਰਮਤਿ ਦੇਵੀ-ਦੇਵਤਿਆਂ ਦੀ ਪ੍ਰਕਰਮਾ ਨਹੀਂ, ਗੁਰੂ ਤੇ ਸਾਧ-ਸੰਗਤ ਦੇ ਦਰਸ਼ਨ ਹਨ।
- ਗੁਰਮਤਿ ਹਵਨ-ਅੱਗ ਵਿਚ ਸਮੱਗਰੀ ਪਾਣਾ ਨਹੀਂ, ਸਿੱਖੀ ਵਿਚ ਵੰਡ ਛਕਣਾ ਸਮਗੱਰੀ ਹੈ।
- ਗੁਰਮਤਿ ਯੋਗ ਕ੍ਰਿਆ ਦੀ ਸਹਾਇਤਾ ਲੈਣੀ ਨਹੀਂ,

ਇਕ-ਮਨ ਇਕ-ਚਿਤ ਨਾਲ ਵਾਹਿਗੁਰੂ ਨੂੰ ਯਾਦ ਕਰਨਾ ਹੈ।

ਇੱਦਾਂ ਦੇ ਗੁਰਸਿੱਖ ਨੂੰ ਵਾਸ਼ਨਾਵਾਂ ਦੀਆਂ ਲਹਿਰਾਂ ਨਹੀਂ ਛੂਹੰਦੀਆਂ।

ਸੋ ਪੰਜ ਵਾਸ਼ਨਾਵਾਂ ਦੇ ਜੇਤੂ ਹੀ ਪੰਚ ਬਣਦੇ ਹਨ ਅਤੇ ਵਾਹਿਗੁਰੂ ਦੀ ਦਰਗਾਹ ਵਿਚ ਮਾਣ ਪਾਉਂਦੇ ਹਨ। ਇੱਦਾਂ ਦੇ ਵਾਸ਼ਨਾ ਰਹਿਤ ਹੀ ਕਹਿ ਸਕਦੇ ਹਨ –

- ਕੁਦਰਤਿ ਕਵਣ ਕਹਾ ਵੀਚਾਰੁ ॥
- ਵਾਰਿਆ ਨ ਜਾਵਾ ਏਕ ਵਾਰ ॥
- ਜੋ ਤੁਧੁ ਭਾਵੈ ਸਾਈ ਭਲੀ ਕਾਰ ॥
- ਤੂ ਸਦਾ ਸਲਾਮਤਿ ਨਿਰੰਕਾਰ ॥

ਇਨ੍ਹਾਂ ਚਾਰ ਵਿਚਾਰਾਂ ਤੇ ਤਫ਼ਸੀਲ ਨਾਲ ਵਿਚਾਰ ਕਰਦੇ ਹਾਂ।

(ੳ) ਕੁਦਰਤਿ ਕਵਣ ਕਹਾ ਵੀਚਾਰੁ

ਕੁਦਰਤਿ ਕੀ ਹੈ? ਗੁਰਬਾਣੀ ਕਹਿੰਦੀ ਹੈ ਕਿ ਪਾਤਾਲ, ਅਕਾਸ਼, ਪਉਣੁ, ਪਾਣੀ, ਅਗਨੀ (ਬੈਸੰਤਰ), ਧਰਤੀ ਦੇ ਆਕਾਰ, ਸਾਰੇ ਪ੍ਰਭੂ ਦੀ ਕੁਦਰਤਿ ਹਨ –

- **ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥** (ਅੰਗ 464)

ਪਰ ਸਾਡੀਆਂ ਅੱਖਾਂ ਕੁਦਰਤਿ ਨੂੰ ਦੇਖਣਾ ਭੁਲ ਗਈਆਂ ਹਨ। ਅਸੀਂ ਆਪਣੇ ਬਣਾਏ ਆਕਾਰਾਂ ਵਿਚ ਐਨੇ ਉਲਝ ਗਏ ਹਾਂ ਕਿ ਵਾਹਿਗੁਰੂ ਦੇ ਬਣਾਏ ਆਕਾਰਾਂ ਵੱਲ ਧਿਆਨ ਹੀ ਨਹੀਂ ਜਾਂਦਾ। ਅਸੀਂ ਆਪਣੇ ਥਾਲਾਂ ਵਿਚ ਸਜਾਏ ਧੂਪ-ਦੀਪ, ਫੁਲ-ਫਲ , ਹੀਰੇ-ਮੋਤੀ ਆਦਿ ਹੀ ਦੇਖ ਸਕਦੇ ਹਾਂ ਤੇ ਉਨ੍ਹਾਂ ਦੀ ਹੀ ਆਰਤੀ ਕਰ ਸਕਦੇ ਹਾਂ। ਪ੍ਰਭੂ ਵੱਲੋਂ ਬਣਾਏ ਚੰਦ-ਸੂਰਜ ਦੀ ਰੌਸ਼ਨੀ, ਜੰਗਲੀ ਬੂਟਿਆਂ ਦੀ ਖ਼ੁਸ਼ਬੋ, ਤਾਰਿਕਾ ਮੰਡਲ ਦੀ ਚਮਕ, ਹਵਾ ਦੇ ਹੁਲਾਰੇ, ਭੁੱਲ ਹੀ ਗਏ ਹਾਂ। ਗੁਰੂ ਨਾਨਕ ਦੇਵ ਜੀ ਜਗਨਨਾਥ ਮੰਦਰ, ਪੁਰੀ (ਉੜੀਸਾ) ਦੇ ਪੁਜਾਰੀਆਂ ਨੂੰ ਆਰਤੀ ਕਰਦੇ ਦੇਖ ਕੇ ਪੰਡਿਤ-ਪੁਜਾਰੀਆਂ ਨੂੰ ਕਹਿੰਦੇ ਹਨ ਕਿ ਬਾਹਰ ਆ ਕੇ ਦੇਖੋ, ਕਿੱਦਾਂ ਕੁਦਰਤਿ ਪ੍ਰਭੂ ਦੀ ਆਰਤੀ ਕਰ ਰਹੀ ਹੈ। ਉਸ ਦੇ ਬਣਾਏ ਆਕਾਰਾਂ ਦੀ ਆਰਤੀ ਦੇਖੋ, ਆਪਣੇ ਬਣਾਏ ਆਕਾਰਾਂ ਦੀ ਆਰਤੀ ਛੱਡੋ। ਆਪ ਜੀ ਦਾ ਪ੍ਰਸਿੱਧ ਸ਼ਬਦ ਹੈ –

- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
  **ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**
  **ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**
  **ਅਨਹਤਾ ਸਬਦ ਵਾਜੰਤ ਭੇਰੀ ॥** (ਅੰਗ 13)

ਅਸੀਂ ਪ੍ਰਭੂ ਦੀ ਅਦਭੁਤ ਕਿਰਤ ਨੂੰ ਭੁਲ ਗਏ ਹਾਂ ਅਤੇ ਆਪਣੇ ਬਣਾਏ ਆਕਾਰਾਂ ਵਿਚ ਪ੍ਰਭੂ ਲੱਭ ਰਹੇ ਹਾਂ। ਪ੍ਰਭੂ ਦੀਆਂ ਬਣਾਈਆਂ ਮੂਰਤੀਆਂ (ਮਨੁੱਖਾਂ) ਨੂੰ ਭੁਖਿਆਂ ਮਾਰ ਰਹੇ ਹਾਂ ਅਤੇ ਮਨੁੱਖ ਰਾਹੀਂ ਬਣਾਈਆਂ ਪੱਥਰ ਦੀਆਂ ਮੂਰਤੀਆਂ ਨੂੰ ਸੋਨੇ-ਚਾਂਦੀ ਨਾਲ ਸਜਾ ਰਹੇ ਹਾਂ, ਪੂਜਾ-ਆਰਜਾ ਕਰੀ ਜਾਂਦੇ ਹਾਂ।

ਪ੍ਰਭੂ ਨੂੰ ਦੇਖਣਾ ਹੈ ਤਾਂ ਪਹਿਲਾਂ ਉਸ ਦੀ ਕੁਦਰਤ ਨੂੰ ਦੇਖਣਾ ਸਿਖੋ। ਮੁੰਬਈ ਵਿਚ ਹਜ਼ਾਰਾਂ ਸਿੱਖ ਰਹਿੰਦੇ ਹਨ ਪਰ ਮੈਨੂੰ ਨਹੀਂ ਲੱਗਦਾ ਕਿ ਬਹੁਤਿਆਂ ਨੇ ਸਾਗਰ ਦੇ ਕੰਢੇ ਬੈਠ ਕੇ ਸਾਗਰ ਦੀਆਂ ਉਛਲਦੀਆਂ-ਢਹਿੰਦੀਆਂ ਲਹਿਰਾਂ ਦਾ ਸੰਗੀਤ ਮਾਣਿਆ ਹੋਏ ਅਤੇ ਉਨਹਾਂ ਦਾ ਕਲੋਲ ਸੁਣਿਆ ਹੋਏ। ਕਦੀਂ ਲਹਿੰਦੇ ਸੂਰਜ ਵੱਲੋਂ ਖਿਲਰੀਆਂ ਰੰਗ-ਬਰੰਗੀਆਂ ਕਿਰਨਾਂ ਦਾ ਅਨੰਦ ਮਾਣਿਆ ਹੋਏ। ਸਵੇਰੇ ਸਾਗਰ ਦੀਆਂ ਲਹਿਰਾਂ ਨਾਲ ਸੂਰਜ ਦੀਆਂ ਕਿਰਨਾਂ ਦੀ ਅਖ-ਮਚੋਲੀ ਦੇਖੀ ਹੋਏ। ਸਾਡੇ ਵਿਚ ਵਿਸਮਾਦ ਦੀ, ਅਸ਼ਚਰਜਤਾ ਦੀ, ਹੈਰਾਨਗੀ ਦੀ, ਸ਼ਕਤੀ ਹੀ ਮਰ ਗਈ ਲੱਗਦੀ ਹੈ।

ਗੁਰਬਾਣੀ ਹੈ "ਕੁਦਰਤਿ ਕਵਣ ਕਹਾ ਵੀਚਾਰੁ"। ਕੁਦਰਤਿ ਵਿਚਾਰ ਦਾ ਵਿਸ਼ੇ ਨਹੀਂ, ਅਸ਼ਚਰਜਤਾ ਦਾ ਵਿਸ਼ੇ ਹੈ। ਇਹ ਵਿਚਾਰਨ ਦਾ ਵਿਸ਼ਾ ਨਹੀਂ ਮਾਨਣ ਦਾ ਵਿਸ਼ੇ ਹੈ। ਅਸੀਂ ਵਿਚਾਰਾਂ ਰਾਹੀਂ ਉਸ ਦੀ ਅਦਭੁਤ ਸੁੰਦਰਤਾ ਨੂੰ ਮਾਨਣਾ ਚਾਹੁੰਦੇ ਹਾਂ। ਪਰ ਇੱਦਾਂ ਹੋ ਨਹੀਂ ਸਕਦਾ। ਵਿਚਾਰਾਂ ਤੋਂ ਹੱਟ ਕੇ, ਨਿਰਵਿਚਾਰ ਜਿਹਾ ਹੋ ਕੇ ਕਿਸੇ ਬੱਚੇ ਵਾਂਗ ਮਾਸੂਮੀਅਤ ਗ੍ਰਹਿਣ ਕਰਕੇ ਦੇਖੋਗੇ ਤਾਂ ਹੀ ਪ੍ਰਭੂ ਨੂੰ ਦੇਖ ਸਕੋਗੇ।

ਬੱਚੇ ਵਿਚ ਅਸ਼ਚਰਜਤਾ ਹੈ, ਮਾਸੂਮੀਅਤ ਹੈ। ਹੌਲੀਂ ਹੌਲੀਂ ਅਸੀਂ ਉਸ ਉਪਰ ਵਿਚਾਰ ਠੋਸਦੇ ਜਾਂਦੇ ਹਨ ਤੇ ਉਸ ਦੀ ਅਸ਼ਚਰਜਤਾ ਮਾਰੀ ਜਾਂਦੇ ਹਾਂ। ਮੇਰਾ ਡੇਢ ਸਾਲ ਦਾ ਪੜਪੋਤਾ, ਹਵਾ ਵਿਚ ਕਬੂਤਰ ਨੂੰ ਉਡਾਰੀ ਭਰਦਾ ਦੇਖਦਾ ਹੈ। ਉਸ ਦੀਆਂ ਅਖਾਂ ਵਿਚ ਚਮਕ ਹੈ, ਅਸ਼ਚਰਜਤਾ ਹੈ, ਕੋਈ ਅਨੋਖੀ ਜਿਹੀ ਖ਼ੁਸ਼ੀ ਹੈ। ਉਹ ਮੈਨੂੰ ਖਿਚ ਖਿਚ ਕੇ ਕਬੂਤਰ ਦੀ ਉਡਾਰੀ ਦੇਖਣ ਨੂੰ ਕਹਿ ਰਿਹਾ ਹੈ। ਆਪਣੀ ਅਸ਼ਚਰਜਤਾ ਪ੍ਰਗਟ ਕਰ ਰਿਹਾ ਹੈ ਤੇ

ਮੇਰੇ ਨਾਲ ਵੰਡਣਾ ਚਾਹੁੰਦਾ ਹੈ। ਪਰ ਮੇਰੀ ਅਸ਼ਚਰਜਤਾ ਮਰ ਗਈ ਹੈ। ਮੈਨੂੰ ਉਡਦੇ ਪੰਛੀ ਵਿਚ ਉਹ ਨਹੀਂ ਦਿਸਦਾ, ਜੋ ਉਸ ਬੱਚੇ ਨੂੰ ਦਿੱਸ ਰਿਹਾ ਹੈ।

ਬੱਚਾ ਪੁੱਛਦਾ ਹੈ ਕਿ ਮੈਂ ਕਬੂਤਰ ਕਿਉਂ ਨਹੀਂ? ਮੈਂ ਕੀ ਜਵਾਬ ਦੇਵਾਂ? ਮੈਨੂੰ ਆਪ ਹੀ ਪਤਾ ਨਹੀਂ ਮੈਂ ਸੁਣੀ-ਸੁਣਾਈ, ਪੜ੍ਹੀ-ਪੜ੍ਹਾਈ ਗੱਲ ਕਹਿ ਦਿੰਦਾ ਹਾਂ "ਤੇਰੇ ਕਰਮ ਅੱਛੇ ਹਨ, ਕਬੂਤਰ ਦੇ ਮਾੜੇ"। ਇਹ ਵੀ ਕੋਈ ਜਵਾਬ ਹੈ? ਪਰ ਸਾਨੂੰ ਆਪ ਹੀ ਪਤਾ ਨਹੀਂ, ਬੱਚੇ ਨੂੰ ਕੀ ਸਮਝਾਵਾਂਗੇ? ਮੈਂ ਬੱਚੇ ਨੂੰ ਨਹੀਂ ਕਹਿੰਦਾ, ਮੈਨੂੰ ਪਤਾ ਨਹੀਂ, ਤੂੰ ਵੱਡਾ ਹੋ ਕੇ ਪਤਾ ਕਰੀਂ?" ਇੱਦਾਂ ਉਹ ਵੀ ਪਤਾ ਨਹੀਂ ਕਰਦਾ। ਇੱਦਾਂ ਪੁਸ਼ਤ-ਦਰ-ਪੁਸ਼ਤ ਰਟਿਆ ਰਟਾਇਆ ਜਵਾਬ ਮਿਲੀ ਜਾਂਦਾ ਹੈ, ਕੋਈ ਵਿਰਲਾ ਹੀ ਸਮਝਣ ਦਾ ਜਤਨ ਕਰਦਾ ਹੈ ਤੇ ਸੱਚਾ ਜਵਾਬ ਲੱਭ ਸਕਦਾ ਹੈ ਕਿ "ਮੈਂ ਕਬੂਤਰ ਕਿਉਂ ਨਹੀਂ"।

ਸਕੂਲਾਂ ਦੇ ਟੀਚਰ ਤੇ ਕਾਲਜਾਂ ਦੇ ਪ੍ਰੋਫੈਸਰ ਜ਼ਿਆਦਾ ਕਰਕੇ ਆਪਣੇ ਨੋਟ (NOTES) ਬਣਾ ਲੈਂਦੇ ਹਨ। ਉਨ੍ਹਾਂ ਵਿਚੋਂ ਹੀ ਪੜ੍ਹਾਈ ਜਾਂਦੇ ਹਨ ਅਤੇ ਵਿਦਿਆਰਥੀਆਂ ਨੂੰ ਨੋਟ ਦੀ ਕਾਪੀਆਂ ਪੜ੍ਹਣ ਤੇ ਯਾਦ ਕਰਨ ਲਈ ਦੇ ਦਿੰਦੇ ਹਨ। ਪ੍ਰੀਖਿਆ ਵਿਚ ਵੀ ਨੋਟਸ ਤੋਂ ਹੀ ਪ੍ਰਸ਼ਨ ਪੁੱਛੇ ਜਾਂਦੇ ਹਨ। ਜੇ ਕੋਈ ਵਿਦਿਆਰਥੀ ਦਸੇ ਨੋਟਾਂ ਤੋਂ ਬਾਹਰ ਦਾ ਕੋਈ ਪ੍ਰਸ਼ਨ ਪੁਛ ਲਵੇ ਜਾਂ ਨੋਟ ਦੇ ਕਿਸੇ ਵਿਚਾਰ ਦੀ ਵਿਆਖਿਆ ਪੁਛ ਲਵੇ, ਤਾਂ ਪੋਫੈਸਰ ਨਾਰਾਜ਼ ਹੋ ਜਾਂਦਾ ਹੈ। ਉਹ ਕਹਿੰਦਾ ਹੈ "ਇਹ ਪੁਛਣਾ ਜ਼ਰੂਰੀ ਨਹੀਂ ਕਿਉਂਕਿ ਇਸ ਦਾ ਪ੍ਰੀਖਿਆ ਨਾਲ ਕੋਈ ਸੰਬੰਧ ਨਹੀਂ।" ਇੱਦਾਂ ਵਿਦਿਆਰਥੀਆਂ, ਪ੍ਰੋਫੈਸਰਾਂ, ਅਫ਼ਸਰਾਂ, ਬਲਕਿ ਸਾਰੇ ਸਮਾਜ ਵਿਚੋਂ ਅਸ਼ਚਰਜ ਸੰਬੰਧੀ ਸਵਾਲ ਬੰਦ ਹੋ ਗਏ ਹਨ।

ਦੂਸਰੇ ਮਹਾਂਯੁੱਧ ਵਿਚ ਇਕ ਫਿਲਾਸਫੀ ਦਾ ਪ੍ਰੋਫ਼ੈਸਰ ਫੌਜ ਵਿਚ ਭਰਤੀ ਹੋ ਗਿਆ। ਫਿਲਾਸਫਰ ਹੈ ਤਾਂ ਉਹ ਸਵਾਲ ਤਾਂ ਪੁਛੇਗਾ ਹੀ। ਪਹਿਲੇ ਦਿਨ ਉਸ ਨੂੰ ਪਰੇਡ (Parade) ਕਰਨ ਲਈ ਭੇਜ ਦਿੱਤਾ ਗਿਆ। ਉਸ ਨੂੰ ਕਿਹਾ 'ਖੱਬੇ ਮੁੜੋ'। ਉਸ ਪੁਛਿਆ 'ਖੱਬੇ ਮੁੜਣ ਦਾ ਲੜਾਈ ਲੜਣ ਤੇ ਜਿੱਤਣ ਨਾਲ ਕੀ ਸੰਬੰਧ ਹੈ?" ਕੋਈ ਜਵਾਬ ਨਹੀਂ ਕਿਉਂਕਿ ਪਰੇਡ ਤਾਂ ਸਿਪਾਹੀ ਨੂੰ ਸਵਾਲ ਪੁਛਣ ਤੋਂ ਬੰਦ ਕਰਨਾ ਸਿਖਾਂਦੀ ਹੈ। ਸਿਪਾਹੀ ਨੂੰ ਪੁਛਣਾ ਨਹੀਂ, ਕਰਨਾ ਤੇ ਮਰਨ ਸਿਖਾਇਆ ਜਾਂਦਾ ਹੈ

ਪੁਰਾਣੇ ਸਮਿਆਂ ਵਿਚ ਰਾਜੇ ਵਿਦਵਾਨਾਂ ਵਿਚ ਧਰਮ-ਚਰਚਾ ਕਰਵਾਂਦੇ ਸਨ, ਸ਼ਾਸ਼ਤਰਾਤ ਕਰਵਾਂਦੇ ਸਨ, ਸਵਾਲ ਪੁਛੇ ਜਾਂਦੇ ਸਨ ਤੇ ਉਤਰ ਮੰਗੇ ਜਾਂਦੇ ਸਨ। ਬਹਿਸਾਂ ਹੁੰਦੀਆਂ ਸਨ ਤੇ ਜਿਤਣ ਵਾਲੇ ਨੂੰ ਚੋਖਾ ਇਨਾਮ ਰਾਜੇ ਵੱਲੋਂ ਦਿੱਤਾ ਜਾਂਦਾ ਸੀ। ਇਕ ਵਾਰੀਂ ਗਾਰਗੀ ਨਾਂ ਦੀ ਇਕ ਜਨਾਨੀ ਬਹਿਸ ਕਰਨ ਲਈ ਖੜ੍ਹੀ ਹੋ ਗਈ। ਦੂਸਰੇ ਪਾਸੇ ਇਕ ਮਹਾਨ ਪੰਡਿਤ, ਕਈਆਂ ਬਹਿਸਾਂ ਦਾ ਵਿਜੇਤਾ ਸੀ। ਗਾਰਗੀ ਨੇ ਪੁਛਿਆ "ਧਰਤੀ ਨੂੰ ਕਿਸੇ ਨੇ ਚੁਕਿਆ ਹੈ?" ਪੰਡਿਤ ਜਾਣਦਾ ਨਹੀਂ ਸੀ ਸਿਰਫ਼ ਕਿਤਾਬਾਂ ਵਿਚ ਲਿਖਿਆ ਸੀ ਕਿ ਇਕ ਬਲਦ ਦੇ ਸਿੰਗਾਂ ਉਪਰ ਧਰਤੀ ਖੜ੍ਹੀ ਹੈ। ਉਸ ਇਹੀ ਕਹਿ ਦਿੱਤਾ। ਬਸ ਉਹ ਪੰਡਿਤ ਫਸ ਗਿਆ। "ਕਿਸ ਨੇ ਬਣਾਇਆ" ਦਾ ਸਿਲਸਿਲਾ ਅੰਤਹੀਨ ਹੈ। ਗਾਰਗੀ ਜਿਤ ਗਈ। ਕਹਿੰਦੇ ਹਨ ਕਿ ਉਸ ਦਿਨ ਤੋਂ ਪੰਡਿਤਾਂ ਦੀ ਬੈਠਕ ਨੇ ਨਿਰਣੈ ਲਿਆ ਕਿ ਅਗੇ ਤੋਂ ਇਸਤ੍ਰੀਆਂ ਨਾ ਧਰਮ-ਗ੍ਰੰਥ ਪੜ੍ਹ ਸਕਦੀਆਂ ਹਨ ਨਾ ਬਹਿਸ ਵਿਚ ਹਿੱਸਾ ਲੈ ਸਕਦੀਆਂ ਹਨ। ਇਸ ਘਟਨਾ ਦਾ ਜ਼ਿਕਰ ਸੰਖੇਪ ਵਿਚ ਜਪੁ ਜੀ ਸਾਹਿਬ ਵਿਚ ਆਂਦਾ ਹੈ –

- **ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥**
  **ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥**
  **ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥**
  **ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥** (ਅੰਗ 3)

ਕੁਦਰਤ ਦੀ ਕਿਰਤ ਸਮਝਣੀ ਮੁਸ਼ਕਲ ਹੈ। ਬੁਧੀ ਰਾਹੀਂ ਤਾਂ ਬਿਲਕੁਲ ਹੀ ਨਹੀਂ ਸਮਝੀ ਜਾ ਸਕਦੀ। ਇਕ ਸਵਾਲ ਦਾ ਜਵਾਬ ਮਿਲਦਾ ਨਹੀਂ ਕਿ ਦੂਸਰਾ ਖੜ੍ਹਾ ਹੋ ਜਾਂਦਾ। ਇਸੇ ਲਈ ਗੁਰਬਾਣੀ ਕਹਿੰਦੀ ਹੈ ਕਿ ਕੁਦਰਿਤ ਨੂੰ ਵਿਚਾਰਾਂ (ਬੁਧੀ) ਰਾਹੀਂ ਨਹੀਂ ਸਮਝਿਆ ਜਾ ਸਕਦਾ। ਉਸ ਨੂੰ ਭਾਓ ਨਾਲ ਸਮਝੋ –

- **ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥**

ਪ੍ਰਭੂ ਨੂੰ ਪਹਿਚਾਨਣ ਲਈ ਵਿਚਾਰ ਨਹੀਂ ਭਾਵਨਾ ਦੀ ਲੋੜ ਹੈ। ਤੁਸੀਂ ਕਿਸੇ ਮਿਤਰ ਨੂੰ ਮਿਲਦੇ ਰਹਿੰਦੇ ਹੋ। ਇਸ

ਕਾਰਣ ਉਸ ਨੂੰ ਦੇਖ ਕੇ ਕੋਈ ਹੈਰਾਨੀ ਨਹੀਂ ਹੁੰਦੀ। ਫਿਰ ਉਹ ਪਰਦੇਸ ਚਲਾ ਜਾਂਦਾ ਹੈ ਤੇ ਅਚਾਨਕ ਕਈ ਸਾਲਾਂ ਬਾਅਦ ਮਿਲਦਾ ਹੈ। ਉਸ ਨੂੰ ਦੇਖ ਕੇ ਅਸ਼ਚਰਜਤਾ ਹੁੰਦੀ ਹੈ। ਜਾਂ ਤੁਹਾਨੂੰ ਪਤਾ ਚਲਦਾ ਹੈ ਕਿ ਤੁਹਾਡਾ ਕੋਈ ਦੋਸਤ ਮਰ ਗਿਆ ਹੈ। ਕੁਝ ਸਮੇਂ ਵਿਚ ਤੁਸੀਂ ਉਸ ਨੂੰ ਭੁਲ ਜਾਂਦੇ ਹੋ। ਇਕ ਦਿਨ ਉਹ ਮਰਿਆ ਦੋਸਤ ਅਚਾਨਕ ਤੁਹਾਡੇ ਸਾਮ੍ਹਣੇ ਆ ਖਲੋਂਦਾ ਹੈ। ਤੁਹਾਡੀਆਂ ਅੱਖਾਂ ਖੁਲ੍ਹੀਆ ਦੀਆਂ ਖੁਲ੍ਹੀਆਂ ਰਹਿ ਜਾਂਦੀਆ ਹਨ। ਜੋ ਦੇਖ ਰਹੇ ਹੋ, ਉਸ ਉਪਰ ਭਰੋਸਾ ਨਹੀਂ ਆਂਦਾ। ਫਿਰ ਅਚਨਚੇਤ ਮੂੰਹੋਂ 'ਵਾਹ' ਨਿਕਲ ਜਾਂਦਾ ਹੈ। 'ਵਾਹ' ਪ੍ਰਭੂ ਤੇਰੀ ਕੁਦਰਤਿ। ਇਹ ਵਾਹ ਅਸ਼ਚਰਜਤਾ ਜਾਂ ਹੈਰਾਨੀ ਦਾ ਪ੍ਰਗਟਾਵਾ ਹੈ। ਇਸੇ ਲਈ ਗੁਰੂ ਸ਼ਬਦ ਅੱਗੇ 'ਵਾਹਿ' ਲਾਂਦੇ ਹਨ। 'ਵਾਹਿਗੁਰੂ' ਉਹ ਜਿਸ ਨੂੰ ਮਿਲ ਕੇ ਅਚਾਨਕ ਮੂਹੋਂ 'ਵਾਹ' ਨਿਕਲ ਜਾਏ। ਗੁਰਬਾਣੀ ਕਹਿੰਦੀ ਹੈ –

- **ਵਾਹੁ ਵਾਹੁ ਜਲਿ ਥਲਿ ਭਰਪੂਰ ਹੈ ਗੁਰਮੁਖਿ ਪਾਇਆ ਜਾਇ॥** (ਅੰਗ 515)

ਤੁਸੀਂ ਕਾਰ ਰਾਹੀਂ ਸਫ਼ਰ ਕਰ ਰਹੇ ਹੋ। ਕਿਸੀ ਜੰਗਲੀ ਰਾਹ ਵਿਚ ਸਵੇਰ ਵੇਲੇ ਅਚਾਨਕ ਕੋਈ ਮੋਰ ਨਚਦਾ ਨਜ਼ਰ ਆ ਜਾਂਦਾ ਹੈ। ਤੁਹਾਡੇ ਦਿਲ ਉਸ ਨੂੰ ਭਜਾਣ ਜਾਂ ਪਾਸਿਓਂ ਲੰਘ ਜਾਣ ਨੂੰ ਦਿਲ ਨਹੀਂ ਕਰਦਾ। ਦਿਲ ਕਰਦਾ ਹੈ ਕਿ ਮੋਰ ਨੱਚੀ ਜਾਏ। ਤੁਸੀਂ ਕਾਰ ਬੰਦ ਕਰ ਦਿੰਦੇ ਹੋ ਤਾਂਕਿ ਉਸ ਦੀ ਆਵਾਜ਼ ਸੁਣ ਕੇ ਉਹ ਮੋਰ ਭੱਜ ਨਾ ਜਾਏ। ਇਹ ਨਜ਼ਾਰਾ ਕਦੀਂ ਦੇਖਿਆ ਨਹੀਂ, ਸੋਚਿਆ ਨਹੀਂ। ਕਾਗ਼ਜ਼ਾਂ ਵਿਚ ਸਿਰਫ਼ ਨਚਦੇ ਮੋਰ ਦੀ ਫੋਟੋ ਨੂੰ ਦੇਖਿਆ ਸੀ। ਪਰ ਉਹ ਫੋਟੋ ਬੇਜਾਨ ਸੀ। ਜੀਊਂਦਾ ਪੰਖ ਪਖਾਰੇ ਨਚਦਾ ਮੋਰ ਸਾਹਮਣੇ ਹੈ। ਬਸ ਆਪਣੇ ਆਪ ਮੂੰਹੋਂ 'ਵਾਹ' ਨਿਕਲਦਾ ਹੈ ਕਿਉਂਕਿ ਜੋ ਦੇਖਿਆ ਉਹ ਸਬਦਾਂ ਵਿਚ ਬੰਦ ਨਹੀਂ ਹੋ ਸਕਦਾ, ਉਸ ਅਸ਼ਚਰਜਤਾ ਨੂੰ ਸਿਰਫ਼ ਮਾਣਿਆ ਜਾ ਸਕਦਾ ਹੈ। ਇਸੇ ਲਈ ਗੁਰਬਾਣੀ ਸਮਝਾਂਦੀ ਹੈ ਕਿ ਕਰਤੇ ਦੀ ਕਿਰਤ ਨੂੰ ਸੋਚਿਆ ਵਿਚਾਰਿਆ ਨਹੀਂ ਮਾਣਿਆ ਜਾ ਸਕਦਾ ਹੈ।

ਚੇਤੇ ਰੱਖੋ ਕਿ ਮਨੁੱਖ ਕੋਲ ਵਿਚਾਰ ਪਹਿਲਾਂ ਆਏ ਤੇ ਉਨ੍ਹਾਂ ਨੂੰ ਪ੍ਰਗਟ ਕਰਨ ਵਾਲੀ ਬਾਣੀ ਬਾਅਦ ਵਿਚ ਵਿਕਸਤ ਹੋਈ। ਜਦ ਮਨੁੱਖ ਨੇ ਗਲੇ ਵਿਚੋਂ ਆਵਾਜ਼ਾਂ ਕਢਣੀਆਂ ਸਿਖ ਲਈਆਂ ਤਾਂ ਇਸ ਨੇ ਕਈ ਪ੍ਰਕਾਰ ਦੀਆਂ ਉਚੀਆਂ-ਨੀਵੀਆਂ ਚੀਕਾਂ ਰਾਹੀਂ ਹੀ ਆਪਣੇ ਵਿਚਾਰ ਪ੍ਰਗਟ ਕਰਨੇ ਸ਼ੁਰੂ ਕੀਤੇ। ਹੌਲੀਂ ਹੌਲੀਂ ਇਨ੍ਹਾਂ ਚੀਕਾਂ ਨੇ ਸ਼ਬਦਾਂ ਦਾ ਰੂਪ ਧਾਰਨ ਕਰ ਲਿਆ। ਵੱਖ ਵੱਖ ਥਾਵਾਂ ਤੇ ਵਸਦਿਆਂ ਲੋਕਾਂ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਵੱਖ ਵੱਖ ਸ਼ਬਦਾਂ ਦੀ ਵਰਤੋਂ ਹੋਣ ਲੱਗੀ। ਜਿੱਦਾਂ ਜਿਸ ਨੂੰ ਪੰਜਾਬੀ ਵਿਚ 'ਪਾਣੀ' ਕਹਿੰਦੇ ਹਨ ਉਸੇ ਨੂੰ ਬੰਗਾਲੀ ਵਿਚ 'ਜੋਲ' ਤੇ ਮਦਰਾਸੀ ਵਿਚ 'ਤਣੀ' ਕਹਿੰਦੇ ਹਨ। ਫਿਰ ਉਸੇ ਅੱਖਰ ਦੇ ਉਚਾਰਣ ਢੰਗ ਵਿਚ ਹੀ ਫਰਕ ਪੈ ਜਾਂਦਾ ਹੈ। ਅੰਮ੍ਰਿਤਸਰ, ਫ਼ਿਰੋਜ਼ਪੁਰ ਤੇ ਹੁਸ਼ਿਆਰਪੁਰ ਦੇ ਰਹਿਣ ਵਾਲੇ 'ਪਾਣੀ' ਅੱਖਰ ਨੂੰ ਅਲਗ ਅਲਗ ਢੰਗ ਨਾਲ ਬੋਲਦੇ ਹਨ। ਅੱਖਰ ਰੋਜ਼ ਵਿਕਸਤ ਹੋ ਰਹੇ ਹਨ।

ਜ਼ਾਹਰ ਹੈ ਕਿ ਬਹੁਤੀਆਂ ਗੂੜੀਆਂ ਗੱਲਾਂ ਨੂੰ ਆਮ ਭਾਸ਼ਾ ਵਿਚ ਦਸਣਾ ਕਠਨ ਹੋ ਜਾਂਦਾ ਹੈ। ਇਸੇ ਲਈ ਇਨ੍ਹਾਂ ਨੂੰ ਦਸਣ ਲਈ ਅੱਖਰਾਂ ਦੇ ਨਾਲ ਨਾਲ ਇਸ਼ਾਰਿਆ ਦੀ ਵੀ ਵਰਤੋਂ ਕਰਨੀ ਪੈਂਦੀ ਹੈ। ਹੋਰ ਗੂੜ੍ਹੀ ਗੱਲ ਲਈ ਸਿਰਫ਼ ਇਕ ਦੋ ਅਖਰੀ ਫਾਰਮੂਲਾ ਹੀ ਵਰਤਿਆ ਜਾਂਦਾ ਹੈ। ਇੱਦਾਂ ਪਾਣੀ ਦੇ ਬਨਾਣ ਦੇ ਡੂੰਘੇ ਗਿਆਨ ਨੂੰ ਅੱਖਰੀ '$H_2O$' ਰਾਹੀਂ ਹੀ ਸਮਝਾ ਦਿੱਤਾ ਜਾਂਦਾ ਹੈ ਜਾਂ ਵਾਹਿਗੁਰੂ ਨੂੰ ਦਰਸਾਣ ਲਈ 'ੴ' ਰਾਹੀਂ ਹੀ ਸਭ ਕੁਝ ਦੱਸ ਦਿੱਤਾ ਜਾਂਦਾ ਹੈ। ਇਸ ਇਕ ਓਅੰਕਾਰ ਦੀ ਵਿਆਖਿਆ ਲਈ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਪਰ ੴ ਲਿਖ ਕੇ ਕੂਜੇ ਵਿਚ ਦਰਿਆ ਬੰਦ ਕਰ ਦਿੱਤਾ ਗਿਆ।

ਇੱਦਾਂ ਹੀ ਧਾਰਮਿਕ ਗਿਆਨ ਨੂੰ ਮੰਤਰਾਂ ਰਾਹੀਂ ਦਰਸਾਇਆ ਗਿਆ। ਇਹ ਛੇ-ਅੱਠ ਅਖਰਾਂ ਦੇ ਹੀ ਹੁੰਦੇ ਹਨ ਪਰ ਇਨ੍ਹਾਂ ਵਿਚ ਗਿਆਨ ਦਾ ਭੰਡਾਰ ਲੁਕਿਆ ਹੁੰਦਾ ਹੈ। ਇਨ੍ਹਾਂ ਅਖਰਾਂ ਵਿਚ ਮਨ ਦੀਆਂ ਡੂੰਘੀਆਂ ਸ਼ਕਤੀਆਂ ਨੂੰ ਜਗਾਣ ਦਾ ਰਹਿਸ ਵੀ ਹੁੰਦਾ ਹੈ। ਇਸ ਨੂੰ ਮੰਤਰ ਵਿਚ ਬੰਦ ਕਰ ਦਿੱਤਾ ਜਾਂਦਾ ਹੈ ਤਾਂਕਿ ਹਰ ਕੋਈ ਇਸ ਵਿਚ ਦਰਸਾਈ ਸ਼ਕਤੀ ਪ੍ਰਾਪਤ ਕਰਕੇ ਇਸ ਦੀ ਦੁਰਵਰਤੋਂ ਨਾ ਕਰ ਸਕੇ।

ਮੰਤਰ ਹਰ ਕੋਈ ਪੜ੍ਹ ਸਕਦਾ ਹੈ ਪਰ ਇਸ ਵਿਚਲੀ ਘੁੰਡੀ ਗੁੱਥੀ ਗੁਰੂ ਦੀ ਸਹਾਇਤਾ ਬਿਨਾ ਨਹੀਂ ਖੁਲ੍ਹ ਸਕਦੀ। ਗੁਰੂ ਇਹ ਗੁਥੀ ਉਦੋਂ ਹੀ ਖੋਲ੍ਹਦਾ ਸੀ ਜਦੋਂ ਉਸ ਨੂੰ ਪੂਰਾ ਯਕੀਨ ਹੋ ਜਾਂਦਾ ਸੀ ਕਿ ਉਸ ਸਾਧਕ ਦਾ ਮਨ ਐਨਾ ਨਿਰਮਲ ਹੋ ਗਿਆ ਹੈ ਕਿ ਮੰਤਰ ਸ਼ਕਤੀ ਦੀ

ਦੁਰਵਰਤੋਂ ਕਰਨ ਦਾ ਖਿਆਲ ਉਸ ਦੇ ਮਨ ਅੰਦਰ ਨਹੀਂ ਆਏਗਾ। ਪਰ ਫਿਰ ਵੀ ਰਾਵਣ ਨੇ ਇੱਦਾਂ ਦੀਆਂ ਸ਼ਕਤੀਆਂ ਹਾਸਲ ਕਰ ਲਈਆਂ ਅਤੇ ਇਨ੍ਹਾਂ ਦੀ ਦੁਰਵਰਤੋਂ ਕੀਤੀ। ਇਸੇ ਫਾਰਮੂਲੇ ਨੂੰ ਰਾਮ ਵੀ ਜਾਣਦਾ ਸੀ ਤੇ ਰਾਵਣ ਵੀ। ਪਰ ਇਕ ਇਸ ਦੀ ਦੁਰਵਰਤੋਂ ਕਰਦਾ ਹੈ ਤੇ ਦੂਸਰਾ ਸਦਵਰਤੋਂ। ਇਸੇ ਕਾਰਣ ਜਾਨਣ ਵਾਲੇ ਗਿਆਨ ਦੀ ਦੁਰਵਰਤੋਂ ਕਰਨ ਵਾਲਿਆਂ ਤੋਂ ਇਹ ਗਿਆਨ ਲੁਕਾਈ ਰੱਖਦੇ ਸਨ।

ਦਸਿਆ ਜਾਂਦਾ ਹੈ ਕਿ ਗੁਰੂ ਇਹ ਰਾਜ ਆਪਣੇ ਸ਼ਿਸ਼ ਨੂੰ ਕੰਨ ਵਿਚ ਦਸਦਾ ਸੀ। ਇਸ ਦਾ ਅਰਥ ਇੰਨਾ ਹੀ ਸੀ ਕਿ ਫਾਰਮੂਲੇ ਦੀ ਕੁੰਜੀ ਗੁਰੂ ਸ਼ਿਸ਼ ਨੂੰ ਗੁਪਤ ਰੂਪ ਵਿਚ ਦੇਂਦਾ ਸੀ। ਉਹ ਸ਼ਰਧਾਵਾਨ ਨਿਰਮਲ ਸ਼ਿਸ਼ ਨੂੰ ਫਾਰਮੂਲਾ ਸਮਝਾਂਦਾ ਸੀ ਅਤੇ ਕਹਿੰਦਾ ਸੀ ਕਿ ਇਸ ਨੂੰ ਗੁਪਤ ਰੱਖੇ ਤੇ ਕਦੀਂ ਵੀ ਕੁਪਾਤਰ ਦੇ ਹੱਥ ਨਾ ਪੈਣ ਦੇਵੇ, ਨਾ ਹੀ ਆਪ ਉਸ ਦਾ ਜ਼ਿਕਰ ਕਿਸੇ ਦੂਸਰੇ ਨਾਲ ਕਰੇ। ਜੋ ਵੀ ਪਾਤਰ ਹੋਏਗਾ, ਗੁਰੂ ਉਸ ਨੂੰ ਆਪੇ ਹੀ ਮੰਤਰ ਨੂੰ ਸਮਝਣ ਦਾ ਗੁਰ ਸਮਝਾ ਦੇਵੇਗਾ। ਇਸੇ ਕਾਰਣ ਮੰਤਰ ਬੋਲ ਕੇ ਨਹੀਂ ਜਪਿਆ ਜਾਂਦਾ ਸੀ ਤਾਂਕਿ ਕੋਈ ਮੰਤਰ ਦਾ ਅਖਰੀ ਗਿਆਨ ਵੀ ਹਾਸਲ ਨਾ ਕਰ ਸਕੇ।

ਜਦੋਂ ਗੁਰੂ ਨਾਨਕ ਦੇਵ ਜੀ ਆਪਣੀ ਜੋਤ ਗੁਰੂ ਅੰਗਦ ਦੇਵ ਜੀ ਵਿਚ ਧਰਦੇ ਹਨ ਤਾਂ ਇਸ ਦਾ ਸਿੱਧਾ ਅਰਥ ਇਹੀ ਸੀ ਕਿ ਉਹ ਪ੍ਰਭੂ ਪ੍ਰਾਪਤੀ ਦੇ ਫਾਰਮੂਲੇ ਦੀ ਕੁੰਜੀ ਦੂਸਰੇ ਵਿਅਕਤੀ ਨੂੰ ਸਮਝਾ ਦੇਂਦੇ ਹਨ। ਗੁਰਬਾਣੀ ਦਸਦੀ ਹੈ ਕਿ ਜੁਗਤ (ਫਾਰਮੂਲਾ) ਉਹੀ ਹੈ ਪਰ ਇਸ ਨੂੰ ਸਮਝਣ ਦਾ ਗਿਆਨ (ਜੋਤੀ) ਗੁਰੂ ਦੂਸਰੇ ਨੂੰ ਦੇ ਦਿੰਦਾ ਹੈ।

ਅੱਜ-ਕਲ੍ਹ ਗਿਆਨ ਦੇ ਫਾਰਮੂਲੇ ਖੁਲ੍ਹੇ-ਆਮ ਹੋ ਗਏ ਹਨ। ਸਰਬਨਾਸੀ ਐਟਮ ਬੰਬ ਬਨਾਣ ਦਾ ਫਾਰਮੂਲਾ ਅਮਰੀਕਾ ਨੇ ਲੱਭ ਲਿਆ। ਇਸ ਨੇ ਦੋ ਬੰਬ ਮਾਰ ਕੇ ਜਾਪਾਨ ਕੋਲੋਂ ਈਨ ਮੰਨਵਾ ਲਈ। ਇਕ ਇਕ ਬੰਬ ਨੇ ਕਰੀਬਨ ਇਕ ਇਕ ਲੱਖ ਪ੍ਰਾਣੀ ਮਾਰ ਮੁਕਾਏ ਤੇ ਦੂਸਰਾ ਮਹਾਯੁੱਧ ਸਮਾਪਤ ਕਰ ਦਿੱਤਾ।

ਹੁਣ ਇਸ ਤੋਂ ਵੀ ਜ਼ਿਆਦਾ ਮਾਰੂ ਹਥਿਆਰ ਬਨਾਣ ਦੇ ਫਾਰਮੂਲੇ ਮਨੁੱਖ ਦੇ ਹੱਥ ਲੱਗ ਰਹੇ ਹਨ। ਇਹੀ ਕਾਰਣ ਹੈ ਕਿ ਐਟਮ ਸ਼ਕਤੀ ਨੂੰ ਲਭਣ ਤੇ ਦੱਸਣ ਵਾਲਾ ਬੜਾ ਦੁਖੀ ਹੋ ਕੇ ਮਰਿਆ। ਉਸ ਨੂੰ ਪਤਾ ਨਹੀਂ ਸੀ ਕਿ ਇਸ ਗਿਆਨ ਦੀ ਵਰਤੋਂ ਲੱਖਾਂ ਜੀਵਾਂ ਦੀ ਹਤਿਆ ਲਈ ਕੀਤੀ ਜਾਏਗੀ। ਇਸੇ ਕਾਰਣ ਇਕ ਹੋਰ ਸਾਇੰਸਦਾਨ ਔਪਨੇਹਮਰ ਸਾਰੀ ਉਮਰ ਪ੍ਰੇਸ਼ਾਨ ਰਿਹਾ।

ਭਾਵੇਂ ਇੱਦਾਂ ਦੇ ਗਿਆਨ ਨੂੰ ਪੁਰਾਣੇ ਰਿਸ਼ੀਆਂ ਵਾਂਗ ਲੁਕਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਅੱਜ-ਕਲ੍ਹ ਇੱਦਾਂ ਹੋ ਨਹੀਂ ਸਕਦਾ। ਇਹ ਫਾਰਮੂਲੇ ਵਿਕ ਜਾਂਦੇ ਹਨ, ਚੋਰੀ ਹੋ ਜਾਂਦੇ ਹਨ, ਜਾਨਣ ਵਾਲੇ ਅਗਵਾ ਕਰ ਲਏ ਜਾਂਦੇ ਹਨ। ਐਟਮ ਬੰਬ ਬਨਾਣ ਦਾ ਇਹੀ ਫਾਰਮੂਲਾ ਪਾਕਿਸਤਾਨ ਨੇ ਕੋਰੀਆ ਕੋਲੋਂ ਚੁਰਾਇਆ ਤੇ ਇਰਾਨ ਨੂੰ ਵੇਚ ਦਿੱਤਾ। ਗਿਆਨ ਪ੍ਰਭੂ ਦਾ ਹੀ ਹੈ ਭਾਵੇਂ ਇਹ ਰਾਮ ਕੋਲ ਹੋਏ ਜਾਂ ਰਾਵਣ ਕੋਲ ਆਸਾਮ ਦੀਆਂ ਜਾਦੂਗਰਨੀਆਂ ਕੋਲ ਹੋਏ ਜਾਂ ਗੁਰੂ ਨਾਨਕ ਕੋਲ, ਭਾਵੇਂ ਗੁਰੂ ਗੋਬਿੰਦ ਸਿੰਘ ਕੋਲ ਹੋਏ ਭਾਵੇਂ ਔਰੰਗਜ਼ੇਬ ਕੋਲ।

ਗਿਆਨ ਦੀ ਦੁਰਵਰਤੋਂ ਦੇ ਡਰੋਂ ਸਾਡੇ ਦੇਸ਼ ਵਿਚ ਗੂੜੀਆਂ ਗੱਲਾਂ ਨੂੰ ਜਾਣ-ਬੁਝ ਕੇ ਲਿਖਿਆ ਨਹੀਂ ਜਾਂਦਾ ਸੀ।। ਸੁਪਾਤਰ ਨੂੰ ਮੂੰਹ ਜ਼ੁਬਾਨੀ ਹੀ ਸਮਝਾਇਆ ਜਾਂਦਾ ਸੀ। ਲਿਖਣ ਦੀ ਗੱਲ ਚਲੀ ਤਾਂ ਇਸ ਭੇਦ ਨੂੰ ਕਈ ਤਰ੍ਹਾਂ ਨਾਲ ਆਮ ਲੋਕਾਂ ਕੋਲੋਂ ਲੁਕਾਈ ਰੱਖਣ ਦਾ ਜਤਨ ਕੀਤਾ ਗਿਆ। ਐਸੇ ਅੱਖਰ ਵਰਤੇ ਗਏ ਜਿਸ ਦੇ ਕਈ ਕਈ ਅਰਥ ਹੋਣ - ਜਿੱਦਾਂ ਸੰਸਕ੍ਰਿਤ ਭਾਸ਼ਾ। ਇਸ ਭਾਸ਼ਾ ਵਿਚ ਲਿਖੇ ਗਿਆਨ ਨੂੰ ਆਸਾਨੀ ਨਾਲ ਨਹੀਂ ਸਮਝਿਆ ਜਾ ਸਕਦਾ। ਕਿਸੇ ਅੱਖਰ ਦਾ ਕਿਹੜਾ ਅਰਥ ਠੀਕ ਹੈ, ਇਹ ਸਮਝਣਾ ਆਸਾਨ ਨਹੀਂ ਸੀ। ਇਸ ਵਾਸਤੇ ਕਿਸੇ ਜਾਣਕਾਰ, ਕਿਸੇ ਗੁਰੂ ਦੀ ਲੋੜ ਸੀ। ਇਹ ਇਕ ਫਾਰਮੂਲੇ ਵਾਂਗ ਸੀ ਜਿਹੜਾ ਪੜ੍ਹਿਆ ਤਾਂ ਜਾ ਸਕਦਾ ਸੀ ਪਰ ਸਮਝਿਆ ਨਹੀਂ ਸੀ ਜਾ ਸਕਦਾ। ਇਸ ਨੂੰ ਸਮਝਣ-ਜਾਨਣ ਲਈ ਕਿਸੇ ਜਾਣਕਾਰ ਦੀ ਲੋੜ ਸੀ। ਜਿੱਦਾਂ ਹਿੰਦੂ ਰਿਸ਼ੀਆਂ ਨੇ ''ਓ' ਤੇ ਗੁਰੂ ਨਾਨਕ ਨੇ 'ੴ' ਲਿਖਿਆ। ਇਨ੍ਹਾਂ ਚਿੰਨ੍ਹਾਂ ਦਾ ਕੋਈ ਅਰਥ ਨਹੀਂ ਲਗਦਾ ਜਿੰਨੀ ਦੇਰ ਕਿ ਕੋਈ ਜਾਣਕਾਰ ਇਸ ਦਾ ਰਹਿਸ ਨਾ ਖੋਲ੍ਹੇ। 'ੴ' ਦਾ ਅਰਥ ਸਿਰਫ਼ ਵਾਹਿਗੁਰੂ ਹੀ ਨਹੀਂ, ਬਲਕਿ ਬਹੁਤ ਕੁਝ ਹੈ। ਪਰ ਆਮ ਪੜ੍ਹਣ-ਵਿਚਾਰਨ ਨਾਲ ਸਿਰਫ਼ ਵਾਹਿਗੁਰੂ ਸ਼ਬਦ ਹੀ ਸਮਝ ਆਂਦਾ ਹੈ।

ਕਈਆਂ ਜਾਣਕਾਰਾਂ ਦਾ ਮੰਨਣਾ ਹੈ ਕਿ ਸਾਡੇ ਗੁਰੂਆਂ ਨੇ ਇਸ ਗਹਿਰੇ ਰਹਿਸ ਤੋਂ ਜ਼ਿਆਦਾ ਤੋਂ ਜ਼ਿਆਦਾ ਪਰਦਾ ਚੁਕਣਾ ਚਾਹਿਆ ਤੇ ਐਨਾ ਕੁਝ ਦਸ

ਦਿੱਤਾ ਜਿੰਨਾ ਕੁ ਸ਼ਬਦਾਂ ਰਾਹੀਂ ਦਸਿਆ ਜਾ ਸਕਦਾ ਸੀ। ਪਰ ਮਨੁੱਖ ਦੀ ਭਾਸ਼ਾ ਕੰਮ-ਚਲਾਉ ਹੀ ਹੈ। ਇਹ ਬਹੁਤੇ ਗਹਿਰੇ ਭਾਵ ਪ੍ਰਗਟ ਨਹੀਂ ਕਰ ਸਕਦੀ। ਗੁਰੂ ਅਰਜਨ ਦੇਵ ਜੀ ਨੇ ਸੰਪਾਦਕੀ ਸਮੇਂ ਇਸ ਰਹਿਸ ਤੇ ਪਰਦਾ ਪਾ ਦਿੱਤਾ। ਮਸਲਨ, ਗੁਰੂ ਨਾਨਕ ਦੇਵ ਜੀ ਨੇ ਕਿਸੇ ਰਹਿਸ ਨੂੰ ਚਾਰ-ਪੰਜ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਸੀ। ਉਹ ਸ਼ਬਦ ਵੱਖ ਵੱਖ ਢੰਗਾਂ ਵਿਚ ਕਹੇ ਗਏ ਸਨ ਪਰ ਨਾਲੋ ਨਾਲ ਕਹੇ ਗਏ ਸਨ। ਇਸ ਕਾਰਣ ਪੂਰੀ ਗੱਲ ਸਮਝੀ ਜਾ ਸਕਦੀ ਸੀ। ਸੰਪਾਦਕੀ ਸਮੇਂ ਇਕੋ ਵਿਚਾਰ ਨੂੰ ਵੱਖ-ਵੱਖ ਰਾਗਾਂ ਤਹਿਤ ਇਕੱਠਾ ਕੀਤਾ ਗਿਆ।

ਇੱਦਾਂ ਰਹਿਸ ਦਾ ਇਕ ਹਿੱਸਾ ਰਾਗ ਆਸਾ ਥਲੇ ਚਲਾ ਗਿਆ, ਦੂਸਰਾ ਸਿਰੀ ਥਲੇ ਤੇ ਤੀਸਰਾ ਰਾਗ ਸੋਰਠਿ ਥਲੇ। ਹੁਣ ਕਿਹੜਾ ਹਿੱਸਾ ਕਿਸ ਰਾਗ ਦੇ ਨਾਲ ਸੀ, ਜਾਨਣਾ ਔਖਾ ਹੋ ਗਿਆ। ਆਮ ਕਰਕੇ ਕੋਈ ਇਕ ਸ਼ਬਦ ਆਪਣੇ ਵਿਚ 'ਪੂਰਾ' ਵਿਚਾਰ ਨਹੀਂ ਰੱਖਦਾ। ਜਿੰਨੀ ਦੇਰ ਗੁਰੂ ਨਾਨਕ ਦੇਵ ਜੀ ਵੱਲੋਂ ਕਹੇ ਵਿਚਾਰਾਂ ਨੂੰ ਵੱਖ ਵੱਖ ਰਾਗਾਂ ਵਿਚੋਂ ਕੱਢ ਕੇ ਤੇ ਇਕ ਥਾਂ ਰੱਖ ਕੇ ਨਾ ਪੜ੍ਹਿਆ ਜਾਏ। ਪਰ ਇਹ ਜਾਨਣਾ ਔਖਾ ਹੋ ਗਿਆ ਹੈ ਕਿ ਇਕ ਰਹਿਸ ਦਾ ਦੂਸਰਾ ਹਿੱਸਾ ਕਿਸ ਰਾਗ ਥਲੇ ਹੈ ਤੇ ਤੀਸਰਾ ਕਿੱਥੇ। ਨਾ ਹੀ ਪਤਾ ਚਲਦਾ ਹੈ ਕਿ ਦੂਸਰਾ ਜਾਂ ਤੀਸਰਾ ਭਾਗ ਕਿਸ ਰਾਗ ਵਿਚ ਹੈ ਅਤੇ ਕਿੱਥੇ ਹੈ ਕਿਉਂਕਿ ਗੁਰੂ ਨਾਨਕ ਦੇਵ (ਜਾਂ ਹੋਰ ਗੁਰੂਆਂ) ਦੇ ਇਕ ਇਕ ਰਾਗ ਵਿਚ ਕਈ ਕਈ ਸ਼ਬਦ ਹਨ ਇਹ ਵਿਆਖਿਆ ਮੈਨੂੰ ਕਿਸੇ ਸੰਤ ਨੇ ਦਸੀ ਸੀ। ਜੇ ਕਿਸੇ ਗੁਰਸਿੱਖ ਜਾਂ ਸੰਸਥਾ ਨੂੰ ਇੱਦਾਂ ਲਿਖਣਾ ਬੁਰਾ ਲੱਗੇ ਤਾਂ ਮੈਂ ਦੋਵੇਂ ਹੱਥ ਜੋੜ ਕੇ ਇਸ ਲਿਖਤ ਲਈ ਖਿਮਾ ਮੰਗਦਾ ਹਾਂ।

ਜਾਂ ਇੱਦਾਂ ਸਮਝੋ। ਇਕ ਆਦਮੀ ਅੰਮ੍ਰਿਤਸਰ ਤੋਂ ਹੇਮਕੁੰਟ ਤੱਕ ਦੀ ਯਾਤਰਾ ਦੀ ਗੱਲ ਲਿਖਦਾ ਹੈ। ਉਹ ਦਸਦਾ ਹੈ ਕਿੱਥੇ ਤੱਕ ਰੇਲ ਜਾਂਦੀ ਹੈ, ਕਿੱਥੋਂ ਬਸ ਪਕੜਣੀ ਹੈ, ਕਿੰਨਾ ਪੈਦਲ ਚਲਣਾ ਹੈ; ਰਾਹ ਵਿਚ ਕਿਹੜੇ ਕਿਹੜੇ ਸ਼ਹਿਰ ਆਣਗੇ, ਕਿੱਥੇ ਕੀ ਕੀ ਆਰਾਮ ਤੇ ਕੀ ਕੀ ਕਠਿਨਾਈਆਂ ਹਨ। ਉਸ ਨੇ ਹਲੀਂ ਲਿਖੇ ਪੰਨਿਆਂ ਉਪਰ ਨੰਬਰ ਨਹੀਂ ਲਾਏ ਹਨ, ਨਾ ਹੀ ਕਾਗ਼ਜ ਨਥੀ ਕੀਤੇ ਹਨ। ਇਸ ਕਾਰਣ ਕਾਗ਼ਜ਼ਾਂ ਤੇ ਲਿਖੇ ਵਿਚਾਰ ਅੱਗੇ ਪਿੱਛੇ ਹੋ ਗਏ। ਉਸ ਨੇ ਉਨ੍ਹਾਂ ਨੂੰ ਇੱਦਾਂ ਹੀ ਕੱਠਾ ਕਰਕੇ ਜਿਲਦ ਬਣਾ ਲਈ। ਕੋਈ ਘਰ ਆਇਆ ਤੇ ਉਸ ਨੇ ਲੇਖ ਨੂੰ ਪੜ੍ਹਿਆ। ਉਸ ਨੂੰ ਕੋਈ ਸਿਰ ਪੈਰ ਨਾ ਮਿਲਿਆ। ਹੇਮਕੁੰਟ ਵਾਲਾ ਪੰਨਾ ਪਹਿਲਾਂ ਆ ਜਾਂਦਾ ਹੈ ਤੇ ਰਿਸ਼ੀਕੇਸ਼ ਦਾ ਬਾਅਦ ਵਿਚ। ਰੇਲ ਜੋਸ਼ੀ ਮੱਠ ਤੱਕ ਜਾਂਦੀ ਹੈ ਤੇ ਬਸ ਧੁਰ ਹੇਮਕੁੰਟ ਤੱਕ। ਸਭ ਉਲਟਾ ਪੁਲਟਾ ਹੋ ਜਾਂਦਾ ਹੈ। ਇਸ ਗਾਈਡ ਨੂੰ ਪੜ੍ਹ ਕੇ ਕੋਈ ਯਾਤਰਾ ਨਹੀਂ ਕਰ ਸਕਦਾ ਤੇ ਨਾ ਹੀ ਯਾਤਰਾ ਸਫ਼ਲ ਜਾਂ ਮੁਕੰਮਲ ਹੋ ਸਕਦੀ ਹੈ। ਇਸੇ ਲਈ ਗੁਰਬਾਣੀ ਬਾਰ ਬਾਰ ਗੁਰੂ ਦੀ ਲੋੜ ਦਰਸਾਂਦੀ ਹੈ ਕਿਉਂਕਿ ਉਹੀ ਜਾਣਦਾ ਹੈ ਕਿ ਮੰਜ਼ਲ ਕਿੱਥੇ ਹੈ, ਕਿੱਦਾਂ ਪੁਜਣਾ ਹੈ ਤੇ ਰਾਹ ਵਿਚ ਕਿਹੜੇ ਕਿਹੜੇ ਪੜਾਅ ਹਨ ਤੇ ਕੀ ਕੀ ਦੁੱਖ-ਸੁੱਖ ਦਰਪੇਸ਼ ਹੁੰਦੇ ਹਨ। ਇਸੇ ਲਈ ਗੁਰਬਾਣੀ ਸਮਝਾਂਦੀ ਹੈ ਕਿ ਗੁਰੂ ਬਿਨਾ ਘੋਰ ਹਨੇਰਾ ਹੈ, ਗੁਰੂ ਬਿਨਾ ਗਿਆਨ ਨਹੀਂ ਮਿਲ ਸਕਦਾ-

- **ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥** (ਅੰਗ 463)
- **ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦ॥** (ਅੰਗ 61)
- **ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ॥** (ਅੰਗ 1040)
- **ਗੁਰਿ ਪੂਰੈ ਮੇਟਿਆ ਅੰਧਿਆਰਾ॥** (ਅੰਗ 184)

ਭਾਈ ਮਨੀ ਸਿੰਘ ਸ਼ਾਇਦ ਇਸ ਰਹਿਸ ਨੂੰ ਜਾਣਦੇ ਸਨ। ਇਸੇ ਲਈ ਆਪ ਜੀ ਨੇ ਰਾਗਾਂ ਦੀ ਥਾਂ ਗੁਰਬਾਣੀ ਨੂੰ ਗੁਰੂਆਂ ਅਨੁਸਾਰ ਨਵੀਂ ਤਰਤੀਬ ਦਿੱਤੀ। ਪਰ ਸ਼ਾਇਦ ਸੰਗਤ ਇਸ ਰਮਜ਼ ਨੂੰ ਨਾ ਜਾਣ ਸਕੀ। ਇਸ ਕਾਰਣ ਪੰਥ ਨੇ ਭਾਈ ਮਨੀ ਸਿੰਘ ਵੱਲੋਂ ਤਿਆਰ ਕੀਤਾ ਗ੍ਰੰਥ ਅਸਵੀਕਾਰ ਕਰ ਦਿੱਤਾ। ਸੋ ਗੁਰਬਾਣੀ ਦਾ ਰਹਿਸ ਬਣਿਆ ਹੋਇਆ ਹੈ। ਇਸ ਨੂੰ ਬਾਰ ਬਾਰ ਪੜ੍ਹਣ ਨਾਲ ਨਹੀਂ ਸਮਝਿਆ ਜਾ ਸਕਦਾ। ਨਾ ਹੀ ਇਹ ਰਹਿਸ ਸ਼ਬਦਾਂ ਦੇ ਅਰਥਾਂ ਜਾਂ ਵਿਆਕਰਣ ਵਿਚ ਹੈ। ਨਾ ਹੀ ਸ਼ੁੱਧ ਉਚਾਰਣ ਵਿਚ ਹੈ। ਕਿੰਨਾ ਵੀ ਧਿਆਨ ਨਾਲ ਪੜ੍ਹ ਲਉ, ਵਿਆਕਰਣ ਨਾਲ ਸਮਝ ਲਉ, ਸਹੀ ਉਚਾਰਣ ਕਰ ਲਉ, ਰਹਿਸ ਤੋਂ ਪਰਦਾ ਨਹੀਂ ਉਠ ਸਕਦਾ। ਇਹ ਤਾਂ ਹੀ ਪਤਾ ਚਲ ਸਕਦਾ ਹੈ ਜਦੋਂ ਪਤਾ ਜਲ ਜਾਏ ਕਿ ਫਲਾ ਪੰਨੇ ਤੇ ਦਿੱਤੇ ਸ਼ਬਦ (ਵਿਚਾਰ) ਦਾ ਅਗਲਾ ਭਾਗ ਕਿਸ ਪੰਨੇ ਤੇ ਹੈ। ਗੁਰਬਾਣੀ ਸਮਝਾਂਦੀ ਹੈ-

- **ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ॥** (ਅੰਗ 872)

ਇਸੇ ਘੁੰਡੀ ਨੂੰ ਖੋਲ੍ਹਣ ਲਈ ਲੋਕਾਂ ਨੇ ਕਈ ਢੰਗ

ਵਰਤੇ, ਕਈ ਕਰਮ-ਕਾਂਡ ਕੀਤੇ। ਕਿਸੇ ਨੇ ਯੋਗ ਆਸਨ ਕਰਨ ਦਾ ਰਾਹ ਦਰਸਾਇਆ, ਕਿਸੇ ਨੰਗੇ ਫਿਰਨ ਦਾ ਰਾਹ ਸਮਝਾਇਆ, ਕਿਸੇ ਰਿੰਡ-ਮੁੰਡ-ਟਿੰਡ ਕਰਾਣ ਦਾ ਰਾਹ ਖੋਲ੍ਹਿਆ, ਕਿਸੇ ਬ੍ਰਹਮਚਾਰੀ ਹੋਣਾ ਦਸਿਆ -

- **ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥** (ਅੰਗ 98)
- **ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥** (ਅੰਗ 324)
- **ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥** (ਅੰਗ 324)
- **ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥** (ਅੰਗ 324)

ਪਰ ਘੁੰਡੀ ਖੋਲ੍ਹਣ ਦੇ ਇਹ ਢੰਗ ਗ਼ਲਤ ਸਨ। ਇਸੇ ਲਈ ਰਾਹ ਨਹੀਂ ਮਿਲਿਆ।

ਇਸ ਲਈ ਸਾਨੂੰ ਜਪੁ ਜੀ ਸਾਹਿਬ ਵਿਚ ਕਈ ਵਾਰੀਂ (ਚਾਰ ਪਉੜੀਆਂ ਵਿਚ) ਸਮਝਾਇਆ ਜਾਂਦਾ ਹੈ ਕਿ ਸਿਰਫ਼ ਸੁਨਣਾ (ਜਾਂ ਪੜ੍ਹਣਾ) ਕਾਫ਼ੀ ਨਹੀਂ। ਅਗਲੀਆਂ ਚਾਰ ਪਉੜੀਆਂ ਵਿਚ ਦਸਿਆ ਜਾਂਦਾ ਹੈ ਕਿ ਸੁਨਣ ਦੇ ਬਾਅਦ ਮੰਨਣਾ ਜ਼ਰੂਰੀ ਹੈ। ਪਰ ਇਹ ਮੰਨਣਾ ਕਿਸੇ ਅਗਿਆਨੀ ਦਾ ਮੰਨਣਾ ਨਹੀਂ, ਕਿਸੇ ਸੁਸਤ ਕਮਚੋਰ ਦਾ ਮੰਨਣਾ ਨਹੀਂ। ਪੜ੍ਹ/ਸੁਣ ਲਿਆ 'ਮਨ ਤੂੰ ਜੋਤਿ ਸਰੂਪੁ ਹੈ' ਅਤੇ ਮੰਨ ਲਿਆ ਕਿ ਹਾਂ ਮੈਂ ਜੋਤ ਸਰੂਪ ਹਾਂ। ਗੁਰਬਾਣੀ ਇੱਦਾਂ ਦੇ ਸੁਨਣ ਦੀ ਗੱਲ ਨਹੀਂ ਕਰਦੀ ਬਲਕਿ ਚਾਰ ਵਾਰੀ ਦੁਹਰਾ ਕੇ ਸਪਸ਼ਟ ਕਰ ਦੇਂਦੀ ਹੈ ਕਿ ਮਨੋ (ਵਿਸ਼ਵਾਸ ਕਰੋ), ਜਾਣੋ ਤੇ ਫਿਰ ਮੰਨੋ -

- **ਜੇ ਕੋ ਮੰਨਿ ਜਾਣੈ ਮਨਿ ਕੋਇ॥** (ਅੰਗ 3)

ਸੁਣੋ, ਜਾਣੋ ਤੇ ਫਿਰ ਮੰਨੋ। ਮੰਨਣਾ ਬਿਨਾ ਜਾਣੈ ਨਿਰਫਲ ਹੈ। ਸੁਣੋ, ਜੋ ਸੁਣਿਆ ਹੈ ਉਸ ਨੂੰ ਕਮਾਉ ਤੇ ਜਾਣੋ। ਫਿਰ ਸੁਣੇ ਨੂੰ ਮੰਨੋ। ਗੁਰਬਾਣੀ ਇਹੀ ਢੰਗ ਦਰਸਾਂਦੀ ਹੈ। ਸਿਰਫ਼ ਪੜ੍ਹਣਾ/ਸੁਨਣਾ ਕਾਫ਼ੀ ਨਹੀਂ। ਬਲਕਿ ਕਮਾਈ ਬਿਨਾ ਸਿਰਫ ਪੜ੍ਹਣ ਦਾ ਗੁਰਬਾਣੀ ਵਿਚ ਬਹੁਤ ਖੰਡਨ ਹੈ

- **ਪੜਿ ਪੜਿ ਥਾਕੇ ਸਾਂਤਿ ਨ ਆਈ॥** (ਅੰਗ 120)
- **ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥** (ਅੰਗ 467)

ਆਮ ਕਿਤਾਬ/ਨਾਵਲ ਪੜ੍ਹਣ ਤੇ ਗੁਰਬਾਣੀ ਪੜ੍ਹਣ ਵਿਚ ਇਹੀ ਫ਼ਰਕ ਹੈ ਕਿ ਆਮ ਕਿਤਾਬ ਵਿਚ ਜਾਨਣਯੋਗ ਕੁਝ ਨਹੀਂ ਹੁੰਦਾ ਜਦੋਂ ਕਿ ਗੁਰਬਾਣੀ ਵਿਚ ਸਭ ਕੁਝ ਜਾਨਣ ਲਈ ਹੀ ਹੁੰਦਾ ਹੈ। ਜੇ ਜਾਣਿਆ ਨਹੀਂ ਤਾਂ ਗੁਰਬਾਣੀ ਪੜ੍ਹਣ ਤੇ ਕੁਝ ਹੋਰ ਪੜ੍ਹਣ ਵਿਚ ਕੀ ਫ਼ਰਕ ਹੈ। ਜੇ ਜਾਨਣਯੋਗ ਨ ਜਾਣਿਆ, ਤਾਂ ਕੀ ਪੜ੍ਹਿਆ!!

ਜੇ ਸਿਰਫ਼ ਬਾਣੀ ਪੜ੍ਹਨਾ ਕਿਤੇ ਨਹੀਂ ਪਹੁੰਚਾਂਦਾ ਤਾਂ ਇਸ ਨੂੰ ਜ਼ੁਬਾਨੀ ਯਾਦ ਕਰ ਲੈਣ ਨਾਲ ਵੀ ਮੰਜ਼ਲ ਨਹੀਂ ਮਿਲਦੀ। ਯਾਦ ਕਰਨਾ ਮਨ ਦਾ ਕੰਮ ਹੈ ਅਤੇ ਪ੍ਰਭੂ ਮਨ ਤੋਂ ਪਾਰ ਹੈ। ਇੱਦਾਂ ਕੋਈ ਅੱਛਾ ਕਥਾਵਾਚਕ ਤਾਂ ਬਣ ਸਕਦਾ ਹੈ, ਪਰ ਅਸਲੀ ਗਿਆਨ-ਵਾਨ ਨਹੀਂ। ਕਿਤਾਬੀ ਗਿਆਨ ਮਨ ਦਾ ਹਿੱਸਾ ਹੈ, ਅਨੁਭਵ ਦਾ ਹਿੱਸਾ ਨਹੀਂ। ਇਹ ਗਿਆਨ ਦੁੱਖ ਦੂਰ ਨਹੀਂ ਕਰ ਸਕਦਾ। ਅੱਜ-ਕਲ੍ਹ ਅਗਿਆਨੀ ਗਿਆਨ ਵੰਡ ਰਹੇ ਹਨ। ਜਾਣਿਆ ਨਹੀਂ, ਪਰ ਜਣਾ ਰਹੇ ਹਨ। ਇਸੇ ਲਈ ਗੁਰਬਾਣੀ ਬਾਰ-ਬਾਰ ਕਹਿੰਦੀ ਹੈ ਕਿ ਪਹਿਲਾਂ ਆਪਣੇ ਮਨ ਨੂੰ ਸਮਝੋ, ਆਪਣੇ ਅੰਦਰਲੇ ਨੂੰ ਪਹਿਚਾਣੋ, ਨਹੀਂ ਤਾਂ ਗਿਆਨੀ ਹੋਣ ਦਾ ਭਰਮ ਬਣਿਆ ਰਹੇਗਾ-

- **ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥** (ਅੰਗ 381)
- **ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥** (ਅੰਗ 684)

ਮਨ ਸ਼ੁੱਧ ਕਰਨਾ ਪਾਤਰਤਾ ਕਮਾਣਾ ਹੈ; ਇਸ ਪਾਤਰਤਾ ਦੇ ਬਾਅਦ ਹੀ ਪ੍ਰਸਾਦਿ ਮਿਲਦਾ ਹੈ, ਅੰਮ੍ਰਿਤ ਦੀ ਬਰਖਾ ਹੁੰਦੀ ਹੈ। ਸੀਸ ਭੇਟਾ ਕਰਨ ਦੀ ਪਾਤਰਤਾ ਹੈ ਤਾਂ ਅੰਮ੍ਰਿਤ ਦਾ ਪ੍ਰਸਾਦਿ ਪਾ ਲੈਣਾ ਵੀ ਆਸਾਨ ਹੈ। ਕਮਾਈ ਕਰਨ ਬਾਅਦ ਤੱਤ ਗਿਆਨ ਆਪੇ ਹੀ ਮਿਲ ਜਾਂਦਾ ਹੈ। ਪੰਜ ਪਿਆਰਿਆਂ ਕੋਈ ਪਾਠ-ਪੂਜਾ, ਗਿਆਨ-ਧਿਆਨ, ਸਿਮਰਨ-ਸਮਾਧੀ ਨਹੀਂ ਕੀਤੀ। ਪਰ ਛਣ ਵਿਚ ਮੁਕਤ ਹੋ ਗਏ। ਕਿੰਨਾ ਆਸਾਨ ਹੈ। ਪਰ ਪਹਿਲਾਂ ਵਾਰਨਾ ਆਣਾ ਚਾਹੀਦਾ ਹੈ। ਫਿਰ ਮੁਕਤ ਦੁਆਰ ਆਪੇ ਹੀ ਖੁਲ੍ਹ ਜਾਂਦਾ ਹੈ। ਪਾਣੀ ਨੂੰ ਕਿੰਨਾ ਵੀ ਗਰਮ ਕਰੋ ਉਹ ਭਾਪ ਨਹੀਂ ਬਣ ਸਕਦਾ ਜਦੋਂ ਤੱਕ ਉਸ ਦਾ ਤਾਪਮਾਨ 100 ਡਿਗਰੀ ਸੇਂਟੀਗਰੇਡ ਤੱਕ ਨਾ ਅਪੜ ਜਾਏ। ਇੱਦਾਂ ਹੀ ਪ੍ਰਸਾਦਿ ਉਦੋਂ ਹੀ ਮਿਲਦਾ ਹੈ ਜਦੋਂ ਸਾਡੇ ਵੱਲੋਂ ਭਾਪ ਬਣ ਕੇ ਆਪਣੀ ਪੂਰੀ ਹਉਮੈ ਮਿਟਾਣ ਦੀ ਤਿਆਰੀ ਹੋ ਜਾਏ। ਪ੍ਰਸਾਦਿ ਪਾਣਾ ਆਸਾਨ ਹੈ, ਪਰ ਉਸ ਨੂੰ ਗ੍ਰਹਿਣ ਕਰਨ ਲਈ ਸਾਫ਼-ਸ਼ੁੱਧ ਭਾਵ ਵੀ ਤਾਂ ਹੋਣਾ ਚਾਹੀਦਾ ਹੈ।

ਸ਼ੌਰਟ-ਕੱਟ ਵਾਲੇ ਬਹੁਤ ਗੁਰੂ ਮਿਲ ਜਾਂਦੇ ਹਨ ਪਰ ਅੰਤ ਵਿਚ ਇਹ ਕਿਤੇ ਪਹੁੰਚਾਂਦੇ ਨਹੀਂ ਬਲਕਿ ਭੰਬਲ-ਭੂਸਿਆਂ ਵਿਚ ਪਾ ਦਿੰਦੇ ਹਨ। ਉਹ ਪਹੁੰਚੇ ਹੀ ਨਹੀਂ ਤਾਂ ਮੰਜ਼ਲ ਬਾਰੇ ਕੀ ਰਾਹ ਦਰਸਾਣਗੇ। ਇਹ ਤਾਂ ਇੱਦਾਂ ਹੀ ਹੈ ਜਿੱਦਾਂ ਕੋਈ ਮੰਗਲ ਗ੍ਰਹਿ ਬਾਰੇ ਲੈਕਚਰ ਦੇਵੇ। ਗਿਆ ਨਹੀਂ ਤਾਂ ਦਸੇਗਾ ਕੀ। ਸਿਰਫ਼ ਅਨੁਮਾਨ ਹੀ ਲਾ ਸਕਦਾ ਹੈ। ਗੁਰਬਾਣੀ ਗਿਆਨ ਨਹੀਂ, ਰਹਿਸ ਹੈ। ਰਹਿਸ ਜਣਾਇਆ ਨਹੀਂ, ਜਾਣਿਆ ਜਾਂਦਾ ਹੈ।

ਸਿਧ ਲੋਕ ਸਿਰਫ਼ ਬੁੱਧੀ ਦੀ ਖੇਡ ਖੇਲ ਰਹੇ ਹਨ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਦੇਖਦੇ ਹਨ ਤਾਂ ਭਰੋਸਾ ਹੀ ਨਹੀਂ ਆਂਦਾ ਕਿ ਇਹ ਨੌਜੁਆਨ ਉਸ ਨੂੰ ਜਾਣਦਾ ਹੈ ਜਿਸ ਨੂੰ ਜਾਨਣ ਲਈ ਉਨ੍ਹਾਂ ਨੇ ਜੀਵਨ ਲਾ ਦਿੱਤਾ ਪਰ ਫਿਰ ਵੀ ਜਾਣ ਨਾ ਸਕੇ। ਉਹ ਹੈਰਾਨ ਹੋ ਕੇ ਪੁਛਦੇ ਹਨ ਕਿ ਬਾਲਕ ਤੇਰਾ ਗੁਰੂ ਕੌਣ ਹੈ ਤੇ ਤੇਰੀ ਜੁਗਤੀ ਕੀ ਹੈ।

- **ਫਿਰਿ ਪੁਛਨਿ ਸਿਧਿ ਨਾਨਕਾ! ਮਾਤ ਲੋਕ ਵਿਚਿ ਕਿਆ ਵਰਤਾਰਾ?** (ਭਾਈ ਗੁਰਦਾਸ)

ਇਸ ਲਈ ਭਾਰਤੀ ਗ੍ਰੰਥਾਂ ਵਿਚ ਇਸ ਗਿਆਨ ਨੂੰ 'ਦਰਸ਼ਨ' ਕਿਹਾ ਗਿਆ ਹੈ। ਚਿੰਤਨ-ਮਨਨ ਨਹੀਂ, ਪੜ੍ਹਨ-ਪਠਣ ਨਹੀਂ, ਸੋਚ-ਵਿਚਾਰ ਨਹੀਂ। ਦਰਸ਼ਨ ਕਿਹਾ ਹੈ, ਜਿਸ ਨੇ ਪ੍ਰਭੂ ਦਾ ਆਮ੍ਹਣੇ-ਸਾਮ੍ਹਣੇ ਹੋ ਕੇ ਦਰਸ਼ਨ ਕਰ ਲਿਆ। ਜਿਸ ਨੇ ਕਿਆਸ ਦੇ ਘੋੜੇ ਨਹੀਂ ਦੌੜਾਏ ਬਲਕਿ ਦੇਖ ਲਿਆ।

- **ਦਰਸਨੁ ਦੇਖਿ ਭਈ ਮਤਿ ਪੂਰੀ॥ ਅਠਸਠਿ ਮਜਨੁ ਚਰਨਹ ਧੂਰੀ॥** (ਅੰਗ 224)
- **ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥** (ਅੰਗ 1218)
- **ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥** (ਅੰਗ 1370)
- **ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥** (ਅੰਗ 1392)
- **ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥** (ਅੰਗ 967)

ਦਰਸ਼ਨ ਇਕ ਅੰਨ੍ਹੇ ਨੂੰ ਅੱਖਾਂ ਦੇਣ ਸਮਾਨ ਹੈ। ਇਹ ਆਪੇ ਸਵਾਲ ਕਰਕੇ ਆਪੇ ਜੁਆਬ ਲੱਭਣਾ ਨਹੀਂ ਹੈ ਬਲਕਿ ਸੁਆਲ-ਜੁਆਬ ਦਾ ਸਿਲਸਿਲਾ ਖ਼ਤਮ ਕਰਨ ਤੁਲ ਹੈ। ਦਰਸ਼ਨ ਬਾਅਦ ਆਪੇ ਹੀ ਸਾਰੇ ਸੁਆਲ ਮਿਟ ਜਾਂਦੇ ਹਨ। ਕੋਈ ਸੁਆਲ ਨਹੀਂ ਬਚਦਾ। ਸੁਆਲ ਅਸ਼ਾਂਤ ਮਨ ਵਿਚੋਂ ਨਿਕਲਦੇ ਹਨ ਅਤੇ ਅਸ਼ਾਂਤੀ ਫੈਲਾਂਦੇ ਹਨ। ਵਿਚਾਰ ਝੀਲ ਉਪਰ ਚਲਦੀ ਹਵਾ ਵਾਂਗ ਹੈ ਜਿਹੜੀ ਸ਼ਾਂਤ ਝੀਲ ਵਿਚ ਅਸ਼ਾਂਤੀ ਦੀਆਂ ਲਹਿਰਾਂ ਉਠਾਂਦੀ ਰਹਿੰਦੀ ਹੈ। ਜਿੰਨੀ ਦੇਰ ਵਿਚਾਰ ਦੀ ਹਵਾ ਚਲਦੀ ਰਹੇਗੀ ਮਨੁੱਖ ਅਸ਼ਾਂਤ ਰਹੇਗਾ। ਜਦੋਂ ਵਿਚਾਰ ਮਿਟ ਜਾਣਗੇ, ਤਾਂ ਮਨ ਵੀ ਮਿਟ ਜਾਏਗਾ, ਸਿਧੇ ਪ੍ਰਭੂ ਦੇ ਦਰਸ਼ਨ ਹੋਣਗੇ।

ਇਸੇ ਲਈ ਗੁਰਬਾਣੀ ਕਹਿੰਦੀ ਹੈ ਕਿ ਉਸ ਦੀ ਕੁਦਰਤ (ਗਿਆਨ) ਬਾਰੇ ਵਿਚਾਰਾਂ ਰਾਹੀਂ ਨਹੀਂ ਕਿਹਾ ਜਾ ਸਕਦਾ। ਉਹ ਸਿਰਫ਼ ਆਪਾ ਵਾਰਣ ਨਾਲ ਹੀ ਪ੍ਰਾਪਤ ਹੁੰਦਾ ਹੈ – ਬਾਰ ਬਾਰ ਵਾਰਣ ਨਾਲ ਹੁੰਦਾ ਹੈ। ਵਾਰਨਾ ਹੀ ਗਿਆਨ ਹੈ, ਵਾਰਨਾ ਹੀ ਦੁੱਖ ਦਾ ਨਾਸ਼ ਹੈ।

ਦੁੱਖ ਹੈ ਕਿਉਂਕਿ ਸਾਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਨਹੀਂ। ਅਗਿਆਨ ਹੀ ਦੁੱਖ ਹੈ। ਅਗਿਆਨ ਕਾਰਣ ਅਸੀਂ ਦੁੱਖ ਇਕੱਠੇ ਕਰੀ ਜਾਂਦੇ ਹਾਂ ਪਰ ਦੁੱਖ ਦਾ ਕਾਰਣ ਨਹੀਂ ਸਮਝ ਪਾ ਰਹੇ। ਦੁੱਖ ਦੂਰ ਕਰਨ ਦੇ ਉਪਾਵਾਂ ਨਾਲ ਦੁੱਖ ਦੂਰ ਹੋਣ ਵਾਲਾ ਨਹੀਂ। ਇਕ ਦੁੱਖ ਮਿਟੇਗਾ, ਦੂਸਰਾ ਆ ਖਲੋਏਗਾ। ਇਹ ਢੰਗ ਹੀ ਗ਼ਲਤ ਹੈ। ਦੁੱਖਾਂ ਨੂੰ ਨਾ ਮਿਟਾਉ, ਦੁੱਖਾਂ ਦੇ ਕਾਰਣ ਨੂੰ ਮਿਟਾਉ, ਆਪਣੇ ਅਗਿਆਨ ਨੂੰ ਮਿਟਾਉ।

ਸਿਰਫ਼ ਗਿਆਨ ਹਾਸਲ ਕਰ ਲੈਣਾ ਕਾਫ਼ੀ ਨਹੀਂ। ਇਸ ਨੂੰ ਜੀਵਨ ਵਿਚ ਲਿਆਣ ਦਾ ਜਤਨ ਕਰੋ। ਸਭ ਜਾਣਦੇ ਹਨ ਕਿ ਚੋਰੀ ਕਰਨਾ ਪਾਪ ਹੈ। ਚੋਰ ਵੀ ਇਹ ਗਿਆਨ ਰੱਖਦਾ ਹੈ। ਪਰ ਫਿਰ ਵੀ ਉਹ ਚੋਰੀ ਕਰੀ ਜਾਂਦਾ ਹੈ। ਇਕ ਕਰੋੜਪਤੀ ਪੂਨੇ (ਮੁੰਬਈ ਕੋਲ) ਰਹਿੰਦਾ ਹੈ। ਉਹ ਕਈ ਹੋਟਲਾਂ ਦਾ ਮਾਲਕ ਹੈ। ਪਰ ਚੋਰੀ ਕਰਨੋਂ ਨਹੀਂ ਰਹਿ ਸਕਦਾ। ਉਹ ਹਵਾਈ ਜਹਾਜ਼ ਰਾਹੀਂ ਪੂਨੇ ਤੋਂ ਮੁੰਬਈ ਚੋਰੀ ਕਰਨ ਜਾਂਦਾ ਹੈ, ਮੁੰਬਈ ਵਿਚ ਵੱਡੀ ਗੱਡੀ ਕਿਰਾਏ ਤੇ ਲੈ ਕੇ ਘੁੰਮਦਾ ਹੈ ਅਤੇ ਛੋਟੀ ਮੋਟੀ (ਪੰਜ ਸੌ ਹਜ਼ਾਰ ਦੀ) ਚੋਰੀ ਕਰਕੇ ਸ਼ਾਮੀ ਹਵਾਈ ਜਹਾਜ ਰਾਹੀਂ ਪੂਨੇ ਵਾਪਸ ਚਲਾ ਜਾਂਦਾ ਹੈ। ਇਤਫਾਕਨ ਨਾਕਾਬੰਦੀ ਸਮੇਂ ਉਸ ਦੀ ਕਾਰ ਦੀ ਡਿਕੀ ਚੋਂ ਚੌਰੀ ਦੇ ਔਜਾਰ ਮਿਲੇ ਜਿਸ ਕਾਰਨ ਉਹ ਪਕੜਿਆ ਗਿਆ ਅਤੇ ਉਸ ਨੇ ਆਪਣੀਆਂ ਸਾਰੀਆਂ ਚੋਰੀਆਂ ਦਾ ਲੇਖਾ-ਜੋਖਾ ਦੇ ਦਿੱਤਾ। ਪੁਲਿਸ ਹੈਰਾਨ। ਕਰੋੜਪਤੀ ਤੇ ਹਵਾਈ ਜਹਾਜ ਰਾਹੀਂ ਚੋਰੀ ਕਰਨ ਆਂਦਾ ਰਿਹਾ! ਇਸ ਬੰਦੇ ਨੂੰ ਨਾ

ਅਗਿਆਨ ਹੈ ਨਾ ਚੋਰੀ ਦੀ ਲੋੜ ਹੈ। ਪਰ ਸੰਸਕਾਰਾਂ ਤੋਂ ਮਜ਼ਬੂਰ ਹੈ।

ਧਰਮ ਸਿਰਫ਼ ਅਗਿਆਨ ਦੇ ਹਨੇਰੇ ਨੂੰ ਮਿਟਾਣ ਦਾ ਰਾਹ ਦਰਸਾਂਦਾ ਹੈ। ਜਦੋਂ ਲੋਕੀਂ ਸਫ਼ਲ ਨਹੀਂ ਹੁੰਦੇ ਤਾਂ ਕੋਈ ਰਾਹਬਰ ਆਂਦਾ ਹੈ ਤੇ ਨਵਾਂ ਰਾਹ ਦਰਸਾਂਦਾ ਹੈ। ਗਿਆਨ ਇਕੋ ਹੀ ਹੈ ਜਿਸ ਨੂੰ ਹਾਸਲ ਕਰਨਾ ਹੈ ਅਤੇ ਉਹ ਹੈ 'ਦਰਸ਼ਨ' – ਪ੍ਰਭੂ ਦੇ ਦਰਸ਼ਨ।

ਪਰ ਰਾਹ ਬਦਲ ਜਾਂਦੇ ਹਨ। ਯਹੂਦੀਆਂ ਕੋਲ ਗਿਆਨ ਸੀ ਪਰ ਲੋਕੀਂ ਇਸ ਨੂੰ ਜਾਨਣ ਦਾ ਰਾਹ ਭੁੱਲ ਗਏ ਸਨ। ਇਸੇ ਕਾਰਣ ਇਸਾਈ ਤੇ ਬਾਅਦ ਵਿਚ ਇਸਲਾਮ ਧਰਮ ਵਜੂਦ ਵਿਚ ਆਏ। ਇੱਦਾਂ ਹੀ ਹਿੰਦੂਆਂ ਵਿਚ ਜੈਨ-ਬੁੱਧ ਧਰਮ ਤੇ ਫਿਰ ਸਿੱਖ ਧਰਮ ਨੇ ਜਨਮ ਲਿਆ। ਹਰ ਦੱਸਣ ਵਾਲੇ ਦਾ ਆਪਣਾ ਢੰਗ ਹੈ। ਇਸਾਈ ਸੇਵਾ ਤੇ ਜ਼ੋਰ ਦਿੰਦੇ ਹਨ, ਹਿੰਦੂ ਧਿਆਨ ਤੇ ਅਤੇ ਸਿੱਖ ਪਿਆਰ ਤੇ। ਸਿੱਖੀ ਵਿਚ ਗੁਰੂ ਨਾਲ ਸੱਚਾ-ਸੁੱਚਾ ਪਿਆਰ ਹੀ ਦਰਸ਼ਨ-ਮਾਰਗ ਹੈ, ਜਾਣ ਕੇ ਮੰਨਣ ਦਾ ਰਾਹ ਹੈ।

ਆਤਮਾ ਪ੍ਰਮਾਤਮਾ ਦੀ ਪਰਛਾਈ ਵਾਂਗ ਹੈ। ਪਰ ਸਰੀਰ ਤੇ ਆਤਮਾ ਵਿਚਕਾਰ ਮਨ ਆ ਖਲੋਤਾ ਹੈ। ਜਿੱਦਾਂ ਸੂਰਜ ਤੇ ਧਰਤੀ ਵਿਚਕਾਰ ਚੰਨ ਦੇ ਆਣ ਕਾਰਣ ਕਈ ਵਾਰੀਂ ਸਾਨੂੰ ਸੂਰਜ ਦਾ ਪ੍ਰਕਾਸ਼ ਨਹੀਂ ਦਿਸਦਾ, ਇੱਦਾਂ ਹੀ ਸਰੀਰ ਤੇ ਆਤਮਾ ਵਿਚਕਾਰ ਮਨ ਦੇ ਬਣੇ ਰਹਿਣ ਕਾਰਣ ਸਾਡੀ ਆਤਮਾ ਨੂੰ ਪ੍ਰਮਾਤਮਾ ਦਾ ਪ੍ਰਕਾਸ਼ ਨਹੀਂ ਦਿਸਦਾ। ਸਿਆਣਿਆਂ ਨੇ ਮਨ ਨੂੰ ਚੰਨ ਕਿਹਾ ਹੈ ਕਿਉਂਕਿ ਇਹ ਸਾਡੇ ਲਈ ਸਦੀਵੀ ਸੂਰਜ-ਗ੍ਰਹਿਣ ਬਣਾਈ ਰੱਖਦਾ ਹੈ। ਮਨ ਹਟੇਗਾ ਤਾਂ ਹੀ ਗ੍ਰਹਿਣ ਵੀ ਹਟੇਗਾ ਅਤੇ ਪ੍ਰਮਜੋਤ ਦੇ ਦਰਸ਼ਨ ਹੋਣਗੇ। ਗੁਰਮਤਿ ਵਿਚ ਮਨ ਨੂੰ ਹਟਾਣ, ਸੂਰਜ ਗ੍ਰਹਿਣ ਮਿਟਾਣ ਦਾ ਗਾਡੀ ਰਾਹ ਹੈ। ਆਪਣੀ ਮਰਜ਼ੀ ਨੂੰ ਵਿਚੋਂ ਹਟਾ ਲੈਣਾ ਅਤੇ ਜੋ ਵਾਹਿਗੁਰੂ ਨੂੰ ਭਾਵੇ ਉਸੇ ਨੂੰ ਹੀ ਸਹੀ ਸਮਝਣਾ। ਪ੍ਰਭੂ ਨੂੰ ਕੀ ਭਾਂਦਾ ਹੈ ਇਸ ਦਾ ਜ਼ਿਕਰ ਗੁਰਬਾਣੀ ਵਿਚ ਅਨੇਕਾਂ ਥਾਈਂ ਹੈ। ਬਸ ਉਸੇ ਨੂੰ ਹੀ ਆਪਣੀ ਕਿਸ਼ਤੀ ਸਮਝ ਲਉ। ਬੇੜਾ ਪਾਰ ਹੋ ਜਾਏਗਾ। –

– **ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂੰ ਸਦਾ ਸਲਾਮਤਿ ਨਿਰੰਕਾਰ॥** (ਅੰਗ 3)

ਅ) ਵਾਰਿਆ ਨ ਜਾਵਾ ਏਕ ਵਾਰ

ਵਾਰਨ ਜਾਂ ਬਾਰਨ ਦੇ ਅਰਥ ਹਨ ਕੁਰਬਾਨੀ ਜਿੱਦਾਂ "**ਬਾਰ ਦੀਉ ਗੁਰ ਪੈ ਸਰਬੰਸ॥**"

ਇਕ ਪੁਰਾਣੀ ਕਥਾ ਹੈ। ਹਜ਼ਰਤ ਇਬਰਾਹੀਮ ਨੂੰ ਖ਼ੁਦਾ ਨੇ ਕਿਹਾ ਕਿ ਤੂੰ ਮੇਰੇ ਦਰਸ਼ਨ ਕਰਨੇ ਹਨ ਤਾਂ ਆਪਣੀ ਸਭ ਤੋਂ ਪਿਆਰੀ ਚੀਜ਼ ਮੇਰੇ ਤੇ ਕੁਰਬਾਨ ਕਰ ਦੇ। ਉਹ ਆਪਣੇ 9 ਕੁ ਸਾਲ ਦੇ ਪੁੱਤਰ ਨੂੰ ਬਹੁਤ ਪਿਆਰ ਕਰਦਾ ਸੀ। ਹਜ਼ਰਤ ਇਬਰਾਹੀਮ ਉਸ ਨੂੰ ਕੁਰਬਾਨ ਕਰਨ ਲਈ ਲੈ ਆਇਆ ਕਿਉਂਕਿ ਇਹੀ ਉਸ ਨੂੰ ਸਭ ਤੋਂ ਜ਼ਿਆਦਾ ਪਿਆਰਾ ਸੀ। ਜਦੋਂ ਉਸ ਨੇ ਪੁੱਤਰ ਨੂੰ ਮਾਰਨ ਲਈ ਤਲਵਾਰ ਚੁਕੀ ਤਾਂ ਖ਼ੁਦਾ ਨੇ ਕਿਹਾ "ਰੁਕ ਜਾ। ਤੇਰੀ ਕੁਰਬਾਨੀ ਮੰਜ਼ੂਰ ਹੋਈ। ਹੁਣ ਤੂੰ ਪੁੱਤਰ ਦੀ ਥਾਂ ਕਿਸੇ ਬਕਰੇ ਨੂੰ ਕੁਰਬਾਨ ਕਰ ਦੇ।" ਇੱਥੋਂ ਹੀ ਮੁਸਲਮਾਨਾਂ ਵਿਚ ਈਦ ਵਾਲੇ ਦਿਨ ਬਕਰੇ ਕੁਰਬਾਨ ਕੀਤੇ ਜਾਂਦੇ ਹਨ। ਇਸ ਕਥਾ ਤਹਿਤ ਜਦੋਂ ਕਿਸੇ ਨੂੰ ਕੋਈ ਖ਼ੁਸ਼ੀ ਮਿਲਦੀ ਹੈ ਜਿੱਦਾਂ ਨੌਕਰੀ, ਵਿਉਪਾਰ, ਸ਼ਾਦੀ, ਲੜਕੇ ਦੀ ਪੈਦਾਇਸ਼ ਆਦਿ, ਤਾਂ ਲੋਕੀਂ ਆਪਣੀ ਹੈਸੀਅਤ ਅਨੁਸਾਰ ਕੁਝ ਨਾ ਕੁਝ ਵਾਰਨਾ ਕਰਦੇ ਹਨ।

ਬੀਮਾਰੀ ਦੂਰ ਹੁੰਦੀ ਹੈ ਤਾਂ ਅਸੀਂ ਕੁਝ ਧਨ ਵਾਰਨਾ ਕਰਦੇ ਹਾਂ, ਵਹੁਟੀ ਘਰ ਆਂਦੀ ਹੈ ਤਾਂ ਅਸੀਂ ਗ਼ਰੀਬਾਂ ਨੂੰ ਕੁਝ ਦਿੰਦੇ ਹਾਂ। ਵਿਆਹ-ਸ਼ਾਦੀ ਹੋਏ ਜਾਂ ਘਰ ਬੱਚਾ ਪੈਦਾ ਹੋਏ ਤਾਂ ਖੁਸਰੇ ਆ ਘੇਰਦੇ ਹਨ। ਅਸੀਂ ਖ਼ੁਸ਼ੀ ਵਿਚ ਇਨ੍ਹਾਂ ਨੂੰ ਮਾਲ-ਧਨ ਵਾਰਨਾ ਕਰਦੇ ਹਾਂ। ਭਾਵੇਂ, ਹੁਣ ਖੁਸਰਿਆਂ ਨੇ ਇਸ ਵਾਰਨੇ ਨੂੰ ਆਪਣਾ ਹੱਕ ਮਿਥ ਲਿਆ ਹੈ ਅਤੇ ਘਰਾਂ ਵਿਚ ਵੜ ਕੇ ਕਈ ਵਾਰੀਂ ਖ਼ੁਸ਼ੀ ਦਾ ਮਾਹੌਲ ਖਰਾਬ ਕਰ ਦੇਂਦੇ ਹਨ। ਕਿਸੇ ਦੀ ਹੈਸੀਅਤ ਤੋਂ ਵੱਧ ਮੰਗਦੇ ਹਨ, ਜੋੜ-ਤੋੜ ਕਰਦੇ ਹਨ, ਇੱਥੋਂ ਤੱਕ ਕਿ ਗਾਲ੍ਹਾ ਕਢਦੇ ਹਨ ਤੇ ਹਾਥਾ-ਪਾਈ ਤੱਕ ਵੀ ਪਹੁੰਚ ਜਾਂਦੇ ਹਨ। ਖ਼ੈਰ, ਖ਼ੁਸ਼ੀ ਵਿਚ ਵਾਰਨਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਕਵੀ ਲਿਖਦਾ ਹੈ –

– **ਬਾਰ ਦੀਨੇ ਚਾਰ ਸੁਤ, ਕੌਮ ਕੋ ਉਧਾਰ ਲੀਨੋ॥**

ਜਦੋਂ ਮੂਰਤੀਆਂ ਬਣ ਗਈਆਂ ਤਾਂ ਲੋਕੀਂ ਆਪਣੇ ਇਸ਼ਟ ਅੱਗੇ ਭੇਟਾ (ਵਾਰਨੇ) ਕਰਨ ਲੱਗੇ। ਫਿਰ ਹੌਲੀਂ ਹੌਲੀਂ ਇਸ ਮੂਰਤੀ ਦੇ ਆਲੇ-ਦੁਆਲੇ ਘੁੰਮਣ ਲੱਗੇ ਤੇ ਬਾਅਦ ਵਿਚ ਇਸ਼ਟ ਅਗੇ ਭੇਟਾ ਰੱਖਣ ਲੱਗੇ। ਜਦੋਂ ਆਲੇ-ਦੁਆਲੇ ਘੁੰਮਣ ਲੱਗੇ ਤਾਂ ਨਾਲ ਹੀ ਮਰਿਯਾਦਾ ਵੀ ਰੱਖ ਦਿੱਤੀ। ਇਸ਼ਟ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪਰਿਕਰਮਾ ਕਰੋ, ਐਨੀਆਂ ਪਰਿਕਰਮਾ ਕਰੋ, ਆਦਿ। ਕੁਰਬਾਨ

ਕਰਨ ਵਾਲੀ ਵਸਤੂ ਨੂੰ ਪਹਿਲਾਂ ਆਪਣੇ ਇਸ਼ਟ ਦੇ ਆਲੇ-ਦੁਆਲੇ ਘੁਮਾਇਆ ਜਾਂਦਾ ਸੀ। ਹਿੰਦੂ ਥਾਲੀ ਵਿਚ ਨਕਦੀ ਤੇ ਫਲ-ਫਰੂਟ ਰੱਖ ਕੇ ਥਾਲੀ ਨੂੰ ਆਪਣੇ ਇਸ਼ਟ ਦੇ ਆਲੇ-ਦੁਆਲੇ ਘੁਮਾਂਦੇ ਹਨ - ਇਕ ਵਾਰੀਂ ਪੈਰ ਤੇ, ਦੋ ਵਾਰੀਂ ਪੇਟ ਤੇ ਚਾਰ ਵਾਰੀਂ ਸਿਰ ਤੇ। ਕਈ ਸਤ ਵਾਰੀਂ ਪੂਰੀ ਮੁਰਤੀ ਦੇ ਆਲੇ-ਦੁਆਲੇ ਘੁਮਾਂਦੇ ਹਨ। ਫਿਰ ਥਾਲੀ ਵਿਚ ਰਖਿਆ ਮਾਲ ਪੰਡਿਤ ਨੂੰ ਦੇ ਦਿੱਤਾ ਜਾਂਦਾ ਹੈ।

ਇੱਦਾਂ ਹੀ ਸ਼ਾਦੀ ਸਮੇਂ ਇਸ਼ਟ ਦੇ ਆਲੇ-ਦੁਆਲੇ ਸਤ ਚੱਕਰ ਲਾਏ ਜਾਂਦੇ ਹਨ ਤੇ ਹਰ ਚੱਕਰ ਬਾਅਦ ਕੁਝ ਭੇਟਾ ਕੀਤੀ ਜਾਂਦੀ ਹੈ। ਸਿੱਖ ਚਾਰ ਫੇਰੇ ਲੈਂਦੇ ਹਨ। ਇਸ ਨੂੰ ਘੋਲ-ਘੁਮਾਣਾ' ਵੀ ਕਹਿੰਦੇ ਹਨ।

ਇਸ ਸ਼ਬਦ ਵਿਚ ਗੁਰੂ ਜੀ ਕਹਿੰਦੇ ਹਨ ਕਿ ਲੋਕੀਂ ਸਤ-ਸਤ, ਚਾਰ-ਚਾਰ ਵਾਰੀਂ ਆਪਣੇ ਇਸ਼ਟ ਉੱਪਰ ਵਾਰੀ ਜਾਂਦੇ ਹਨ, ਕੁਰਬਾਨ ਹੁੰਦੇ ਹਨ। ਪਰ ਮੈਂ ਜਾਂ ਮੇਰੀ ਹਸਤੀ ਤਾਂ ਐਨੀ ਵੀ ਨਹੀਂ ਕਿ ਮੈਂ ਤੇਰੇ ਤੇ ਇਕ ਵਾਰ ਵੀ ਕੁਰਬਾਨ ਹੋ ਸਕਾਂ। ਤੂੰ ਐਨਾ ਕੁਝ ਬਖ਼ਸ਼ਿਆ ਹੈ ਤੇ ਮੇਰੀ ਸਾਰੀ ਹਸਤੀ ਨਾ-ਕੁਛ ਦੇ ਬਰਾਬਰ ਹੈ। ਮੇਰੀ ਕੋਈ ਹਸਤੀ ਹੀ ਨਹੀਂ ਕਿ ਮੈਂ ਤੇਰਾ ਸ਼ੁਕਰਾਨਾ ਕਰ ਸਕਾਂ। ਮੇਰੇ ਕੋਲ ਭੇਟਾ ਕਰਨ ਲਈ ਕੁਝ ਵੀ ਨਹੀਂ।

ਅਸੀਂ ਧਨ-ਦੌਲਤ ਤਾਂ ਭੇਟਾ ਕਰ ਸਕਦੇ ਹਾਂ ਪਰ ਆਪਣਾ ਮਨ ਭੇਟਾ ਨਹੀਂ ਕਰ ਸਕਦੇ ਜਿਹੜਾ ਸਾਨੂੰ ਸਭ ਤੋਂ ਜ਼ਿਆਦਾ ਪਿਆਰਾ ਹੈ। ਲੋਕੀਂ ਘੋੜੇ, ਹਾਥੀ, ਸੋਨਾ, ਵਹੁਟੀ, ਜ਼ਮੀਨ, ਆਪਣੇ ਭਾਰ ਬਰਾਬਰ ਸੋਨਾ ਜਾਂ ਆਪਣੇ ਆਪ ਨੂੰ ਵੀ ਦਾਨ ਕਰਦੇ ਹਨ। ਪਰ ਪ੍ਰਭੂ ਦਾ ਨਾਂ ਨਹੀਂ ਲੈਂਦੇ। ਗੁਰਮਤਿ ਹੈ ਪ੍ਰਭੂ ਦੇ ਨਾਮ ਬਰਾਬਰ ਹੋਰ ਕੁਝ ਨਹੀਂ-

- **ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨੁ ਐਸੋ ਦਾਨੁ ਨਿਤ ਨਿਤਹਿ ਕੀਜੈ॥**
- **ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ॥** (ਅੰਗ 973)

ਹਜ਼ਰਤ ਇਬਰਾਹੀਮ ਨੇ ਆਪਣੇ ਪੁੱਤਰ ਦੀ ਕੁਰਬਾਨੀ ਦੇਣ ਦੀ ਤਿਆਰੀ ਕੀਤੀ ਸੀ। ਪਰ ਸਿੱਖ ਕਹਿੰਦਾ ਹੈ ਕਿ ਮੈਂ ਆਪਣੀ ਕੁਰਬਾਨੀ ਦੇਣ ਨੂੰ ਤਿਆਰ ਹਾਂ ਜੇ ਕੋਈ ਮੈਨੂੰ ਮੇਰਾ ਸੱਚਾ ਪ੍ਰਭੂ ਮਿਲਾ ਦੇਵੇ-

- **ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ॥** (ਅੰਗ 1423)

ੲ) ਜੋ ਤੁਧੁ ਭਾਵੈ ਸਾਈ ਭਲੀ ਕਾਰ

ਗੁਰਮਤਿ ਵਿਚ ਭਾਣੇ ਵਿਚ ਰਹਿਣ ਦਾ ਬਹੁਤ ਮਹੱਤਵ ਹੈ, ਬਲਕਿ ਤਾਂ ਮੈਂ ਕਹਾਂਗਾ ਕਿ ਬੰਧਨ ਤੋਂ ਮੁਕਤੀ ਦਾ ਰਾਹ ਹੀ ਭਾਣੇ ਵਿਚ ਰਹਿਣਾ ਹੈ।

- **ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥** (ਅੰਗ 37)
- **ਜੋ ਤੁਧੁ ਭਾਵੈ ਸੋ ਪਰਵਾਣੁ॥ ਤੇਰੇ ਭਾਣੈ ਨੋ ਕੁਰਬਾਣੁ॥** (ਅੰਗ 676)
- **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** (ਅੰਗ 1)

ਪਰ ਮਨੁੱਖ ਪਹਿਲੀ ਤੁਕ (ਜੋ ਤੁਧੁ ਭਾਵੈ) ਨੂੰ ਭੁੱਲ ਜਾਂਦਾ ਹੈ ਅਤੇ ਦੂਸਰੀ ਤੁਕ (ਤੂ ਸਦਾ ਸਲਾਮਤ ਨਿਰੰਕਾਰ) ਨੂੰ ਪਕੜ ਲੈਂਦਾ ਹੈ। ਪਹਿਲੀ ਤੁਕ ਵਿਚ ਸਮਝਣ-ਜਾਨਣ ਵਾਲਾ ਕੁਝ ਨਹੀਂ, ਸਿਰਫ਼ ਕਰਨ ਤੇ ਜ਼ੋਰ ਹੈ। ਇਸ ਕਰਨ ਵਿਚ ਬੰਧਨ ਹੈ। ਮਨੁੱਖ ਆਪਣੇ ਨੂੰ ਬਨ੍ਹਣਾ ਨਹੀਂ ਚਾਹੁੰਦਾ। ਇਸ ਲਈ ਉਹ ਬੰਧਨ-ਮੁਕਤ ਰਾਹ ਲੱਭਦਾ ਹੈ, ਉਹ ਰਾਹ ਜਿਸ ਵਿਚ ਕਰਨਾ ਕੁਝ ਨਾ ਪਵੇ ਜਾਂ ਉਪਰੋਂ ਉਪਰੋਂ ਕਰਨਾ ਪਵੇ। ਮਨੁੱਖ ਦੀ ਇਸ ਲੋੜ ਦੀ ਪੂਰਤੀ ਲਈ ਸਿਆਣਿਆਂ ਨੇ ਧਿਆਨ ਦਾ ਰਾਹ ਸਮਝਾਇਆ ਹੈ, ਗਿਆਨ ਦਾ ਰਾਹ ਦਰਸਾਇਆ ਹੈ। ਧਿਆਨ ਦੇ ਮੁੱਖ ਦਸਣਹਾਰ ਪਤਾਂਜਲੀ (ਹਿੰਦੂ), ਬੁੱਧ (ਬੁੱਧ) ਤੇ ਮਹਾਵੀਰ (ਜੈਨ) ਹਨ। ਇਹ ਧਿਆਨ ਦੀਆਂ ਵੱਖ-ਵੱਖ ਵਿਧੀਆਂ ਦਸਦੇ ਹਨ। ਪਤਾਂਜਲੀ ਦਾ ਯੋਗ ਅੱਠ ਭਾਗਾਂ ਦਾ ਹੈ। ਉਹ ਕਈ ਪ੍ਰਕਾਰ ਦੇ ਕਰਮ ਕਰਨ ਤੇ ਕਈ ਪ੍ਰਕਾਰ ਦੇ ਨਾ ਕਰਨ ਲਈ ਦਸਦਾ ਹੈ। ਜੈਨ ਧਰਮ ਅਪਗ੍ਰਿਹ (ਤਿਆਗ) ਦੀ ਸਿਖਿਆ ਦੇਂਦਾ ਹੈ ਅਤੇ ਬੁੱਧ ਕਰਮ ਤੇ ਤਿਆਗ ਦੋਹਾਂ ਤੇ ਜ਼ੋਰ ਪਾਂਦਾ ਹੈ। ਗੁਰਮਤਿ ਇਕ ਸੱਚਾ ਧਰਮ ਹੈ ਜਿਹੜਾ ਨਾ ਜੋਗ ਹੈ ਨਾ ਤਿਆਗ। ਗੁਰਮਤਿ ਹੈ ਸੰਸਾਰ ਵਿਚ ਵਿਚਰਦਿਆਂ ਹੋਇਆਂ ਇਸ ਤੋਂ ਅਲਿਪਤ ਰਹੋ-

- **ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥**
  **ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਙੀ ਵਾਈਐ॥**
  **ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ**

**ਪਾਈਐ॥** (ਅੰਗ 730)

- **ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥ ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥** (ਅੰਗ 1413)
- **ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥** (ਅੰਗ 324)
- **ਜੈਨ ਮਾਰਗ ਸੰਜਮ ਅਤਿ ਸਾਧਨ॥** (ਅੰਗ 265)

ਸਿਰ ਦਾ ਇਕ ਇਕ ਵਾਲ ਪੁਟਾਣਾ, ਬਸਤ੍ਰ ਨਾ ਪਾਣੇ, ਨੰਗੇ ਪੈਰੀ ਫਿਰਨਾ, ਮੂੰਹ ਤੇ ਪੱਟੀ ਬੰਨ੍ਹਣੀ, ਆਦਿ ਜੈਨੀਆਂ ਦੇ ਕਰਮ ਗੁਰਮਤਿ ਵਿਚ ਪ੍ਰਵਾਨ ਨਹੀਂ।

ਅਸਲ ਵਿਚ ਇਹ ਕਰਮ ਇਸ ਕਰਕੇ ਕੀਤੇ ਜਾਂਦੇ ਹਨ ਤਾਂਕਿ ਸਾਡਾ ਮਨ ਇਨ੍ਹਾਂ ਨੂੰ ਕਰ ਕਰ ਕੇ ਥੱਕ ਜਾਏ ਅਤੇ ਪ੍ਰਭੂ ਦੇ ਹੁਕਮ ਨੂੰ ਸੁਨਣ ਲਈ ਤਿਆਰ ਹੋ ਜਾਏ। ਕਿਸੇ ਬੱਚੇ ਨੂੰ ਸ਼ਾਂਤ ਕਰਾਣਾ ਹੋਏ ਤਾਂ ਉਸ ਨੂੰ ਗੋਲ ਮੋਲ ਘੁੰਮਣ ਲਈ ਕਹਿ ਦੇਈਦਾ ਹੈ ਜਾਂ ਕੋਈ ਐਸਾ ਕੰਮ ਦੇ ਦੇਈਦਾ ਹੈ ਜਿਸ ਨੂੰ ਕਰ ਕਰਕੇ ਉਹ ਥੱਕ ਜਾਏ ਤੇ ਸ਼ਾਂਤ ਹੋ ਕੇ ਬੈਠ ਜਾਏ। ਇਸ ਦੇ ਬਾਅਦ ਹੀ ਉਹ ਕੋਈ ਗੱਲ ਧਿਆਨ ਨਾਲ ਸੁਨਣ ਲਈ ਰਾਜ਼ੀ ਹੋਏਗਾ, ਨਹੀਂ ਤਾਂ ਤੁਸੀਂ ਕੁਝ ਕਹੋਗੇ ਉਹ ਕੁਝ ਸੁਣੇਗਾ ਜਾਂ ਸੁਣੇਗਾ ਹੀ ਨਹੀਂ। ਇੱਦਾਂ ਹੀ ਸਭ ਵਿਧੀਆਂ ਸਾਡੇ ਮਨ ਨੂੰ ਥਕਾ ਕੇ ਸ਼ਾਂਤ ਕਰਨ ਲਈ ਹਨ। ਪਰ ਗੁਰਮਤਿ ਹੈ ਕਿ ਗੁਰੂ ਦੀ ਸ਼ਰਨ ਚਲੇ ਜਾਉ ਹੋਰ ਕਿਸੀ ਵਿਧੀ ਨੂੰ ਪਕੜਨ ਦੀ ਲੋੜ ਨਹੀਂ। ਗੁਰੂ ਆਪੇ ਸੰਭਾਲ ਲਵੇਗਾ –

- **ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ॥** (ਭਾਈ ਗੁਰਦਾਸ)

ਗੁਰੂ ਅੰਗਦ ਦੇਵ ਜੀ ਨੇ ਜਾਂ ਗੁਰੂ ਅਮਰਦਾਸ ਜੀ ਨੇ ਕਿਹੜੀ ਵਿਧੀ ਅਪਨਾਈ ਸੀ, ਸਿਰਫ਼ ਗੁਰੂ ਦੀ ਸ਼ਰਨ ਹੀ ਤਾਂ ਗਏ ਸਨ ਅਤੇ ਗੁਰੂ ਰੂਪ ਬਣ ਗਏ ਸਨ। ਗੁਰੂ ਅਮਰਦਾਸ ਜੀ ਨੂੰ ਤਾਂ ਜਾਗ ਹੀ ਉਦੋਂ ਆਈ ਸੀ ਜਦੋਂ ਕਿਸੇ ਸਾਧੂ ਨੇ ਕਿਹਾ ਸੀ 'ਨਿਗੁਰੇ ਦਾ ਸੰਗ ਬੁਰਾ॥'

ਇਹ ਵਿਧੀਆਂ ਗੋਰਖ-ਧੰਧੇ ਸਨ। ਗੁਰੂ ਗੋਰਖ ਨਾਥ ਨੇ ਐਨੀਆਂ ਵਿਧੀਆਂ ਦਸੀਆਂ ਸਨ ਕਿ ਲੋਕੀਂ ਇਨ੍ਹਾਂ ਨੂੰ ਸਮਝਣ ਤੇ ਕਰਨ ਵਿਚ ਹੀ ਉਲਝ ਗਏ ਸਨ। ਇਸੇ ਲਈ ਜਦੋਂ ਕੋਈ ਕੰਮ ਉਲਝਾਣ ਵਾਲਾ ਹੋਏ ਤਾਂ ਲੋਕੀਂ ਕਹਿੰਦੇ ਹਨ 'ਇਹ ਕੀ ਗੋਰਖ-ਧੰਧਾ ਹੈ'। ਐਸੇ ਗੋਰਖ-ਧੰਧਿਆਂ ਵਿਚ ਫਸਣ ਦੀ ਸਿੱਖ ਨੂੰ ਲੋੜ ਨਹੀਂ।

ਵਿਧੀਆਂ, ਜਤਨ ਜਾਂ ਕਰਮਾਂ ਵਿਚ ਪ੍ਰਭੂ ਦੇ ਪ੍ਰਸਾਦਿ ਨੂੰ ਕੋਈ ਥਾਂ ਨਹੀਂ। 'ਮੈਂ ਕਰਮ ਕਰ ਰਿਹਾ ਹਾਂ, ਇਸ ਲਈ ਪ੍ਰਭੂ ਨੂੰ ਪਾ ਲਵਾਂਗਾ'। ਇਹ ਇਕ ਪ੍ਰਕਾਰ ਦਾ ਜ਼ਬਰਦਸਤੀ ਦਾ ਸੌਦਾ ਹੈ। ਜਤਨ ਰਾਹੀਂ ਪ੍ਰਭੂ ਨਹੀਂ ਮਿਲਦਾ, ਜਤਨ ਰਾਹੀਂ ਪ੍ਰਭੂ ਪ੍ਰਸਾਦਿ ਮਿਲ ਸਕਦਾ ਹੈ ਅਤੇ ਪ੍ਰਸਾਦਿ ਰਾਹੀਂ ਪ੍ਰਭੂ ਮਿਲਦਾ ਹੈ। ਪਰ ਕੋਈ ਵੀ ਕਰਮ ਪ੍ਰਸਾਦਿ ਪਾਣ ਲਈ ਕਾਫ਼ੀ ਨਹੀਂ ਕਿਹਾ ਜਾ ਸਕਦਾ। ਇਹ ਨਹੀਂ ਕਿਹਾ ਜਾ ਸਕਦਾ ਕਿ ਮੈਂ ਐਨੇ ਸਾਲ ਕਰਮ ਕੀਤਾ ਇਸ ਲਈ ਮੈਨੂੰ ਐਨਾ ਪ੍ਰਸਾਦਿ ਮਿਲਣਾ ਚਾਹੀਦਾ ਹੈ। ਇਹ ਪ੍ਰਸਾਦਿ ਖਸਮ ਦਾ ਹੈ ਜਿਸ ਨੂੰ ਉਹ ਚਾਹੇਗਾ ਦੇਵੇਗਾ। ਇਸ ਦਾ ਇਹ ਅਰਥ ਨਹੀਂ ਕਿ ਪ੍ਰਭੂ ਮਨ-ਮਰਜ਼ੀ ਕਰਦਾ ਹੈ।

ਇਸ ਦਾ ਇੰਨਾ ਹੀ ਅਰਥ ਹੈ ਕਿ ਅਸੀਂ ਜੋ ਕਾਫ਼ੀ ਸਮਝਦੇ ਹਾਂ ਸ਼ਾਇਦ ਉਹ ਪ੍ਰਭੂ ਦੀ ਨਜ਼ਰ ਵਿਚ ਕਾਫ਼ੀ ਨਾ ਹੋਏ। ਗੁਰੂ ਨਾਨਕ ਦੇਵ ਜੀ ਮਸਤਾਨਾ ਰੂਪ ਧਾਰਨ ਕਰਕੇ ਅਸ਼ਰਫੀਆਂ ਸੁਟਣ ਲੱਗਦੇ ਹਨ। ਕੁਝ ਅਸ਼ਰਫੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਗੁਰੂ ਮਗਰ ਚਲਦੇ ਜਾਂਦੇ ਹਨ। ਉਹ ਸਮਝਦੇ ਹਨ ਕਿ ਸਾਡਾ ਜਤਨ ਕਾਫ਼ੀ ਹੈ ਕਿਉਂਕਿ ਅਸੀਂ ਧਨ ਦੌਲਤ ਦੀ ਪ੍ਰਵਾਹ ਨਹੀਂ ਕੀਤੀ। ਪਰ ਗੁਰੂ ਦੀ ਨਜ਼ਰ ਵਿਚ ਕਾਫ਼ੀ ਨਹੀਂ। ਫਿਰ ਗੁਰੂ ਜੀ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦੇਂਦੇ ਹਨ, ਸਵੈਮਾਨ ਤੇ ਹਮਲਾ ਕਰਦੇ ਹਨ। ਕਈ ਇਸ ਦੀ ਪ੍ਰਵਾਹ ਨਹੀਂ ਕਰਦੇ ਹੋਏ ਗੁਰੂ ਮਗਰ ਚਲੀ ਜਾਂਦੇ ਹਨ। ਉਨ੍ਹਾਂ ਨੇ ਧਨ ਦੀ ਪ੍ਰਵਾਹ ਨਹੀਂ ਕੀਤੀ, ਆਪਣੇ ਮਾਨ-ਸਨਮਾਨ ਦੀ ਪ੍ਰਵਾਹ ਨਹੀਂ ਕੀਤੀ। ਕੀ ਇੱਦਾਂ ਉਹ ਪ੍ਰਸਾਦਿ ਦੇ ਹੱਕਦਾਰ ਬਣ ਗਏ? ਗੁਰੂ ਦੀ ਨਜ਼ਰ ਵਿਚ ਇੰਨੀ ਯਾਤਰਾ ਕਾਫ਼ੀ ਨਹੀਂ ਸੀ। ਆਪ ਜੀ ਹੱਥ 'ਚ ਫੜੇ ਡੰਡੇ ਨਾਲ ਮਾਰਨ ਲੱਗਦੇ ਹਨ। ਸਰੀਰਕ ਮਾਰ ਤੋਂ ਡਰਦੇ ਹੋਏ ਸਭ ਸਿਖ ਭੱਜ ਜਾਂਦੇ ਹਨ। ਸਿਰਫ਼ ਭਾਈ ਲਹਿਣਾ ਹੀ ਬਚਦਾ ਹੈ ਅਤੇ ਉਸੇ ਨੂੰ ਹੀ ਗੁਰੂ ਪ੍ਰਸਾਦਿ ਪ੍ਰਾਪਤ ਹੋ ਜਾਂਦਾ ਹੈ। ਸੋ ਜੋ ਪ੍ਰਯਾਸ ਸਾਡੀ ਸਮਝੇ ਕਾਫ਼ੀ ਹੈ ਉਹ ਜ਼ਰੂਰੀ ਨਹੀਂ ਕਿ ਗੁਰੂ ਦੀ ਨਜ਼ਰ ਵਿਚ ਵੀ ਕਾਫ਼ੀ ਹੋਏ –

- **ਇਹ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥** (ਅੰਗ 947)

ਜਤਨ ਜ਼ਰੂਰ ਕਰੀ ਜਾਣਾ ਹੈ। ਇਹ ਨਹੀਂ ਕਿ

ਥੱਕ ਕੇ ਹਾਰ ਗਏ ਅਤੇ ਨਿਰਣੈ ਲੈ ਲਿਆ ਕਿ ਪ੍ਰਭੂ ਹੈ ਹੀ ਨਹੀਂ। ਜੇ ਹੁੰਦਾ ਤਾਂ ਮਿਲ ਗਿਆ ਹੁੰਦਾ। ਨਹੀਂ ਮਿਲਿਆ, ਇਸ ਲਈ ਉਹ ਹੈ ਹੀ ਨਹੀਂ। ਇਹ ਤਰਕ ਗ਼ਲਤ ਹੈ ਅਤੇ ਪ੍ਰਭੂ ਦੀ ਯਾਤਰਾ ਲਈ ਤਾਂ ਬਿਲਕੁਲ ਹੀ ਗ਼ਲਤ ਹੈ। ਪ੍ਰਭੂ ਰਹਿਸਮਈ ਹੈ ਅਤੇ ਉਸ ਦਾ ਰਹਿਸ ਖੁਲ੍ਹਦੇ ਖੁਲ੍ਹਦੇ ਹੀ ਖੁਲ੍ਹਦਾ ਹੈ, ਆਪਣੇ ਸਮੇਂ ਸਿਰ ਹੀ ਖੁਲ੍ਹਦਾ ਹੈ। ਅਸੀਂ ਸਿਰਫ਼ ਜਤਨ ਕਰ ਸਕਦੇ ਹਾਂ ਤੇ ਉਡੀਕ ਕਰ ਸਕਦੇ ਹਾਂ। ਕਥਾ ਹੈ ਕਿ ਨਾਰਦ ਨੇ ਇਕ ਪੁਰਾਣੇ ਬੁਢੇ ਤਪਸੱਵੀ ਨੂੰ ਕਿਹਾ "ਮੈਂ ਪ੍ਰਭੂ ਕੋਲ ਜਾ ਰਿਹਾ ਹਾਂ, ਕੁਝ ਪੁਛਣਾ ਹੈ?" ਉਸ ਕਿਹਾ "ਪਤਾ ਕਰਨਾ ਕਿੰਨੀ ਉਡੀਕ ਹੋਰ ਕਰਨੀ ਪਵੇਗੀ।" ਇਹੀ ਸਵਾਲ ਉਸ ਨੇ ਇਕ ਨੌਜਵਾਨ ਨੂੰ ਵੀ ਪੁਛਿਆ ਪਰ ਉਸ ਨੇ ਸਵਾਲ ਵੱਲ ਕੋਈ ਧਿਆਨ ਹੀ ਨਾ ਦਿੱਤਾ। ਵਾਪਸੀ ਵਿਚ ਨਾਰਦ ਨੇ ਉਸ ਬੁਢੇ ਨੂੰ ਕਿਹਾ "ਤੈਨੂੰ ਹਲੀਂ 10 ਸਾਲ ਹੋਰ ਤਪਸਿਆ ਕਰਨੀ ਪਵੇਗੀ।" ਸਾਧੂ ਉਦਾਸ ਹੋ ਗਿਆ। ਐਨੀ ਮਿਹਨਤ ਪਹਿਲਾਂ ਹੀ ਕਰ ਚੁਕਾ ਹਾਂ ਅਤੇ ਹਲੀਂ ਦਸ ਸਾਲ ਹੋਰ। ਨਾਰਦ ਨੇ ਨੌਜੁਆਨ ਨੂੰ ਕਿਹਾ "ਤੂੰ ਪੁੱਛਿਆ ਤਾਂ ਨਹੀਂ ਸੀ ਪਰ ਮੈਂ ਪਤਾ ਕੀਤਾ ਹੈ ਤੈਨੂੰ ਹਲੀਂ 10 ਜਨਮ ਹੋਰ ਲਗਣਗੇ ਫਿਰ ਪ੍ਰਭੂ ਮਿਲੇਗਾ"। ਉਹ ਖ਼ੁਸ਼ੀ ਨਾਲ ਨਚਣ ਲੱਗਾ, "ਪ੍ਰਭੂ ਨੇ ਮੇਰੀ ਮਿਹਨਤ ਪ੍ਰਵਾਨ ਕੀਤੀ। ਦਸ ਜਨਮਾਂ ਬਾਅਦ ਮਿਲਣ ਦਾ ਭਰੋਸਾ ਦੁਆਇਆ, ਬੜਾ ਦਿਆਲੂ ਹੈ ਮੇਰਾ ਪ੍ਰਭੂ। ਮੇਰੀ ਕੀ ਪਾਤਰਤਾ। ਉਸ ਦੀ ਅਪਾਰ ਬਖ਼ਸ਼ਸ਼। ਮੇਰੇ ਧਨ ਭਾਗ!" ਇਕ ਨੂੰ ਦਸ ਸਾਲ ਵੀ ਭਾਰੀ ਪੈ ਰਹੇ ਹਨ ਅਤੇ ਦੂਸਰਾ ਦਸ ਜਨਮ ਦੀ ਲੰਬੀ ਉਡੀਕ ਨੂੰ ਪ੍ਰਭੂ ਪ੍ਰਸਾਦਿ ਮੰਨ ਰਿਹਾ ਹੈ। ਉਸ ਦੀ ਬਖ਼ਸ਼ਸ਼, ਮੇਰਾ ਕੀ ਗੁਣ। ਇਸ ਲਈ ਗੁਰਬਾਣੀ ਕਰਮ ਦੇ ਨਾਲ ਨਾਲ ਉਸ ਦੀ ਬਖ਼ਸ਼ਸ਼ ਤੇ ਵੀ ਜ਼ੋਰ ਪਾਂਦੀ ਹੈ-

- **ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥** (ਅੰਗ 261)
- **ਗੁਰਿ ਪੂਰੈ ਪੂਰੀ ਕੀਨੀ॥ ਬਖਸ ਅਪੁਨੀ ਕਰਿ ਦੀਨੀ॥** (ਅੰਗ 628)
- **ਗੁਰ ਕੇ ਚਾਕਰ ਠਾਕੁਰ ਭਾਣੇ॥ ਬਖਸਿ ਲੀਏ ਨਾਹੀ ਜਮ ਕਾਣੇ॥** (ਅੰਗ 1190)

ਗੁਰਮਤਿ ਮਧਿ ਦਾ ਮਾਰਗ ਹੈ। ਨਾ ਅਸੀਂ ਕਰਮ ਛਡਣੇ ਹਨ ਕਿ ਜਦੋਂ ਕ੍ਰਿਪਾ ਹੋਏਗੀ ਤਾਂ ਆਪੇ ਹੀ ਪ੍ਰਭੂ ਨਾਮ ਜਪਾ ਲਵੇਗਾ ਅਤੇ ਨਾ ਹੀ ਹਉਮੈ ਅਧੀਨ ਕਰਮ ਛੱਡ ਦੇਣੇ ਹਨ ਕਿ ਨਹੀਂ ਮਿਲਿਆ ਤਾਂ ਨਾ ਸਹੀ, ਕੀ ਮਿਹਨਤ ਕਰਨੀ ਹੈ। ਸਿੱਖ ਨੇ ਕਰਮ ਕਰਨੇ ਹਨ ਅਤੇ ਪ੍ਰਭੂ ਦੇ ਪ੍ਰਸਾਦਿ ਦੀ ਉਡੀਕ ਕਰਨੀ ਹੈ।

ਕਿਸੇ ਪੁਛਿਆ "ਤੁਹਾਡੀ ਸਫ਼ਲਤਾ ਦਾ ਰਾਜ ਕੀ ਹੈ?" "ਠੀਕ ਨਿਰਣੈ।" "ਇਹ ਕਿੱਦਾਂ ਲਿਆ ਜਾਂਦਾ ਹੈ?" "ਗਲਤੀਆਂ ਕਰ-ਕਰ ਕੇ ਅਨੁਭਵ ਲੈਣ ਤੋਂ।"

ਗੁਰਮਤਿ ਸਾਨੂੰ ਵਿਧੀਆਂ ਦੇ ਗੋਰਖ-ਧੰਧੇ ਵਿਚ ਨਹੀਂ ਉਲਝਾਂਦੀ। ਇਹ ਸਿੱਧਾ ਸਾਦਾ ਰਾਹ ਦਰਸਾਂਦੀ ਹੈ। ਉਹ ਹੈ ਤੁਕ ਦਾ ਪਹਿਲਾ ਹਿੱਸਾ "ਜੋ ਤੁਧ ਭਾਵੈ"। ਹੋਰ ਕਿਸੇ ਪ੍ਰਕਾਰ ਦੇ ਕਾਰ ਦੀ ਲੋੜ ਨਹੀਂ। ਬਸ ਉਹੀ ਕਾਰ ਕਮਾਉ, ਜੋ ਪ੍ਰਭੂ ਨੂੰ ਭਾਵੇ। ਪਰ ਇਹ ਕਿੱਦਾਂ ਪਤਾ ਲੱਗੇ ਕਿ ਪ੍ਰਭੂ ਨੂੰ ਕੀ ਭਾਂਦਾ ਹੈ।

ਇਸ ਦਾ ਆਸਾਨ ਢੰਗ ਹੈ ਫਲ ਵੱਲ ਆਪਣੀ ਦ੍ਰਿਸ਼ਟੀ ਨੂੰ ਨਾ ਲਿਜਾਣਾ। ਜੀਵਨ ਦੇ ਬੂਟੇ ਨੂੰ ਮਿੱਠੇ-ਕੌੜੇ ਫਲ ਲੱਗਦੇ ਰਹਿੰਦੇ ਹਨ। ਦੋਵੇਂ ਉਸ ਦੇ ਭਾਣੇ ਅੰਦਰ ਹਨ। ਜੇ ਅਸੀਂ ਦੋਵੇਂ ਪ੍ਰਕਾਰ ਦੇ ਫਲ ਕਬੂਲ ਕਰ ਲੈਂਦੇ ਹਾਂ (ਮਿੱਠੇ ਵੀ, ਕੌੜੇ ਵੀ - ਸੁੱਖ ਵੀ, ਦੁੱਖ ਵੀ) ਤਾਂ ਅਸੀਂ ਪ੍ਰਭੂ ਦੇ ਭਾਣੇ ਵਿਚ ਚਲਦੇ ਹਾਂ। ਜੇ ਅਸੀਂ ਫਲ ਵਿਚ ਚੋਣ ਕਰਨ ਲਗੀਏ ਕਿ ਸਿਰਫ਼ ਮਿੱਠੇ ਫਲ ਹੀ ਚਾਹੀਦੇ ਹਨ ਕੌੜੇ ਨਹੀਂ ਤਾਂ ਅਸੀਂ ਭਾਣੇ ਨੂੰ ਨਹੀਂ ਮੰਨਦੇ। ਅਸੀਂ ਪ੍ਰਭੂ ਦੀ ਮਰਜ਼ੀ ਵਿਚ ਆਪਣੀ ਮਰਜ਼ੀ ਜੋੜਨਾ ਚਾਹੁੰਦੇ ਹਾਂ ਜਿਹੜਾ ਗ਼ਲਤ ਹੈ। ਤੁਹਾਡੀ ਮਰਜ਼ੀ (ਹਉਮੈ) ਤੇ ਉਸ ਦੀ ਮਰਜ਼ੀ ਦੋਵੇਂ ਇਕੋ ਥਾਂ ਨਹੀਂ ਟਿਕ ਸਕਦੇ ਕਿਉਂਕਿ -

- **ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥** (ਅੰਗ 560)

ਸਾਡੀ ਮਰਜ਼ੀ ਚਲਣ ਵਾਲੀ ਨਹੀਂ, ਚਲੇਗੀ ਪ੍ਰਭੂ ਦੀ ਹੀ ਮਰਜ਼ੀ। ਪਰ ਜੇ ਅਸੀਂ ਉਸ ਦੀ ਰਜ਼ਾ ਵਿਚ ਆਪਣੀ ਰਜ਼ਾ ਨਹੀਂ ਜੋੜਾਂਗੇ ਤਾਂ ਵਾਧੂ ਦੁੱਖ ਸਹਾਂਗੇ - ਇਕ ਕੌੜੇ ਫਲ ਦਾ ਦੁੱਖ, ਦੂਸਰੇ ਸਾਡੀ ਮਰਜ਼ੀ ਨਾ ਹੋਣ ਦਾ ਦੁੱਖ। ਇਸ ਲਈ ਦੁੱਖ-ਸੁੱਖ ਜੋ ਵੀ ਝੋਲੀ ਵਿਚ ਪੈ ਜਾਏ ਉਸ ਨੂੰ ਪ੍ਰਭੂ ਦਾ ਪ੍ਰਸਾਦਿ ਮੰਨ ਕੇ ਖ਼ੁਸ਼ੀ ਖ਼ੁਸ਼ੀ ਕਬੂਲ ਕਰਨਾ ਹੀ ਸਹੀ ਮਾਰਗ ਹੈ। ਜੋ ਚਾਹਿਆ ਨਹੀਂ ਮਿਲਿਆ ਤਾਂ ਰੋਸ ਕਿਉਂ? ਕਿਉਂ ਅਸੀਂ ਉਸ ਵੱਲੋਂ ਅਣਗਿਣਤ

ਮਿਲੀਆਂ ਬਖ਼ਸ਼ਸ਼ਾਂ ਨੂੰ ਭੁੱਲ ਜਾਂਦੇ ਹਾਂ?

ਇਕ ਆਦਮੀ ਵਿਉਪਾਰ ਵਿਚ ਘਾਟਾ ਹੋਣ ਕਰਕੇ ਖ਼ੁਦਕਸ਼ੀ ਕਰਨ ਜਾ ਰਿਹਾ ਸੀ। ਕਿਸੇ ਸਾਧੂ ਨੇ ਕਿਹਾ ਕਿ ਆਪਣੀਆਂ ਅੱਖਾਂ ਮੈਨੂੰ ਦੇ ਦੇ, ਮੈਂ ਇਨ੍ਹਾਂ ਨੂੰ ਵੇਚ ਕੇ 50 ਹਜ਼ਾਰ ਕਮਾ ਲਵਾਂਗਾ; ਗੁਰਦੇ ਵੇਚ ਕੇ ਮੈਂ ਲੱਖ ਰੁਪਿਆ ਕਮਾ ਲਵਾਂਗਾ; ਕਲੇਜਾ ਦੇ ਕੇ ਮੈਨੂੰ ਲੱਖ ਹੋਰ ਮਿਲ ਜਾਏਗਾ। ਤੂੰ ਤਾਂ ਮਰ ਹੀ ਰਿਹਾ ਹੈ, ਇਹ ਸਭ ਤੇਰੇ ਕਿਸ ਕੰਮ। ਇਹ ਸੁਣ ਉਹ ਬੰਦੇ ਦੀਆਂ ਅੱਖਾਂ ਖੁੱਲ੍ਹੀਆਂ। ਕੁਝ ਹਜ਼ਾਰ ਦੇ ਗੁਆਚਣ ਕਾਰਣ ਉਹ ਪ੍ਰਭੂ ਵੱਲੋਂ ਮਿਲੀਆਂ ਬੇਸ਼ਕੀਮਤੀ ਬਖ਼ਸ਼ਸ਼ਾਂ ਨਸ਼ਟ ਕਰ ਰਿਹਾ ਸੀ। ਅਸੀਂ ਉਸ ਪਾਸੇ ਦੇਖਦੇ ਹਾਂ ਜੋ ਸਾਡੇ ਕੋਲ ਨਹੀਂ ਜਾਂ ਸਾਡੇ ਕੋਲੋਂ ਖੁਸ ਗਿਆ ਹੈ। ਇੱਦਾਂ ਅਸੀਂ ਉਹ ਭੁੱਲ ਜਾਂਦੇ ਹਾਂ ਜੋ ਮਿਲਿਆ ਹੋਇਆ ਹੈ। ਆਪਣੇ ਦ੍ਰਿਸ਼ਟੀਕੋਣ ਨੂੰ ਬਦਲੋ। ਜਦੋਂ ਉਸ ਦੀ ਬਖ਼ਸ਼ਸ਼ ਕਿਸੇ ਪਾਸੇ ਘੱਟ ਦਿਸੇ ਤਾਂ ਉਸ ਪਾਸੇ ਦੇਖਣਾ ਸ਼ੁਰੂ ਕਰੋ ਜੋ ਬਖ਼ਸ਼ਸ਼ਾਂ ਨਾਲ ਭਰਿਆ ਪਿਆ ਹੈ।

ਸਾਨੂੰ ਲੱਗਦਾ ਹੈ ਕਿ ਸਾਡੀ ਮਰਜ਼ੀ ਨਾ ਮੰਨ ਕੇ ਪ੍ਰਭੂ ਨੇ ਸਾਡੇ ਨਾਲ ਅਨਿਆਏ ਕੀਤਾ ਹੈ। ਪਰ ਅਸੀਂ ਭਵਿੱਖ ਵਿਚ ਨਹੀਂ ਦੇਖ ਸਕਦੇ। ਕੌਣ ਜਾਣੇ ਕਿ ਸਾਡੀ ਮਰਜ਼ੀ ਨਾ ਮੰਨ ਕੇ ਪ੍ਰਭੂ ਨੇ ਸਾਡੇ ਨਾਲ ਵੱਡਾ ਨਿਆਏ ਕੀਤਾ ਹੋਏ। ਤੁਸੀਂ ਹਵਾਈ ਜਹਾਜ਼ ਰਾਹੀਂ ਸਫ਼ਰ ਕਰਨਾ ਸੀ। ਕਿਸੇ ਨੂੰ ਮਿਲਣਾ ਸੀ ਜਿਸ ਨੇ ਲੱਖਾਂ ਦੇ ਲਾਭ ਦਾ ਭਰੋਸਾ ਦੁਆਇਆ ਸੀ। ਕਿਸੇ ਕਾਰਣ ਤੁਸੀਂ ਸਫ਼ਰ ਨਹੀਂ ਕਰ ਸਕੇ। ਪਰ ਉਹ ਜਹਾਜ਼ ਦੁਰਘਟਨਾ ਗ੍ਰਸਤ ਹੋ ਗਿਆ ਅਤੇ ਸਾਰੇ ਮੁਸਾਫ਼ਰ ਮਾਰੇ ਗਏ। ਜੇ ਸਾਡੀ ਮਰਜ਼ੀ ਹੋ ਜਾਂਦੀ ਤਾਂ ਸਾਡਾ ਕੀ ਹਸ਼ਰ ਹੁੰਦਾ! ਅਸੀਂ ਗਿਲਾ ਕਰਨ ਲਈ ਵੀ ਜੀਊਂਦੇ ਨਾ ਬਚਦੇ। ਜਾਂ ਜਿਸ ਆਦਮੀ ਨੇ ਲੱਖਾਂ ਦੇ ਲਾਭ ਦਾ ਭਰੋਸਾ ਦੁਆਇਆ ਸੀ ਉਹ ਧੋਖੇਬਾਜ਼ ਸੀ ਜਾਂ ਉਹ ਦੀਵਾਲਿਆ ਹੋ ਗਿਆ ਸੀ। ਉਸ ਨਾਲ ਮੁਲਾਕਾਤ ਨਾ ਹੋਣ ਕਾਰਣ ਤੁਸੀਂ ਭਾਰੀ ਨੁਕਸਾਨ ਤੋਂ ਬਚ ਗਏ। ਭਵਿੱਖ ਅਣਡਿਠਾ ਹੈ, ਕੋਈ ਨਹੀਂ ਜਾਣ ਸਕਦਾ ਕਲ੍ਹ ਕੀ ਹੋਣ ਵਾਲਾ ਹੈ। ਇਸ ਲਈ ਸਭ ਪ੍ਰਭੂ ਤੇ ਹੀ ਛੱਡ ਦੇਣਾ ਚਾਹੀਦਾ ਹੈ–

- **ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥** (ਅੰਗ 726)

ਜੋ ਹੋ ਰਿਹਾ ਹੈ, ਠੀਕ ਹੋ ਰਿਹਾ ਹੈ। ਨਦੀ ਉਸ ਦੇ ਭਾਣੇ ਅੰਦਰ ਵਗ ਰਹੀ ਹੈ। ਉਸ ਦੇ ਬਹਾਉ ਨਾਲ ਵਗਦੇ ਜਾਉ। ਇਸ ਬਹਾਉ ਦੇ ਉਲਟ ਤੁਰਨ ਦੀ ਚਾਹ ਨਾ ਕਰੋ। ਇਹ ਹਉਮੈ ਦੀ ਮੰਗ ਹੈ।

ਅਸੀਂ ਹਉਮੈ ਲੈ ਕੇ ਜੰਮੇ ਹਾਂ। ਜਿੱਦਾਂ ਸਰੀਰ ਨਾਲ ਅੱਖਾਂ-ਕੰਨ ਮਿਲੇ ਹਨ ਇੱਦਾਂ ਹੀ ਹਉਮੈ ਵੀ ਮਿਲੀ ਹੈ।

- **ਹਉ ਵਿਚਿ ਜੰਮਿਆ ਹਉ ਵਿਚਿ ਮੁਆ॥** (ਅੰਗ 466)

ਹਉਮੈ ਦੁੱਖ ਦੇਂਦੀ ਹੈ ਕਿਉਂਕਿ ਅਸੀਂ ਹਉਮੈ ਅਧੀਨ ਕਰਮ ਕਮਾਂਦੇ ਹਾਂ। ਇਸ ਲਈ ਇਸ ਤੋਂ ਬਚਣ ਦਾ ਸਿੱਧਾ ਢੰਗ ਇਹੀ ਹੈ ਕਿ ਕਰਮ ਹਉਮੈ ਅਧੀਨ ਨਾ ਹੋ ਕੇ ਪ੍ਰਭੂ ਦੇ ਸ਼ਬਦ ਅਧੀਨ ਹੋ ਜਾਣ। ਮਨੁੱਖ ਆਪਣੀ ਹਉਮੈ ਵੱਲ ਧਿਆਨ ਨਾ ਦੇਂਦੇ ਹੋਏ ਆਪਣੇ ਕਰਮ ਗੁਰੂ ਦੇ ਸ਼ਬਦ ਅਨੁਸਾਰ ਕਰ ਲਵੇ।

- **ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
  ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥** (ਅੰਗ 466)

ਹਉਮੈਂ ਬਣੀਂ ਰਹਿੰਦੀ ਹੈ ਕਿਉਂਕਿ ਅਸੀਂ ਆਪਣੇ ਕਰਮਾਂ ਦੇ ਆਪਣੇ ਆਪ ਨੂੰ ਕਰਤਾ ਮਿਥ ਲੈਂਦੇ ਹੋ। ਜੇ ਕਰਤਾ ਹੋ ਤਾਂ ਫਲ ਦੇ ਵੀ ਜ਼ਿੰਮੇਵਾਰ ਹੋ। ਇੱਦਾਂ ਨਹੀਂ ਹੋ ਸਕਦਾ ਕਿ ਕਰਮ ਤੁਸੀਂ ਕਰੋ ਤੇ ਫਲ ਕੋਈ ਹੋਰ ਭੁਗਤੇ।

ਤੁਸੀਂ ਜੋ ਕੀਤਾ ਹੈ ਤੁਸੀਂ ਹੀ ਭੋਗਣਾ ਹੈ। ਪਰ ਜੇ ਵਾਹਿਗੁਰੂ ਨੂੰ ਕਰਤਾ ਮਿਥ ਲਉ (ਉਹ ਕਰਤਾ ਹੈ ਹੀ) ਤਾਂ ਹਉਮੈ ਲਈ ਥਾਂ ਆਪੇ ਹੀ ਖ਼ਤਮ ਹੋ ਜਾਂਦੀ ਹੈ। ਤੁਸੀਂ ਆਪਣੇ ਕਰਮ ਰਾਹੀਂ ਹਉਮੈ ਨਹੀਂ ਮਿਟਾ ਸਕਦੇ ਕਿਉਂਕਿ ਤੁਸੀਂ ਕਰਤਾ ਬਣੇ ਰਹੋਗੇ। 'ਮੈਂ ਹਉਮੈ ਮਿਟਾਈ' ਵਿਚ ਵੀ ਮੈਂ-ਮੇਰੀ ਹਉਮੈ ਹੀ ਸ਼ਾਮਲ ਹੈ। ਤੁਸੀਂ ਆਪਣੇ ਨੂੰ ਕਰਤਾ ਨਾ ਜਾਣੋ। ਕਰਮ ਤੁਸੀਂ ਹੀ ਕਰੋਗੇ ਪਰ ਇੱਦਾਂ ਜਿੱਦਾਂ ਉਹ ਕਰਵਾ ਰਿਹਾ ਹੈ। ਤੁਸੀਂ ਬੰਸੁਰੀ ਵਿਚ ਫੂਕ ਮਾਰ ਰਹੇ ਹੋ; ਚੰਗੀ ਮੰਦੀ ਸੁਰ ਉਹੀ ਕੱਢ ਰਿਹਾ ਹੈ। ਉਹੀ ਕਰਤਾ ਹੈ, ਉਸੇ ਨੂੰ ਹੀ ਕਰਨ ਦਿਉ। ਤੁਸੀਂ ਉਸ ਦਾ ਹਥ-ਠੋਕਾ ਬਣ ਜਾਉ। ਉਸ ਵਿਸ਼ਾਲ ਕਰਤੇ ਨਾਲ ਆਪਣਾ ਤੁਛ ਕਰਤਾਪੁਣਾ ਨਾ ਜੋੜੋ।

ਇਕ ਹਾਥੀ ਲਕੜ ਦਾ ਪੁਲ ਪਾਰ ਕਰ ਰਿਹਾ ਸੀ, ਇਕ ਮੱਖੀ ਉਸ ਦੀ ਪਿਠ ਉੱਪਰ ਬੈਠੀ ਸੀ। ਹਾਥੀ ਦੇ ਚਲਣ ਨਾਲ ਪੁਲ ਹਿਲਣ ਲੱਗ ਪਿਆ। ਮੱਖੀ ਕਹਿੰਦੀ ਹੈ "ਅਸਾਂ ਦੋਹਾਂ ਰਲ ਕੇ ਪੁਲ ਹਿਲਾ ਦਿੱਤਾ।" ਮੱਖੀ ਨੂੰ ਵੀ ਗੁਮਾਨ ਹੈ ਕਿ ਉਹਨੇ ਪੁਲ ਦੇ ਹਿਲਣ ਵਿਚ ਸਹਾਇਤਾ

ਕੀਤੀ। ਹਾਥੀ ਨੂੰ ਪਤਾ ਤੱਕ ਨਹੀਂ ਕਿ ਮੱਖੀ ਉਸ ਦੀ ਪਿੱਠ ਉੱਪਰ ਬੈਠੀ ਹੈ ਜਾਂ ਕੁਝ ਕਰ ਰਹੀ ਹੈ। ਅਸੀਂ ਮੱਖੀ ਵਾਂਗ ਆਪਣੇ ਆਪ ਨੂੰ ਕਰਤਾ ਸਮਝਣ ਲਗਦੇ ਹਾਂ। ਸਭ ਹੋਈ ਜਾ ਰਿਹਾ ਹੈ। ਤੁਹਾਡੇ ਕੀਤੇ ਨਹੀਂ ਹੋ ਰਿਹਾ। ਕੋਈ ਹੋਰ ਕਰ ਰਿਹਾ ਹੈ।

ਜੀਵਨ ਢੰਗ ਹੈ ਪ੍ਰਭੂ ਦੇ ਕਰਮਾਂ ਨੂੰ ਦੇਖਣਾ, ਅਕਰਮ ਹੋਣਾ ਨਹੀਂ । ਜੀਵਨ ਦਾ ਢੰਗ ਹੈ ਕਰਮ ਕਰੀ ਜਾਣਾ ਪਰ ਇੱਦਾਂ ਜਿੱਦਾਂ ਕੋਈ ਕਰਵਾ ਰਿਹਾ ਹੈ ਅਤੇ ਤੁਸੀਂ ਸਿਰਫ਼ ਮਾਧਿਅਮ ਹੋ। ਜੋ ਹੋਣਾ ਸੀ ਉਹੀ ਹੋਇਆ; ਜੋ ਹੋਣਾ ਹੈ ਉਹੀ ਹੋਏਗਾ। ਇਹ ਸਤਿ ਸਵੀਕਾਰ ਕਰ ਲਉ ਤਾਂ ਬਸ ਇਹੀ ਭਲੀ ਕਾਰ ਹੈ। ਹੋਰ ਕਿਸੀ ਪ੍ਰਕਾਰ ਦੀ ਕਾਰ ਦੀ ਲੋੜ ਨਹੀਂ।

ਵਿਧੀਆਂ ਪਕੜੋਗੇ ਤਾਂ ਬੰਧਨ ਵਿਚ ਪਵੋਗੇ। ਕਿਸੇ ਨੂੰ ਭੂਤ ਦਾ ਡਰ ਹੈ। ਇਸ ਕੋਲੋਂ ਬਚਣ ਲਈ ਕਿਸੇ ਸਿਆਣੇ ਨੇ ਇਕ ਤਵੀਜ ਦੇ ਦਿੱਤਾ ਤੇ ਕਿਹਾ "ਇਸ ਨੂੰ ਸਦਾ ਨਾਲ ਰੱਖਣਾ ਹੈ। ਗੁਆਚੇ ਨਾ।" ਹੁਣ ਤਵੀਜ ਦੇ ਗੁਆਚਣ ਦੇ ਡਰ ਨੇ ਆ ਪਕੜਿਆ। ਭੂਤ ਦਾ ਡਰ ਤਾਂ ਗਿਆ ਪਰ ਦੂਸਰਾ ਡਰ ਆ ਗਿਆ। ਵਿਧੀਆਂ ਇੱਦਾਂ ਦੀਆਂ ਹੀ ਹਨ। ਇਕ ਛੱਡੋ, ਦੂਸਰੀ ਪਕੜੋ, ਦੂਸਰੀ ਛੱਡੋ, ਤੀਸਰੀ ਪਕੜੋ ਅਤੇ ਹਰ ਵਿਧੀ ਦੀ ਅਸਫ਼ਲਤਾ ਦਾ ਡਰ ਹੈ। ਗੁਰਮਤਿ ਹੈ "ਸ਼ਰਧਾ ਲਿਆਉ ਸਾਧਨਾ ਨਹੀਂ, ਵਿਧੀਆਂ ਛੱਡੋ, ਪ੍ਰਭੂ ਦਾ ਹੁਕਮ ਪਛਾਣੋ। ਅਕਰਤਾ ਬਣੋ, ਵਿਧੀਆਂ ਨਾ ਤਲਾਸ਼ੋ। ਸੰਘਰਸ਼ ਨਹੀਂ ਸਮਰਪਣ, ਦੌੜਣਾ ਨਹੀਂ ਦੇਖਣਾ।"

ਸਾਨੂੰ ਦੌੜਣ ਦੀ ਆਦਤ ਹੈ, ਕਰਮਾਂ ਦੇ ਕਰਤਾ ਬਨਣ ਦਾ ਸ਼ੌਕ ਹੈ। ਕਦੀਂ ਸ਼ਾਂਤ ਹੋ ਕੇ ਉਸ ਦੇ ਹੁਕਮ ਨੂੰ ਪਹਿਚਾਨਣ ਦਾ ਜਤਨ ਨਹੀਂ ਕੀਤਾ। ਹੋਰ ਸਭ ਜਤਨ ਕੀਤੇ ਪਰ ਉਸ ਦੇ ਸ਼ਬਦ ਨੂੰ ਕਮਾਣ ਦਾ ਜਤਨ ਨਹੀਂ ਕੀਤਾ –

ਚਲ ਪੜੇ ਦਰਦ ਪੀ ਕਰ ਤੋ ਚਲਤੇ ਹੀ ਰਹੇ।
ਹਾਰ ਕਰ ਬੈਠ ਜਾਨੇ ਸੇ ਇਨਕਾਰ ਥਾ।

ਹਉਮੈ ਦੌੜਾਈ ਜਾ ਰਹੀ ਹੈ, ਅਸੀਂ ਦੌੜੀ ਜਾ ਰਹੇ ਹਾਂ। ਬੁੱਧੀ ਹਾਰ ਮੰਨਣ ਨਹੀਂ ਦਿੰਦੀ, ਬੁੱਧੀ ਸ਼ਾਂਤ ਬੈਠਣ ਨਹੀਂ ਦਿੰਦੀ, ਬੁੱਧੀ ਠਹਿਰਣ ਨਹੀਂ ਦਿੰਦੀ। ਪਰ ਤੁਹਾਡੀ ਬੁੱਧੀ ਰਾਹੀਂ ਕੀਤੇ ਕਰਮ ਤੁਹਾਡੇ ਕੋਲੋਂ ਵੱਡੇ ਕਿੱਦਾਂ ਹੋ ਸਕਦੇ ਹਨ। ਜੇ ਤੁਸੀਂ ਆਪਣੇ ਕੀਤੇ ਪ੍ਰਭੂ ਪਾ ਲੈਂਦੇ ਤਾਂ ਉਹ ਪ੍ਰਭੂ ਤੁਹਾਡੇ ਕੋਲੋ ਵੱਡਾ ਕਿੱਦਾਂ ਹੋ ਸਕਦਾ।

ਉਸ ਦੇ ਭਾਣੇ ਨੂੰ ਸਮਝਣ ਲਈ ਬਹੁਤੇ ਕਰਮ-ਕਾਂਡਾਂ ਦੀ ਲੋੜ ਨਹੀਂ, ਸਿਰਫ਼ ਹੋਸ਼-ਪੂਰਵਕ ਉਸ ਨੂੰ ਪਹਿਚਾਨਣ ਦੀ ਲੋੜ ਹੈ। ਇਕ ਰਾਜਾ ਸਿੰਘਾਸਨ ਤੇ ਬੈਠਾ ਬੈਠਾ ਸੁਪਨਾ ਦੇਖਦਾ ਹੈ ਕਿ ਉਹ ਭਿਖਾਰੀ ਹੋ ਗਿਆ ਹੈ, ਦਰ-ਦਰ ਭਿਖ ਮੰਗਦਾ ਫਿਰ ਰਿਹਾ ਹੈ ਅਤੇ ਬਹੁਤ ਦੁਖੀ ਹੈ। ਨੀਂਦ ਖੁਲ੍ਹਣ ਤੇ ਉਹ ਦੇਖਦਾ ਹੈ ਕਿ ਉਹ ਤਾਂ ਰਾਜਾ ਹੀ ਹੈ ਅਤੇ ਉਸ ਦੇ ਜੀਵਨ ਦਾ ਦੁੱਖ ਸਿਰਫ਼ ਸੁਪਨਾ ਮਾਤਰ ਹੀ ਸੀ। ਇਹੀ ਹਾਲ ਸਾਡਾ ਹੈ। ਸਾਡੇ ਸਾਰੇ ਕਰਮ ਸੁਪਨੇ ਮਾਤਰ ਹਨ। ਜਦੋਂ ਸੁਪਨਾ ਟੁੱਟੇਗਾ ਤਾਂ ਦਿਸ ਪਏਗਾ ਕਿ ਅਸੀਂ ਤਾਂ ਪ੍ਰਭ-ਪੁੱਤਰ ਹਾਂ ਅਤੇ ਉਸ ਦੇ ਹੁਕਮ ਵਿਚ ਰਹਿਣਾ ਤਾਂ ਸਾਡਾ ਸੁਭਾਉ ਹੈ। ਇਸ ਲਈ ਉਸ ਨੂੰ ਪਹਿਚਾਨਣ ਤੇ ਭਾਣੇ ਵਿਚ ਰਹਿਣ ਲਈ ਸਿਰਫ਼ ਜਾਗਣ ਦੀ ਲੋੜ ਹੈ।

ਰੱਬ ਗੁਆਚਾ ਨਹੀਂ ਹੈ ਜਿਸ ਨੂੰ ਲੱਭਣ ਦੀ ਲੋੜ ਹੋਏ। ਉਹ ਤਾਂ ਅੰਦਰ ਹੀ ਹੈ, ਸਿਰਫ਼ ਵਿਸਰਿਆ ਹੋਇਆ ਹੈ, ਉਸ ਨੂੰ ਖੋਜਣ ਲਈ ਕਿਤੇ ਜਾਣਾ ਨਹੀਂ ਹੈ, ਕਿਸੀ ਵਿਧੀ ਨੂੰ ਅਪਨਾਣਾ ਨਹੀਂ ਹੈ। ਵਿਧੀਆਂ ਭਰਮਾ ਸਕਦੀਆਂ ਹਨ। ਮਹਾਤਮਾ ਬੁੱਧ ਨੇ ਕਈ ਵਿਧੀਆਂ ਦਾ ਅਭਿਆਸ ਕੀਤਾ। ਜੋ ਵੀ ਕਿਸੇ ਧਰਮ ਗੁਰੂ ਨੇ ਕਿਹਾ ਉਸ ਨੇ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਕੀਤਾ। ਪਰ ਪ੍ਰਾਪਤੀ ਕੁਝ ਨਹੀਂ ਹੋਈ। ਇਸ ਦੇ ਉਲਟ ਉਸ ਦਾ ਸਰੀਰ ਸੁੱਕ ਕੇ ਤੀਲਾ ਬਣ ਗਿਆ ਅਤੇ ਉਹ ਐਨਾ ਨਿਰਬਲ ਹੋ ਗਿਆ ਕਿ ਇਕ ਦਿਨ ਨਦੀ ਤੋਂ ਨਹਾ ਕੇ ਬਾਹਰ ਜਾਣ ਜਿੰਨੀ ਵੀ ਸ਼ਕਤੀ ਨਹੀਂ ਬਚੀ। ਨਿਢਾਲ ਹੋ ਕੇ ਉਹ ਨਦੀ ਕੰਢੇ ਡਿਗ ਪਿਆ। ਇਸ ਅਸਹਾਏ ਤੇ ਹਾਰੀ ਹੋਈ ਅਵਸਥਾ ਵਿਚ ਜਦੋਂ ਉਸ ਦੀਆਂ ਸਭ ਵਿਧੀਆਂ ਫੇਲ ਹੋ ਗਈਆਂ, ਤਾਂ ਪ੍ਰਭੂ ਦੀ ਸ਼ਰਨ ਜਾ ਪਿਆ। "ਮੇਰੇ ਕੀਤੇ ਕੁਝ ਨਹੀਂ ਹੁੰਦਾ। ਹੁਣ ਜੋ ਕੁਝ ਕਰਨਾ ਹੈ, ਤੂੰ ਆਪੇ ਹੀ ਕਰ।" ਬਸ ਉਦੋਂ ਹੀ ਗਿਆਨ ਹੋ ਗਿਆ ਜਿਸ ਦੀ ਤਲਾਸ਼ ਵਿਚ ਉਹ ਨਿਕਲਿਆ ਸੀ। ਉਸ ਨੇ ਆਪਣੇ ਜੀਵਨ ਦਾ ਬਾਕੀ ਹਿੱਸਾ ਸਿਰਫ਼ ਇਹ ਪ੍ਰਚਾਰਨ ਲਈ ਲਾਇਆ ਕਿ ਉਸ ਦੇ ਭਾਣੇ ਨੂੰ ਪਹਿਚਾਣੋ।

ਗੁਰਬਾਣੀ ਸਪਸ਼ਟ ਹੈ ਕਿ ਉਹ ਸਾਡੇ ਅੰਦਰ ਹੀ ਹੈ ਅਤੇ ਉਸ ਦੇ ਹੁਕਮ ਨੂੰ ਪਹਿਚਾਨਣਾ ਵੀ ਆਪਣੇ ਨੂੰ ਚੀਨਣ ਨਾਲ ਹੀ ਆਏਗੀ –

– **ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥** ( ਅੰਗ 102)

- **ਬਾਹਰਿ ਢੂਢਨ ਤੇ ਛੂਟ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥** (ਅੰਗ 1002)
- **ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥** (ਅੰਗ 684)

ਅਸੀਂ ਉਸ ਦੇ ਭਾਣੇ ਅੱਗੇ ਸਮਰਪਣ ਨਹੀਂ ਹੋਣਾ ਚਾਹੁੰਦੇ ਕਿਉਂਕਿ ਇੰਦਾਂ ਕਰਨ ਨਾਲ ਸਾਡੀ ਹਉਮੈ ਦੀ ਮੌਤ ਹੋ ਜਾਂਦੀ ਹੈ। ਗਹਿਰੇ ਵਿਚ ਅਸੀਂ ਕਰਮ-ਕਾਂਡ, ਵਿਧੀਆਂ ਆਦਿ ਅਪਨਾਂਦੇ ਹੀ ਇਸ ਕਰਕੇ ਹਾਂ ਕਿਉਂਕਿ ਇੰਦਾਂ ਕਰਨ ਨਾਲ ਸਾਡੀ ਹਉਮੈ ਨੂੰ ਸ਼ਕਤੀ ਮਿਲਦੀ ਹੈ। "ਮੈਂ ਕੀਤਾ" ਦਾ ਭਾਵ ਬਲਵਾਨ ਹੁੰਦਾ ਹੈ। ਜਿੰਨੀ ਜ਼ਿਆਦਾ ਔਖੀ ਵਿਧੀ, ਉਨਾ ਵੱਡਾ ਅਹੰਕਾਰ। ਜੈਨੀਆਂ ਵਿਚ ਲੰਬੇ ਵਰਤ ਰੱਖਣ ਦੀ ਇਕ ਪ੍ਰਕਾਰ ਦੀ ਪ੍ਰਤਿਯੋਗਤਾ ਚਲਦੀ ਰਹਿੰਦੀ ਹੈ - ਤੂੰ ਦਸ ਦਿਨ ਵਰਤ ਰੱਖਿਆ, ਮੈਂ ਵੀਹ ਦਿਨ ਰੱਖਿਆ, ਤੂੰ ਵੀਹ ਦਿਨ ਰੱਖਿਆ, ਮੈਂ ਤੀਹ ਦਿਨ ਰੱਖਿਆ। ਮੁੱਖ ਉਦੇਸ਼ ਪ੍ਰਭੂ ਪਹਿਚਾਨਣਾ ਨਹੀਂ ਬਲਕਿ ਇਸ ਬਹਾਨੇ ਆਪਣੀ ਮੈਂ ਮਜ਼ਬੂਤ ਕਰਨਾ ਹੈ। ਵਿਧੀਆਂ ਹਉਮੈ ਦੀਆਂ ਜਨਮਦਾਤਾ ਹਨ। ਗੁਰਮਤਿ ਹੈ ਕਿ ਜੋ ਪ੍ਰਭੂ ਨੂੰ ਭਾਂਦਾ ਹੈ ਉਹੀ ਠੀਕ ਵਿਧੀ (ਕਾਰ ਹੈ)। ਅਤੇ ਪ੍ਰਭੂ ਨੂੰ ਉਹੀ ਭਾਂਦਾ ਹੈ ਜਿਸ ਵਿਚ ਸਾਡਾ ਕਰਤਾ-ਪਣ ਸ਼ਾਮਲ ਨਹੀਂ। ਅਸੀਂ ਹਮੇਸ਼ਾ ਵਾਂਗ ਕਰਮ ਕਰਦੇ ਹਾਂ, ਪਰ ਆਪਣੇ ਨੂੰ ਕਰਮਾਂ ਦਾ ਕਰਤਾ ਨਹੀਂ ਮੰਨਦੇ, ਨਾ ਹੀ ਮਿੱਠੇ-ਕੌੜੇ ਫਲ ਤੋਂ ਕੋਈ ਪ੍ਰਭਾਓ ਲੈਂਦੇ ਹਾਂ। ਇਸ ਪਉੜੀ ਦੇ ਵਿਚਾਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਉਪਰ ਹੀ ਦ੍ਰਿੜ੍ਹ ਕਰਵਾ ਦਿੱਤਾ ਗਿਆ ਹੈ। ਸਾਰੀਆਂ ਵਿਧੀਆਂ (ਸੁਚਤਾ ਕਰਨੀ, ਭੁੱਖਾ ਰਹਿਣਾ, ਚੁਪ ਰਹਿਣਾ, ਸਿਆਣਪ ਹਾਸਲ ਕਰਨ) ਦਾ ਜ਼ਿਕਰ ਕਰਕੇ ਗੁਰੂ ਜੀ ਪੁੱਛਦੇ ਹਨ ਕਿ ਜੇ ਇਹ ਵਿਧੀਆਂ ਠੀਕ ਨਹੀਂ ਤਾਂ ਫਿਰ ਸੱਚ ਦੇ ਦਰਸ਼ਨ ਕਿੰਦਾਂ ਹੋ ਸਕਦੇ ਹਨ ਅਤੇ ਆਪ ਹੀ ਉੱਤਰ ਦਿੰਦੇ ਹਨ ਕਿ ਉਹਦੇ ਹੁਕਮ ਨਾਲ ਆਪਣੀ ਰਜ਼ਾ ਜੋੜਣ ਦਿਉ। ਇਹ ਬਚਨ ਬੜਾ ਗਹਿਰਾ ਧਿਆਨ ਮੰਗਦੇ ਹਨ -

- **ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
  **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** (ਅੰਗ 1)

**ਤੂ ਸਦਾ ਸਲਾਮਤਿ ਨਿਰੰਕਾਰ**

ਵਾਹਿਗੁਰੂ ਦੀ ਹਸਤੀ ਨੂੰ ਗੁਰਬਾਣੀ ਵਿਚ 'ਸੁੰਨ ਜਾਂ ਸੁੰਨੇ' ਕਿਹਾ ਗਿਆ ਹੈ। ਸੁੰਨ ਦਾ ਅਰਥ ਹੁੰਦਾ ਹੈ 'ਖਾਲੀ' ਜਿਸ ਵਿਚ ਕੁਝ ਨਹੀਂ ਜਾਂ ਜਿਸ ਦਾ ਵਜੂਦ ਨਾ-ਕੁਝ ਬਰਾਬਰ ਹੈ। ਸਿਰਫ਼ ਸ਼ਕਤੀ ਹੈ। ਇਹ ਸ਼ਕਤੀ ਅਪਰੰਪਰ ਹੈ, ਪਰ੍ਹੇ ਤੋਂ ਪਰ੍ਹੇ ਹੈ, ਇਸ ਦਾ ਨਾ ਇਧਰ ਦਾ ਕੰਢਾ ਹੈ ਤੇ ਨਾ ਉਧਰ ਦਾ। ਇਸ ਬਿਨ ਕੰਢੇ ਅੰਤਹੀਨ ਸੁੰਨ ਵਿਚ ਪ੍ਰਭੂ ਹੀ ਹੈ। ਗੁਰਬਾਣੀ ਕਹਿੰਦੀ ਹੈ -

- **ਸੁੰਨਿ ਕਲਾ ਅਪਰੰਪਰਿ ਧਾਰੀ॥** (ਅੰਗ 1037)

ਪ੍ਰਭੂ ਦੇ ਅੱਗੇ ਹੋਰ ਕੁਝ ਵੀ ਨਹੀਂ, ਉਹ ਨਿਰੋਲ ਆਪ ਹੀ ਹੈ। ਉਸ ਵਿਚ ਹੀ ਉਸ ਦੀ ਸ਼ਕਤੀ ਸਮਾਈ ਹੋਈ ਹੈ, ਉਹ ਅਪ੍ਰਗਟ ਹੈ। ਉਹ ਬਿਨਾ ਸਹਾਰੇ (ਨਿਰਾਲਮ) ਆਪਣੇ ਆਪ ਤੋਂ ਹੀ ਹੈ -

- **ਆਪ ਨਿਰਾਲਮੁ ਅਪਰ ਅਪਾਰੀ॥** (ਅੰਗ 1037)

ਇਸ ਲਈ ਗੁਰਬਾਣੀ ਵਿਚ ਪ੍ਰਭੂ ਨੂੰ ਨਿਰਾਕਾਰ (ਆਕਾਰ ਬਿਨਾ) ਤੇ ਕਾਇਮ-ਦਾਇਮ (ਸਦਾ ਸਲਾਮਤ) ਕਿਹਾ ਗਿਆ ਹੈ। ਸੁੰਨ ਅਵਸਥਾ ਵਿਚ ਪ੍ਰਭੂ ਨਿਰਾਕਾਰ ਹੈ ਤੇ ਸਦੀਵੀ ਹੈ।

ਫਿਰ ਉਸ ਨੂੰ ਫੁਰਨਾ ਫੁਰਦਾ ਹੈ ਤੇ ਉਹ ਆਪਣੀ ਸ਼ਕਤੀ ਦਾ ਫੈਲਾਓ ਕਰਦਾ ਹੈ। ਸੁੰਨ (ਖਾਲੀਪਨ) ਨੂੰ ਭਰਦਾ ਹੈ। ਪਹਿਲਾਂ ਹਵਾ ਤੇ ਫਿਰ ਪਾਣੀ ਦੀ ਸਾਜਨਾ ਕਰਦਾ ਹੈ -

- **ਪਉਣ ਪਾਣੀ ਸੁੰਨੈ ਤੇ ਸਾਜੇ॥**

ਪਉਣ ਯਾਨੀ ਹਵਾ ਵਿਚ ਕਈ ਪ੍ਰਕਾਰ ਦੀਆ ਗੈਸਾਂ ਹੁੰਦੀਆਂ ਹਨ। ਸੁਨੇ ਦੇ ਹੁਕਮ ਅਧੀਨ ਦੋ ਗੈਸਾਂ (ਆਕਸੀਜਨ ਤੇ ਹਾਈਡਰੋਜਨ) ਆਪਸ ਵਿਚ ਰਲ ਜਾਂਦੀਆਂ ਹਨ ਤੇ ਇਸ ਮਿਲਾਪ ਰਾਹੀਂ ਪਾਣੀ ਬਣ ਜਾਂਦਾ ਹੈ। ਇਹੀ ਪਾਣੀ ਗਾੜ੍ਹਾ ਹੁੰਦਾ ਹੁੰਦਾ ਕਿਚੜ ਤੇ ਬਾਅਦ ਵਿਚ ਗਰਮੀ ਕਾਰਣ ਸੁਕ ਕੇ ਮਿੱਟੀ ਜਾਂ ਧਰਤੀ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਕਿਚੜ ਵਿਚੋਂ ਪ੍ਰਾਣੀ ਤੇ ਜੀਵ ਬਣ ਜਾਂਦੇ ਹਨ ਜਿਹੜੇ ਬਾਅਦ ਵਿਚ ਦੁਸਰੀਆਂ ਜੂਨਾਂ (ਮਛੀ-ਡੱਡੂ ਕਾਂ-ਕਬੂਤਰ, ਹਾਥੀ-ਘੋੜੇ ਤੇ ਬੰਦਰ-ਮਨੁੱਖ ਬਣਦੇ ਹਨ। ਇਨ੍ਹਾਂ ਜੂਨਾਂ ਨੇ ਰਾਜੇ ਤੇ ਰਾਜ ਮਹਲ ਬਣਾਏ।

- **ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥** (ਅੰਗ 1037)

ਇਸੇ ਤੱਤ ਨੂੰ ਗੁਰਬਾਣੀ ਵਿਚ ਕਿਹਾ -

- **ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥** (ਅੰਗ 1037)

ਅੱਗੇ ਗੁਰਬਾਣੀ ਦਸਦੀ ਹੈ ਕਿ ਸੁੰਨੇ ਨੇ ਹੀ ਧਰਤੀ ਤੇ ਅਕਾਸ, ਰਾਤ-ਦਿਨ ਪਤਾਲ ਬਣਾਏ।

- **ਸੁੰਨਹੁ ਧਰਤਿ ਅਕਾਸੁ ਉਪਾਏ॥** (ਅੰਗ 1037)
- **ਸੁੰਨਹੁ ਖਾਣੀ ਸੁੰਨਹੁ ਬਾਣੀ॥**
  **ਸੁੰਨਹੁ ਉਪਜੀ ਸੁੰਨਿ ਸਮਾਣੀ॥**
- **ਸੁੰਨਹੁ ਰਾਤਿ ਦਿਨਸੁ ਦੁਇ ਕੀਏ॥**
  **ਓਪਤਿ ਖਪਤਿ ਸੁਖਾ ਦੁਖ ਦੀਏ॥** (ਅੰਗ 1037)

ਇਸੇ ਵਿਚਾਰ ਨੂੰ ਜਪੁ ਜੀ ਸਾਹਿਬ ਵਿਚ ਸੰਖੇਪ ਵਿਚ ਦਰਸਾਇਆ ਗਿਆ ਹੈ -

- **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥** (ਅੰਗ 8)

ਇਸਾਈ ਮਤ ਅਨੁਸਾਰ ਪ੍ਰਭੂ ਨੇ ਸੰਸਾਰ ਦੀ ਰਚਨਾ ਇਸ ਤਰਤੀਬ ਅਨੁਸਾਰ ਕੀਤੀ-

ਪਹਿਲੇ ਦਿਨ - ਰੌਸ਼ਨੀ
ਦੂਸਰੇ ਦਿਨ - ਅਕਾਸ਼
ਤੀਸਰੇ ਦਿਨ - ਜ਼ਮੀਨ, ਸਾਗਰ, ਬਨਸਪਤੀ
ਚੌਥੇ ਦਿਨ - ਸੂਰਜ, ਚੰਨ ਤੇ ਤਾਰੇ
ਪੰਜਵੇਂ ਦਿਨ - ਪਾਣੀ ਵਿਚ ਰਹਿਣ ਤੇ ਹਵਾ ਵਿਚ ਉਡਣ ਵਾਲ ਪ੍ਰਾਣੀ
ਛੇਵੇਂ ਦਿਨ - ਜਾਨਵਰ ਤੇ ਮਨੁੱਖ
ਸਤਵੇਂ ਦਿਨ - ਆਰਾਮ, ਕੋਈ ਕੰਮ ਨਹੀਂ

ਇਸੇ ਕਰਕੇ ਐਤਵਾਰ (ਸਤਵੇਂ ਦਿਨ) ਇਸਾਈ ਲੋਕ ਕੰਮ-ਧੰਦਾ ਨਹੀਂ ਕਰਦੇ। ਗੁਰਮਤਿ ਹੈ ਕਿ ਵਾਹਿਗੁਰੁ ਦੀ ਸ਼ਕਤੀ ਸਭ ਜੀਆਂ ਵਿਚ ਹੈ ਕਿਉਂਕਿ ਉਸੇ ਦੀ ਜੋਤਿ ਸਭਨਾਂ ਵਿਚ ਹੈ -

- **ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥**
  **ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ॥**
  **ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥** (ਅੰਗ 788)
- **ਆਤਮ ਰਾਮੁ ਸੰਸਾਰਾ** (ਅੰਗ 764)

ਵਾਹਿਗੁਰੂ ਸਭਨਾਂ ਜੀਵ-ਅਜੀਵ ਵਿਚ ਹੈ। ਇਸ ਵਿਚਾਰ ਅਧੀਨ ਗਹਿਰੇ ਵਿਚ ਅਸੀਂ ਵੀ ਨਿਰਾਕਾਰ ਹਾਂ ਤੇ ਸਦਾ ਸਲਾਮਤ ਹਾਂ।

ਸਾਡੇ ਕੋਲ ਸਰੀਰ, ਮਨ ਤੇ ਆਤਮਾ ਹੈ -

- **ਤਨ ਮਹਿ ਮਨੂਆ ਮਨ ਮਹਿ ਸਾਚਾ॥** (ਅੰਗ 686)

ਸਰੀਰ ਜ਼ਰੂਰ ਨਾਸ਼ਵਾਨ ਹੈ, ਦੇਰ, ਸਬੇਰ ਇਸ ਦਾ ਨਾਸ ਹੋਣ ਵਾਲਾ ਹੈ। ਇਸ ਸਰੀਰ ਨੂੰ ਸਾੜ ਜਾਂ ਦਬਾ ਦਿੱਤਾ ਜਾਏਗਾ। ਜੇ ਕੋਈ ਪਾਰਸੀ ਹੋਇਆ ਤਾਂ ਉਸ ਦਾ ਸਰੀਰ ਤੇਲ ਲਾ ਕੇ ਨੰਗਾ ਗਿੱਧਾਂ ਦੇ ਖਾਣ ਲਈ ਖੁਲ੍ਹੇ ਆਕਾਸ਼ ਵਿਚ ਉੱਚੀ ਥਾਂ ਤੇ ਛੱਡ ਦਿੱਤਾ ਜਾਏਗਾ। ਸਰੀਰ ਨਾਸ਼ਵਾਨ ਹੈ -

- **ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥**
  **ਜਲਿ ਗਇਓ ਘਾਸੁ ਰਲਿ ਗਇਓ ਮਾਟੀ॥** (ਅੰਗ 794)
- ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ॥ (ਅੰਗ 1426)
- ਅਸਥਿਰ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥ (ਅੰਗ 1353)

ਤਨ ਦੇ ਅੰਦਰ ਜਾਂ ਨਾਲ ਜੁੜਿਆ ਹੋਇਆ ਮਨ ਹੈ। ਇਹ ਸਿਰਫ਼ ਵਿਚਾਰਾਂ ਦਾ ਪੁੜਾ ਹੈ। ਵਿਚਾਰ ਹਨ ਤਾਂ ਮਨ ਹੈ, ਵਿਚਾਰ ਨਹੀਂ ਤਾਂ ਮਨ ਨਹੀਂ। ਮਨ ਦਾ ਕੋਈ ਆਕਾਰ ਨਹੀਂ, ਇਹ ਅਦ੍ਰਿਸ਼ਟ ਹੈ। ਪਰ ਹੈ।

- **ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥** (ਅੰਗ 124)

ਮਰਨ ਉਪਰੰਤ ਇਹ ਸਰੀਰ ਨਾਲੋਂ ਅਲਗ ਹੋ ਜਾਂਦਾ ਹੈ ਅਤੇ ਆਪਣੀਆਂ ਅਧੂਰੀਆਂ ਇਛਾਵਾਂ ਦੀ ਪੂਰਤੀ ਲਈ ਨਵਾਂ ਸਰੀਰ ਲੱਭਦਾ ਰਹਿੰਦਾ ਹੈ। ਮਨ ਦੀ ਬਣਤਰ ਵੀ ਸਰੀਰ ਵਾਂਗ ਪੰਜ ਧਾਤੂਆਂ ਦੀ ਹੈ ਅਤੇ ਇਸੇ ਲਈ ਇਹ ਵੀ ਸਰੀਰ ਵਾਂਗ ਨਾਸ਼ਵਾਨ ਹੈ -

- **ਇਹੁ ਮਨੁ ਕਰਮਾ ਇਹ ਮਨ ਧਰਮਾ॥**
  **ਇਹੁ ਮਨੁ ਪੰਚ ਤਤੁ ਤੇ ਜਨਮਾ॥** (ਅੰਗ 415)
- **ਇਹੁ ਮਨੁ ਸਕਤੀ ਇਹੁ ਮਨ ਸੀਉ॥**
- **ਇਹੁ ਮਨੁ ਪੰਚ ਤਤ ਕੋ ਜੀਉ॥** (ਅੰਗ 340)
- **ਜਿਹ ਤੇ ਉਪਜਿਆ ਨਾਨਕਾ ਲੀਨ ਤਾਹਿ ਮੈ ਮਾਨ॥**
- **ਆਤਮ ਮਹਿ ਪਾਰਬ੍ਰਹਮੁ ਲਹੰਤੇ॥** (ਅੰਗ 276)
- **ਆਤਮ ਰਾਮ ਪਛਾਣਿਆ ਸਹਜੇ ਨਾਮਿ ਸਮਾਨੁ॥** (ਅੰਗ 39)

ਸੋ ਸਰੀਰ ਤੇ ਮਨ ਹੀ ਜਾਣਗੇ। ਸਾਡੀ ਆਤਮਾ ਤਾਂ ਪ੍ਰਭੂ ਵਾਂਗ ਅਕਾਰ ਰਹਿਤ ਹੈ ਤੇ ਸਦੀਵੀ ਹੈ (ਨਿਰਾਕਾਰ ਤੇ ਸਦਾ ਸਲਾਮਤ)।

ਕੁਦਰਤਿ ਕਵਣ ਕਹਾ ਵੀਚਾਰੁ (ਪੁਸਤਕ)
-ਸ. ਪਰਮਜੀਤ ਸਿੰਘ ਠਕਰਾਲਦਾਦੀਦ

# ਹਰਮੀਤ ਸਿੰਘ ਕਾਲਕਾ ਪ੍ਰਧਾਨ ਤੇ ਜਗਦੀਪ ਸਿੰਘ ਕਾਹਲੋਂ ਜਨਰਲ ਸਕੱਤਰ ਬਣੇ

## ਸਰਗਰਮੀਆਂ.......

ਧਰਮ ਪ੍ਰਚਾਰ ਕਮੇਟੀ ਤੇ ਦਿੱ.ਸਿੱ.ਗੁ.ਪ੍ਰ. ਕਮੇਟੀ



## ਹਰਵਿੰਦਰ ਸਿੰਘ ਕੇ.ਪੀ. ਸੀਨੀਅਰ ਮੀਤ ਪ੍ਰਧਾਨ, ਆਤਮਾ ਸਿੰਘ ਲੁਬਾਣਾ ਮੀਤ ਪ੍ਰਧਾਨ ਤੇ ਜਸਮੇਨ ਸਿੰਘ ਨੋਨੀ ਜਾਇੰਟ ਸਕੱਤਰ ਥਾਪੇ ਗਏ









ਜਨਰਲ ਇਜਲਾਸ ਤੋਂ ਬਾਅਦ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਅਗਵਾਈ 'ਚ ਹੋਈ ਅੰਤ੍ਰਿੰਗ ਬੋਰਡ ਦੀ ਮੀਟਿੰਗ ਦੇ ਦ੍ਰਿਸ਼ ।



ਕਾਨਫਰੰਸ ਹਾਲ, ਗੁਰੂ ਗੋਬਿੰਦ ਸਿੰਘ ਭਵਨ, ਗੁ: ਰਕਾਬ ਗੰਜ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਕਰਵਾਏ ਗਏ ਜਨਰਲ ਇਜਲਾਸ ਦੌਰਾਨ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਕਮੇਟੀ ਮੈਂਬਰ ।









ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਤਰਿਮ ਬੋਰਡ ਦੀ ਚੋਣ ਵੇਲੇ ਜਨਰਲ ਇਜਲਾਸ ਦੌਰਾਨ ਵਿਰੋਧੀ ਧਿਰ ਦੇ ਧੜੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕਰਨ ਦੇ ਮਾਮਲੇ 'ਚ ਪਸ਼ਚਾਤਾਪ ਵਜੋਂ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਹਾਜ਼ਰੀਆਂ ਭਰਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਅਤੇ ਹੋਰ ਮੈਂਬਰ ਸਾਹਿਬਾਨ।

# ਸਰਨਾਂ ਭਰਾਵਾਂ ਅਤੇ ਜੀ.ਕੇ. ਧੜੇ ਵਲੋਂ ਕੀਤੀ ਹੁੱਲੜਬਾਜ਼ੀ ਦੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੀਤੀ ਸ਼ਿਕਾਇਤ



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਤਰਿਮ ਬੋਰਡ ਦੀ ਚੋਣ ਵੇਲੇ ਜਨਰਲ ਇਜਲਾਸ ਵਿਚ ਸਰਨਾ ਭਰਾਵਾਂ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਦੀ ਸ਼ਮੂਲੀਅਤ ਵਾਲੀ ਵਿਰੋਧੀ ਧਿਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੁਲੜਬਾਜ਼ੀ ਕਰ ਕੇ ਗੁਰੂ ਸਾਹਿਬ ਦੀ ਬੇਅਦਬੀ ਕਰਨ ਦੀ ਸ਼ਿਕਾਇਤ ਜਥੇਦਾਰ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਕੀਤੀ ਹੈ ਤੇ ਮਾਮਲੇ ਦੀ ਸਾਰੀ ਵੀਡੀਓ ਰਿਕਾਰਡਿੰਗ ਮੰਗਵਾ ਕੇ ਦੋਸ਼ੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ ਹੈ। ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਵਿਰੋਧੀ ਧਿਰ ਨੇ ਚੋਣ ਪ੍ਰਕਿਰਿਆ ਰੋਕਣ ਵਾਸਤੇ ਪੂਰੀ ਵਾਹ ਲਗਾਈ। ਪੋਲਿੰਗ ਬੂਥ ਤੇ ਬੈਲਟ ਪੇਪਰਾਂ ਸਮੇਤ ਸਾਰੇ ਸਮਾਨ 'ਤੇ ਕਬਜ਼ਾ ਕਰ ਲਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੁਲੜਬਾਜ਼ੀ ਕਰ ਕੇ ਮਰਿਆਦਾ ਭੰਗ ਕੀਤੀ ਜਿਸ ਨਾਲ ਸਮੁੱਚੀ ਕੌਮ ਸ਼ਰਮਸ਼ਾਰ ਹੋਈ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸੱਚ ਸੰਗਤਾਂ ਦੇ ਸਾਹਮਣੇ ਆਉਣਾ ਬਹੁਤ ਜ਼ਰੂਰੀ ਹੈ।

ਸ. ਕਾਲਕਾ ਨੇ ਦੱਸਿਆ ਕਿ ਪਹਿਲਾਂ ਕੀਤੇ ਐਲਾਨ ਮੁਤਾਬਕ ਦਿੱਲੀ ਕਮੇਟੀ ਦੇ ਸਾਰੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚ 1 ਅਪ੍ਰੈਲ 2022 ਤੋਂ ਸਮਾਰਟ ਕਲਾਸਾਂ ਸ਼ੁਰੂ ਹੋਣਗੀਆਂ। ਬਾਲਾ ਸਾਹਿਬ ਹਸਪਤਾਲ ਬਾਰੇ ਉਹਨਾਂ ਕਿਹਾ ਕਿ ਇਹ ਵੱਡਾ ਪ੍ਰਾਜੈਕਟ ਹੈ ਜੋ ਪੜਾਅਵਾਰ ਸ਼ੁਰੂ ਕੀਤਾ ਜਾਵੇਗਾ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਨਵੰਬਰ 2021 (ਆਮਦਨ ਭਾਗ)

| ਅਕਾਊਂਟਸ ਖਰਚ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁ: ਪੀਪਲ ਮਹਾਦੇਵ ਸਾਹਿਬ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | 56000 | 1244379 | 198200 | 29293432 | 30191 | --- | 5200 | 806 | --- | 94647 | 2388 | 2280559 | 6519553 | --- | 3982600 | 25802 | --- | 11891554 | --- | --- | --- | --- |
| ਲੰਗਰ | 7000 | 91928 | 2200 | 12185106 | 24566 | 224546 | --- | 3850 | 3306 | 173370 | 55162 | 958335 | 1373534 | --- | 1305960 | 2420 | 15460 | 2672285 | --- | --- | --- | --- |
| ਪ੍ਰਸ਼ਾਦਿ | --- | 412581 | 36574 | 10980231 | 21901 | 436179 | 800 | 7725 | 39200 | 816688 | 72254 | 1009167 | 2508641 | --- | 1483593 | 5150 | 1900 | 3909383 | --- | --- | --- | --- |
| ਸ੍ਰੀ ਆਖੰਡ ਪਾਠ | --- | 109800 | --- | 2000800 | 36600 | 73200 | 24400 | 18300 | 30500 | 30500 | 18300 | 244000 | 427000 | --- | 250100 | 6100 | 18300 | 988200 | --- | --- | --- | --- |
| ਕਿਊ.ਐਮ.ਸੀ. | 875 | 24329 | 645 | --- | 690 | 3057 | 550 | 780 | 1455 | 9640 | 13063 | 7148 | 16387 | 300 | 34246 | 750 | --- | 20222 | --- | --- | --- | --- |
| ਸਰਾਂ | --- | 7600 | --- | 1360800 | --- | 54000 | --- | --- | --- | 61500 | --- | 628150 | --- | --- | 247700 | --- | --- | 502645 | --- | --- | --- | --- |
| ਬਿਲਡਿੰਗ | --- | 10000 | 500 | 391702 | 3100 | 2000 | --- | --- | --- | --- | 25100 | 701 | --- | --- | 43110 | --- | --- | --- | --- | --- | --- | --- |
| ਫੁਟਕਲ | --- | 563 | --- | 579311 | --- | --- | --- | --- | --- | --- | --- | 674 | --- | --- | 22464 | --- | --- | 294243 | --- | --- | 429793 | --- |
| ਅਨੰਦ ਕਾਰਜ ਭੇਟਾ | --- | --- | --- | --- | --- | 18300 | --- | --- | --- | --- | --- | --- | 77100 | --- | 969500 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1922100 | --- | --- | --- |
| ਸੇਬਟ੍ਰਾਲਾਈਜ ਡੋਨੇਸ਼ਨ | --- | --- | --- | 10484292 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ/ਜੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 180250 | --- | --- | --- |
| ਮੈਡੀਕਲ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4863954 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਗੁ. ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 7759 | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2160 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 30955 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1202088 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 684550 | --- | --- | --- |
| ਪਿੰਨੀ ਪ੍ਰਸ਼ਾਦ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 493000 | --- | --- | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 41450 | --- | --- | --- |
| ਜੋੜ | 63875 | 1901180 | 238119 | 67275674 | 117048 | 811282 | 30950 | 31461 | 74461 | 1186345 | 186267 | 5128734 | 10922215 | 300 | 8339273 | 40222 | 35660 | 20278532 | 4564312 | 4863954 | 429793 | --- |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਨਵੰਬਰ 2021 (ਖਰਚ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਉ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 10502 | 455715 | 26912 | 4521999 | 15220 | 102228 | 3131 | 40491 | 11908 | 263304 | 111513 | 593239 | 1665869 | --- | 1333690 | 5717 | 4677 | 2008245 | --- | --- | --- | --- |
| ਪ੍ਰਸ਼ਾਦਿ/ਪ੍ਰਸ਼ਾਦਿ ਹਜ਼ੂਰੀ | --- | 264419 | 13185 | 4175914 | 6000 | 385298 | --- | 22830 | 12000 | 486819 | 36490 | 328490 | 950786 | --- | 514256 | 16120 | 7185 | 2811689 | --- | --- | --- | --- |
| ਸ੍ਰੀ ਆਖੰਡ ਪਾਠ | --- | 137469 | 4800 | 1269923 | 19200 | 36596 | 19200 | 4800 | 14400 | 58915 | 29128 | 190073 | 145262 | --- | 437138 | --- | 14400 | 680103 | --- | --- | --- | --- |
| ਬਿਜਲੀ / ਪਾਣੀ | 21950 | 530218 | 10450 | 4497911 | 27620 | 92110 | 4070 | 9040 | 40520 | 141090 | 42467 | 298900 | 859812 | --- | 751222 | 29260 | 9170 | 1153007 | --- | --- | --- | --- |
| ਫੁਟਕਲ | 46583 | 142618 | 135613 | 632008 | 1408 | 45589 | 24973 | --- | 12210 | 121195 | 79010 | 190785 | 457339 | --- | 410908 | 22773 | 24941 | 205731 | --- | --- | --- | --- |
| ਟੈਲੀਫੋਨ | --- | 667 | --- | 8925 | 667 | --- | --- | --- | 667 | 1102 | 671 | 984 | 2166 | --- | 2778 | --- | --- | 667 | --- | --- | --- | --- |
| ਸਫਾਈ ਤੇ ਰੱਖਰਖਾਵ | 5900 | 73595 | 1393 | 779960 | --- | 142213 | --- | --- | --- | 70800 | 71424 | 176508 | 177000 | --- | 807097 | --- | 389 | 429883 | --- | --- | --- | --- |
| ਕਨਵੈਂਸ ਚਾਰਜਿਸ | 1800 | 1800 | 1770 | 3500 | 500 | --- | --- | 300 | 5000 | 950 | --- | 600 | 1950 | --- | 1300 | 850 | 1000 | 2750 | --- | --- | --- | --- |
| ਬਿਲਡਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 993492 | --- | --- |
| ਰਿਪੇਅਰ ਤੇ ਰੱਖਰਖਾਵ | 2270 | 273392 | 2882 | 458655 | --- | 23080 | --- | 1620 | 22200 | 24645 | 123960 | 42060 | 253972 | --- | 1608391 | 32 | --- | 33150 | --- | --- | --- | 45160 |
| ਕੋਵਿਡ-19 ਪੈਨਸ਼ਨ ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 642500 | --- | --- | --- |
| ਕਿਰਾਇਆ ਸਾਊਂਡ ਸਿਸਟਮ | --- | --- | 16400 | --- | --- | --- | --- | --- | 18300 | --- | --- | --- | --- | --- | --- | --- | --- | --- | --- | --- | --- | --- |
| ਕਿਰਾਇਆ ਟੈਂਟ | 1500 | --- | --- | 1148319 | --- | --- | --- | --- | --- | 44900 | --- | --- | 147940 | --- | --- | --- | --- | --- | --- | --- | --- | --- |
| 1984 ਦੰਗਾ ਪੀੜ੍ਹਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2816017 | --- | --- | --- |
| 1984 ਸਿੱਖ ਕਤਲੇਆਮ ਯਾਦਗਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 150 | --- | --- | --- |
| ਐਡਵਰਟਾਇਜ਼ਮੈਂਟ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 299352 | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 25275 | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1793516 |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 900178 | --- | --- | --- |
| ਗੁ: ਬਾਬਾ ਬੁੱਢਾ ਜੀ TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 75957 | --- | --- | --- |
| ਗੁ: ਬੈਕੁੰਠ ਧਾਮ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1472 | --- | --- | --- |
| ਗੁ: ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 35878 | --- | --- | --- |
| ਗੁ: ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 19910 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 119374 | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 13166803 | --- | --- | --- |
| ਸਹਾਇਤਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2028589 | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਜ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1918839 | --- | --- | --- |
| ਮੈਡੀਕਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 25741559 | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1573916 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 10154589 | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2130727 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 159417 | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 51952 | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 493871 | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 697766 | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 158303 | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 36872219 | --- | --- | --- |
| ਸੋਲਰ ਸਿਸਟਮ ਪਲਾਂਟ | --- | --- | --- | --- | --- | --- | --- | --- | --- | --- | --- | --- | --- | --- | 546060 | --- | --- | --- | --- | --- | --- | --- |
| ਸਟੀਚਿੰਗ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 72649 | --- | --- | --- |
| ਜੋੜ | 90505 | 1879893 | 213405 | 17497114 | 70615 | 827114 | 51374 | 79081 | 137205 | 1213720 | 494663 | 1821639 | 4662096 | | 6412800 | 74752 | 61762 | 7325225 | 73921832 | 26735051 | 493871 | 1838676 |

Note : The information in this documents in unaudited, therefore these are subject to change without notice and should not be construed as a commitment by DSGMC.

# ਫਰਵਰੀ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ...

1 ਫਰਵਰੀ : * ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਪੀਲ 'ਤੇ ਪੰਥ ਵੱਲੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਦਿਵਸ ਮਨਾਇਆ ਗਿਆ। (1936 ਈਸਵੀ)

* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਇੰਗਲੈਂਡ ਵਿੱਚੋਂ ਹਿੰਦੁਸਤਾਨ ਪਹੁੰਚੇ। (1966 ਈਸਵੀ)

2 ਫਰਵਰੀ : * ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਲੱਖਾਂ ਸਿੰਘਾਂ ਨੇ ਦਿੱਲੀ ਦੇ ਬਜ਼ਾਰਾਂ ਵਿੱਚ ਇੱਕ ਖਾਮੋਸ਼ ਇਕੱਠ ਕੀਤਾ। (1958 ਈਸਵੀ)

* ਬੀਬੀ ਭਾਨੀ ਜੀ ਦਾ ਜਨਮ ਬਾਸਰਕੇ ਵਿਖੇ ਹੋਇਆ। (1534 ਈਸਵੀ)

3 ਫਰਵਰੀ : * ਬਾਬਾ ਰਾਮ ਸਿੰਘ ਜੀ ਨਾਮਧਾਰੀ ਦਾ ਜਨਮ ਹੋਇਆ। (1816 ਈਸਵੀ)

4 ਫਰਵਰੀ : * ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਸਾਕੇ ਦੌਰਾਨ ਭਾਈ ਹੁਕਮ ਸਿੰਘ ਜੀ ਸ਼ਹੀਦ ਹੋਏ। (1921 ਈਸਵੀ)

* ਸਿੰਘਾਂ ਦੀ ਰੁਹੇਲਿਆਂ ਨਾਲ ਜੰਗ ਹੋਈ ਜਿਸ ਵਿੱਚ ਸਿੰਘ ਜੇਤੂ ਹੋਏ। (1764 ਈਸਵੀ)

* ਮੇਲਾ ਕੋਠਾ ਸਾਹਿਬ ਵੱਲਾ (ਅੰਮ੍ਰਿਤਸਰ)

5 ਫਰਵਰੀ : * ਕੁਪਰਹੀੜੇ ਦੇ ਮੈਦਾਨ ਵਿੱਚ ਵੱਡਾ ਘੱਲੂਘਾਰਾ ਵਾਪਰਿਆ ਜਿਸ ਵਿੱਚ 30-40 ਹਜ਼ਾਰ ਸਿੰਘ, ਸਿੰਘਣੀਆਂ, ਬਜ਼ੁਰਗ ਅਤੇ ਬੱਚੇ ਸ਼ਹੀਦ ਹੋਏ। (1762 ਈਸਵੀ)

6 ਫਰਵਰੀ : * ਮਾਸਟਰ ਤਾਰਾ ਸਿੰਘ ਜੀ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਸਤੀਫ਼ਾ ਦਿੱਤਾ। (1944 ਈਸਵੀ)

* ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪ੍ਰਬੰਧ ਸੁਧਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੂਸਰਾ ਸਮਾਗਮ ਹੋਇਆ। (1921 ਈਸਵੀ)

7 ਫਰਵਰੀ : * ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਤ ਫ਼ਤਹਿ ਸਿੰਘ ਜੀ ਨੇ ਕੌਮੀ ਰੱਖਿਆ ਫੰਡ ਲਈ 50,000 ਰੁਪਏ ਦਾ ਚੈਕ ਪੰਡਤ ਜਵਾਹਰ ਲਾਲ ਨਹਿਰੂ ਨੂੰ ਦਿੱਤਾ। (1963 ਈਸਵੀ)

* ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪੰਥਕ ਪ੍ਰਬੰਧ ਹੇਠ ਆਇਆ। (1921 ਈਸਵੀ)

8 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁੱਧ ਮੋਰਚੇ ਦੌਰਾਨ ਪੰਜਾਬ ਬੰਦ ਪੂਰਨ ਸਫ਼ਲ ਰਿਹਾ। (1984 ਈਸਵੀ)

* ਸਿੱਖਾਂ ਅਤੇ ਤੈਮੂਰ ਵਿਚਾਲੇ ਮੁਲਤਾਨ ਦੇ ਨੇੜੇ ਜੰਗ ਹੋਈ। (1780 ਈਸਵੀ)

9 ਫਰਵਰੀ : * ਜਥੇਦਾਰ ਊਧਮ ਸਿੰਘ ਵਰਪਾਲ ਦੀ ਅਗਵਾਈ ਹੇਠ 500 ਸੂਰਬੀਰ ਸਿੰਘਾਂ ਦਾ ਪਹਿਲਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਗੰਗਸਰ ਜੈਤੋ ਲਈ

ਰਵਾਨਾ ਹੋਇਆ। (1924 ਈਸਵੀ)

10 ਫਰਵਰੀ : * ਪੰਜਾਬ ਮਸਲੇ ਬਾਰੇ ਵਿਰੋਧੀ ਪਾਰਟੀਆਂ ਤੇ ਕੇਂਦਰ ਸਰਕਾਰ ਦੀ ਗੱਲਬਾਤ ਨਵੀਂ ਦਿੱਲੀ ਵਿਖੇ ਹੋਈ। (1983 ਈਸਵੀ)

* ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਸਭਰਾਵਾਂ ਦੇ ਅਸਥਾਨ 'ਤੇ ਜੰਗ ਹੋਈ ਜਿਸ ਵਿੱਚ ਸ੍ਰ. ਸ਼ਾਮ ਸਿੰਘ ਅਟਾਰੀ ਵਾਲੇ ਸ਼ਹੀਦ ਹੋਏ। (1846 ਈਸਵੀ)

11 ਫਰਵਰੀ : * ਸਰਬਹਿੰਦ 10 ਵੀਂ ਅਕਾਲੀ ਕਾਨਫਰੰਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਇਕੱਠ ਕੀਤਾ ਗਿਆ ਜਿਸ ਵਿੱਚ 9-10 ਲੱਖ ਸਿੰਘ ਸ਼ਾਮਿਲ ਹੋਏ। (ਸੰਨ 1956 ਈਸਵੀ)

* ਮਹਾਰਾਣੀ ਜ਼ਿੰਦਾਂ ਤੇ ਰਾਜਕੁਮਾਰ ਦਲੀਪ ਸਿੰਘ ਦੀ ਮੁਲਾਕਾਤ ਕਲਕੱਤੇ ਵਿਖੇ ਹੋਈ। (1861 ਈਸਵੀ)

12 ਫਰਵਰੀ : * ਸਰਬ ਹਿੰਦ 10ਵੀਂ ਅਕਾਲੀ ਕਾਨਫਰੰਸ ਬਾਬਾ ਫ਼ਤਹਿ ਸਿੰਘ ਨਗਰ ਅੰਮ੍ਰਿਤਸਰ ਵਿਖੇ ਕੀਤੀ ਗਈ। (1956 ਈਸਵੀ)

* ਸ੍ਰ. ਸ਼ਾਮ ਸਿੰਘ ਅਟਾਰੀ ਦਾ ਸਸਕਾਰ ਅਟਾਰੀ ਵਿਖੇ ਕੀਤਾ ਗਿਆ। (1846 ਈਸਵੀ)

13 ਫਰਵਰੀ : * ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। (1959 ਈਸਵੀ)

14 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਦੀ ਜਨਰਲ ਮੀਟਿੰਗ ਵਿੱਚ ਅਕਾਲੀ ਦਲ ਵੱਲੋਂ ਪ੍ਰਾਂਤਕ ਤੇ ਪਾਰਲੀਮੈਂਟ ਦੀਆਂ ਜਨਰਲ ਚੋਣਾਂ ਵੱਖਰੀ ਰਾਜਨੀਤਕ ਪਾਰਟੀ ਦੇ ਤੌਰ 'ਤੇ ਲੜਨ ਲਈ ਫ਼ੈਸਲਾ ਕੀਤਾ। (1959 ਈਸਵੀ)

* ਕਾਰ ਸੇਵਾ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਸ਼ੁਰੂ ਹੋਈ। (1986 ਈਸਵੀ)

15 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ। (1939 ਈਸਵੀ)

* ਅਹਿਮਦ ਸ਼ਾਹ ਅਬਦਾਲੀ 50 ਗੱਡੇ ਸਿੰਘਾਂ ਦੇ ਸਿਰਾਂ ਦੇ ਭਰ ਕੇ ਲਾਹੌਰ ਪਰਤਿਆ।

16 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਵਿਖੇ ਸਰਬਤ ਖਾਲਸਾ ਸੰਮੇਲਨ ਬੁਲਾਇਆ ਗਿਆ। (1986 ਈਸਵੀ)

* ਭਾਈ ਹਕੀਕਤ ਰਾਏ ਜੀ ਲਾਹੌਰ ਵਿਖੇ ਸ਼ਹੀਦ ਕੀਤੇ ਗਏ। (1737 ਈਸਵੀ)

17 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਵੱਲੋਂ ਜਸਟਿਸ ਗੁਰਨਾਮ ਸਿੰਘ ਦੂਸਰੀ ਵਾਰ ਅਕਾਲੀ ਸਰਕਾਰ ਪੰਜਾਬ ਦੇ ਮੁੱਖ ਮੰਤਰੀ ਬਣੇ। (1969 ਈਸਵੀ)

* ਸੀ.ਆਰ.ਪੀ.ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਗੋਲੀ ਚਲਾ ਕੇ ਤਿੰਨ ਸ਼ਰਧਾਲੂ ਸ਼ਹੀਦ ਕੀਤੇ ਗਏ। (1984 ਈਸਵੀ)

18 ਫਰਵਰੀ : * ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਬੰਧ ਸੰਭਾਲਿਆ। (1923 ਈਸਵੀ)

* ਅਦੀਨਾ ਬੇਗ ਨੇ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਸਮੇਂ ਇਕੱਠੇ ਹੋਏ ਸਿੰਘਾਂ 'ਤੇ ਅਚਾਨਕ ਹਮਲਾ ਕਰਕੇ ਸਿੰਘਾਂ ਦਾ ਭਾਰੀ ਨੁਕਸਾਨ ਕੀਤਾ।

(1753 ਈਸਵੀ)

19 ਫਰਵਰੀ : * ਅਜ਼ਾਦ ਭਾਰਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਨਰੇਲਾ ਸਟੇਸ਼ਨ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ। (1949 ਈਸਵੀ)

* ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ। (1922 ਈਸਵੀ)

20 ਫਰਵਰੀ : * ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ ਤੇ ਸੈਂਕੜੇ ਸਿੰਘ ਸ਼ਹੀਦੀ ਪਾ ਗਏ। (1921 ਈਸਵੀ)

* ਖਾਲਸਾ ਫ਼ੌਜਾਂ ਨੇ ਸਹਾਰਨਪੁਰ 'ਤੇ ਕਬਜ਼ਾ ਕੀਤਾ। (1764 ਈਸਵੀ)

21 ਫਰਵਰੀ : * ਗੰਗਸਰ ਜੈਤੋ ਦਾ ਸਾਕਾ ਵਾਪਰਿਆ ਜਿਸ ਵਿੱਚ ਅੰਗ੍ਰੇਜ਼ ਸਰਕਾਰ ਵੱਲੋਂ ਪਹਿਲੇ ਸ਼ਹੀਦੀ ਜੱਥੇ 'ਤੇ ਦੋ ਵਾਰ ਗੋਲੀ ਚਲਾਈ। (1924 ਈਸਵੀ)

22 ਫਰਵਰੀ : * ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ। (1921 ਈਸਵੀ)

* ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ੍ਰ. ਹਰਬੰਸ ਸਿੰਘ ਅਟਾਰੀ ਦੀ ਪ੍ਰਧਾਨਗੀ ਹੇਠ ਸੰਭਾਲਿਆ। (1921 ਈਸਵੀ)

23 ਫਰਵਰੀ : * ਗਿਆਨੀ ਕਰਤਾਰ ਸਿੰਘ ਰਿਜ਼ਨਲ ਕੌਂਸਲ ਬਾਰੇ ਮੌਲਾਨਾ ਅਜ਼ਾਦ ਨੂੰ ਮਿਲੇ। (1956 ਈਸਵੀ)

* ਗੁਰਦੁਆਰਾ ਸਾਹਿਬ ਲਲਿਆਣੀ ਜ਼ਿਲ੍ਹਾ ਲਾਹੌਰ ਵਿਖੇ ਮਹੰਤਾਂ ਨੂੰ ਕੱਢ ਕੇ ਸਿੰਘਾਂ ਨੇ ਪ੍ਰਬੰਧ ਸੰਭਾਲਿਆ। (1921 ਈਸਵੀ)

24 ਫਰਵਰੀ : * ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰ. ਤੇਜਾ ਸਿੰਘ ਸਮੁੰਦਰੀ ਦੇ ਨਾਮ 'ਤੇ ਤੇਜਾ ਸਿੰਘ ਸਮੁੰਦਰੀ ਹਾਲ ਬਨਾਉਣ ਲਈ ਮਤਾ ਪਾਸ ਕੀਤਾ ਗਿਆ। (ਸੰਨ 1936 ਈਸਵੀ)

25 ਫਰਵਰੀ : * ਅਕਾਲੀ ਸਿੰਘਾਂ ਨੇ ਗੁਰਦੁਆਰਾ ਹੇਰ ਜ਼ਿਲ੍ਹਾ ਲਾਹੌਰ ਵਿਖੇ ਮਹੰਤਾਂ ਨੂੰ ਕੱਢ ਕੇ ਪ੍ਰਬੰਧ ਸੰਭਾਲਿਆ। (1921 ਈਸਵੀ)

* ਅਕਾਲੀ ਫੂਲਾ ਸਿੰਘ ਜੀ ਦੀ ਕਮਾਨ ਹੇਠ ਅਕਾਲੀ ਫ਼ੌਜਾਂ ਦੀ ਅੰਮ੍ਰਿਤਸਰ ਵਿੱਚ ਮੈਟਕਾਫ ਦੇ ਮੁਸਲਮਾਨ ਅੰਗ ਰੱਖਿਅਕਾਂ ਨਾਲ ਲੜਾਈ ਹੋਈ। (1809 ਈਸਵੀ)


26 ਫਰਵਰੀ : * ਸ਼੍ਰੋਮਣੀ ਅਕਾਲੀ ਦਲ ਵੱਲੋਂ 17ਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਜਲੰਧਰ ਵਿਖੇ ਹੋਈ। (1966 ਈਸਵੀ)

27 ਫਰਵਰੀ : * ਲਾਹੌਰ ਜੇਲ੍ਹ ਵਿੱਚ 6 ਬੱਬਰ ਅਕਾਲੀ ਸਿੰਘਾਂ ਨੂੰ ਫਾਂਸੀ 'ਤੇ ਚਾੜ੍ਹਿਆ ਗਿਆ। (1926 ਈਸਵੀ)

28 ਫਰਵਰੀ : * ਅਕਾਲੀ ਸਿੰਘਾਂ ਨੇ ਗੁਰਦੁਆਰਾ ਸਾਹਿਬ ਐਮਨਾਬਾਦ (ਗੁਜਰਾਂਵਾਲਾ) ਵਿਖੇ ਮਹੰਤਾਂ ਨੂੰ ਕੱਢ ਕੇ ਪ੍ਰਬੰਧ ਸੰਭਾਲਿਆ। (1921 ਈਸਵੀ)

* ਗੰਗਸਰ ਜੈਤੋ ਲਈ ਸ੍ਰ. ਇੰਦਰ ਸਿੰਘ ਪਿੰਡ ਮਿਰਜ਼ਾ ਜ਼ਿਲ੍ਹਾ ਸਿਆਲਕੋਟ ਦੀ ਅਗਵਾਈ ਹੇਠ 500 ਸਿੰਘਾਂ ਦਾ ਦੂਸਰਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਤੋਰਿਆ ਗਿਆ। (1924 ਈਸਵੀ)

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਧਰਮਿੰਦਰ ਸਿੰਘ ਜਨਰਲ ਮੈਨੇਜਰ, ਪ੍ਰਿੰਟਰ ਤੇ ਪਬਲੀਸ਼ਰ ਨੇ ਗੁਰ ਉਪਦੇਸ਼ ਪ੍ਰਿੰਟਰਜ਼, ਗੁਰੂ ਗ੍ਰੰਥ ਸਾਹਿਬ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਕੰਪੋਜ਼ ਕਰਵਾ ਅਤੇ ਛਪਵਾ ਕੇ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001 ਤੋਂ ਪ੍ਰਕਾਸ਼ਤ ਕੀਤਾ।








**ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ**
**ਠੱਠਾ, ਸ੍ਰੀ ਅੰਮ੍ਰਿਤਸਰ**

**ਗੁਰਦੁਆਰਾ ਖਡੂਰ ਸਾਹਿਬ**

Sis Ganj
Published : February 1, 2022
Posting : 5-10 February 2022, LPC, Delhi RMS
Delhi-110006
FABRUARY 2022

DL (ND)-11/6040/2021-22-2023
U(C)-224/2021-23
RNI 10622/64

